

ਪੰਥ ਸੇਵਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

ਰੂਪ ਸਿੰਘ

ਸਿੱਖ-ਪੰਥ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਅਤੇ ਵਿਕਾਸ ਦਾ ਇਤਿਹਾਸ ਬੜਾ ਹੀ ਮਾਣਮੱਤਾ ਹੈ। ਬਾਲਗ ਸਿੱਖ ਵੋਟਾਂ ਦੁਆਰਾ ਚੁਣੇ ਗਏ ਇਸ ਦੇ ਮੈਂਬਰ ਸਾਹਿਬਾਨ ਆਪਣੀ ਨੁਮਾਇੰਦਗੀ ਵਾਲੇ ਖੇਤਰ ਵਿਚ ਗੁਰੂ ਨਾਨਕ ਪਾਤਸ਼ਾਹ ਦੁਆਰਾ ਬਖ਼ਸ਼ੀ ਸਿੱਖੀ ਜੀਵਨ-ਜਾਚ ਦੀ ਮਹਿਕ ਨੂੰ ਫੈਲਾਉਣ ਦੀ ਮਹਾਨ ਜ਼ਿੰਮੇਵਾਰੀ ਨਿਬਾਹੁੰਦੇ ਹਨ। ਇਸ ਸਿੱਖ ਸੰਸਥਾ ਦੀਆਂ ਨਿਯਮਿਤ ਇਕੱਤਰਤਾਵਾਂ ਸਮੇਂ-ਸਮੇਂ ਹੁੰਦੀਆਂ ਹਨ। ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਅਤੇ ਗੁਰਬਾਣੀ ਤੇ ਗੁਰਮਤਿ ਅਸੂਲਾਂ ਦੇ ਪਾਸਾਰ ਹਿੱਤ ਇਹ ਵੱਧ ਤੋਂ ਵੱਧ ਯਤਨ ਕਰਦੀ ਹੈ। ਸਮੁੱਚੇ ਕਾਰਜ ਨੂੰ ਵਧੇਰੇ ਨਿਯਮਿਤ ਤੇ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਚੁਣੇ ਗਏ ਮੈਂਬਰ ਸਾਹਿਬਾਨ ਇਕ ਸਾਲ ਵਾਸਤੇ ਹਰ ਵਰ੍ਹੇ ਆਪਣਾ ਇਕ ਆਗੂ ਜਾਂ ਮੁਖੀਆ ਚੁਣ ਲੈਂਦੇ ਹਨ, ਜੋ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਖਵਾਉਂਦਾ ਹੈ। ਇਹ ਇਕ ਬਹੁਤ ਹੀ ਜ਼ਿੰਮੇਵਾਰੀ ਵਾਲਾ ਰੁਤਬਾ ਹੈ, ਜੋ ਗੁਰੂ ਦੀ ਮਿਹਰ-ਬਖ਼ਸ਼ਿਸ਼ ਨਾਲ ਗੁਰੂ-ਪੰਥ ਵੱਲੋਂ ਕਿਸੇ ਗੁਰਸਿੱਖ ਨੂੰ ਗੁਣਾਂ ਦੀ ਕਸੌਟੀ 'ਤੇ ਪਰਖਦਿਆਂ ਬਖ਼ਸ਼ਿਆ ਜਾਂਦਾ ਹੈ।

ਇਸ ਪੁਸਤਕ ਵਿਚ ਵਿਦਵਾਨ ਲੇਖਕ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੁਣ ਤਕ ਵਿਭਿੰਨ ਸਮਿਆਂ 'ਤੇ ਪ੍ਰਧਾਨ ਸਾਹਿਬਾਨ ਦੇ ਤੌਰ 'ਤੇ ਕਾਰਜ ਕਰਨ ਦਾ ਮਾਣ ਹਾਸਲ ਕਰਨ ਵਾਲੀਆਂ ਗੁਰੂ-ਸੁਆਰੀਆਂ ਸ਼ਖ਼ਸੀਅਤਾਂ ਦੇ ਜੀਵਨ ਤੇ ਵਿਅਕਤਿਤਵ ਨੂੰ ਕਲਮਬੰਦ ਕਰਨ ਦਾ ਉੱਦਮ ਕੀਤਾ ਹੈ। ਪ੍ਰਾਥਮਿਕ ਸਰੋਤਾਂ ਤਕ ਰਸਾਈ ਕਰ ਕੇ ਲਿਖੀ ਇਹ ਪੁਸਤਕ ਤਤਕਾਲੀਨ ਪੰਥਕ ਗਤੀਵਿਧੀਆਂ ਬਾਰੇ ਇਕ ਪ੍ਰਮਾਣਿਕ ਦਸਤਾਵੇਜ਼ ਦਾ ਦਰਜਾ ਰੱਖਦੀ ਹੈ।

ਪੰਥ ਸੇਵਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਦੇ ਪ੍ਰਧਾਨ

ਏਸੇ ਕਲਮ ਤੋਂ :

- *ਸਿੱਖ ਧਰਮ ਮੂਲ ਸਿਧਾਂਤ : ਜਾਣ ਪਹਿਚਾਣ (ਬੱਚਿਆਂ ਵਾਸਤੇ)*
- *ਗੁਰਦੁਆਰੇ ਗੁਰਧਾਮ*
- *ਹੁਕਮਨਾਮੇ ਆਦੇਸ਼ ਸੰਦੇਸ਼...*
- *ਸੋ ਥਾਨੁ ਸੁਹਾਵਾ*
- *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*
- *ਸੇ ਭਗਤ ਸਤਿਗੁਰ ਮਨ ਭਾਇ*
- *ਸ੍ਰੀ ਗੁਰੂ ਅੰਗਦ ਦੇਵ ਜੀ (ਸਚਿੱਤਰ ਜੀਵਨੀ)*
- *ਮਾਨਵਤਾ ਦਾ ਸਰਬ-ਸਾਂਝਾ ਧਰਮ ਮੰਦਰ : ਸ੍ਰੀ ਹਰਿਮੰਦਰ ਸਾਹਿਬ*

ਪੰਥ ਸੇਵਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

ਰੂਪ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

PANTH SEWAK :
SHIROMANI COMMITTEE DE PARDHAN
[Life Sketches and Contributions of the Presidents of SGPC]
by
ROOP SINGH

ISBN 81-7205-449-1

ਪਹਿਲੀ ਵਾਰ ਮਾਰਚ 2010

ਮੁੱਲ : 200-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਗੁਰੂ ਗ੍ਰੰਥ, ਗੁਰੂ ਪੰਥ ਨੂੰ ਸਮਰਪਿਤ ਸਿੱਖ ਸ਼ਖ਼ਸੀਅਤਾਂ ਦੇ ਨਾਂ
ਜਿਨ੍ਹਾਂ ਨੇ ਸ਼੍ਰੋਮਣੀ ਸਿੱਖ ਸੰਸਥਾ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
ਦੀ ਸਿਰਜਣਾ ਲਈ ਸੀਸ ਭੇਂਟ ਕੀਤੇ,
ਸੰਘਰਸ਼ ਕੀਤਾ,
ਵਿਕਾਸ ਤੇ ਸਿਰਦਾਰੀ ਨੂੰ ਕਾਇਮ ਰੱਖਣ ਵਾਸਤੇ
ਮਨ-ਬਚ-ਕਰਮ ਤੋਂ ਯੋਗਦਾਨ ਪਾਇਆ
ਤੇ
ਪਾ ਰਹੇ ਹਨ !

ਤਤਕਰਾ

ੴ ਵਾਹਿਗੁਰੂ ਜੀ ਕੀ ਫ਼ਤਹਿ॥

ਅਵਤਾਰ ਸਿੰਘ
ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ - 143 006

ਸੰਦੇਸ਼

ਸਿੱਖ-ਪੰਥ ਦੀ ਪ੍ਰਤਿਨਿਧ ਸੰਸਥਾ ਜਿਸ ਦੀ ਸਥਾਪਨਾ ਅਤੇ ਵਿਕਾਸ ਦਾ ਇਤਿਹਾਸ ਬੜਾ ਹੀ ਮਾਣਮੱਤਾ ਹੈ, ਇਸ ਨੇ ਸਿੱਖ ਮਤ-ਦਾਨ ਦੁਆਰਾ ਚੁਣੇ ਜਾਣ ਦੀ ਪ੍ਰਕ੍ਰਿਆ ਨੂੰ ਅਪਣਾਇਆ। ਇਸ ਦੇ ਚੁਣੇ ਗਏ ਮੈਂਬਰ ਸਾਹਿਬਾਨ ਆਪਣੇ ਆਪਣੇ ਨਿਰਧਾਰਤ ਖੇਤਰ ਜਿਸ ਦੀ ਉਹ ਨੁਮਾਇੰਦਗੀ ਕਰਦੇ ਹਨ, ਗੁਰੂ ਨਾਨਕ ਪਾਤਸ਼ਾਹ ਦੁਆਰਾ ਬਖ਼ਸ਼ੀ ਸਿੱਖੀ ਜੀਵਨ-ਜਾਚ ਦੀ ਮਹਿਕ ਨੂੰ ਫੈਲਾਉਣ ਦੀ ਮਹਾਨ ਜ਼ਿੰਮੇਵਾਰੀ ਨਿਭਾਹੁੰਦੇ ਹਨ। ਇਸ ਸਿੱਖ ਸੰਸਥਾ ਦੀਆਂ ਨਿਯਮਿਤ ਇਕੱਤਰਤਾਵਾਂ ਸਮੇਂ ਸਮੇਂ ਹੁੰਦੀਆਂ ਹਨ। ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਅਤੇ ਗੁਰਬਾਣੀ ਤੇ ਗੁਰਮਤਿ ਅਸੂਲਾਂ ਦੇ ਪਾਸਾਰ ਹਿੱਤ ਇਹ ਵੱਧ ਤੋਂ ਵੱਧ ਯਤਨ ਕਰਦੀ ਹੈ। ਸਮੁੱਚੇ ਕਾਰਜ ਨੂੰ ਵਧੇਰੇ ਨਿਯਮਿਤ ਤੇ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਚੁਣੇ ਗਏ ਮੈਂਬਰ ਸਾਹਿਬਾਨ ਇਕ ਸਾਲ ਵਾਸਤੇ ਹਰ ਵਰ੍ਹੇ ਆਪਣਾ ਇਕ ਆਗੂ ਜਾਂ ਮੁਖੀਆ ਚੁਣ ਲੈਂਦੇ ਹਨ, ਜੋ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਖਵਾਉਂਦਾ ਹੈ। ਇਹ ਇਕ ਬਹੁਤ ਹੀ ਜ਼ਿੰਮੇਵਾਰੀ ਵਾਲਾ ਰੁਤਬਾ ਹੈ, ਜੋ ਗੁਰੂ ਦੀ ਮਿਹਰ-ਬਖ਼ਸ਼ਿਸ਼ ਨਾਲ ਗੁਰੂ-ਪੰਥ ਵੱਲੋਂ ਕਿਸੇ ਗੁਰਸਿੱਖ ਨੂੰ ਗੁਣਾਂ ਦੀ ਕਸੌਟੀ 'ਤੇ ਪਰਖਦਿਆਂ ਬਖ਼ਸ਼ਿਆ ਜਾਂਦਾ ਹੈ।

ਖ਼ੁਸ਼ੀ ਤੇ ਤਸੱਲੀ ਵਾਲੀ ਗੱਲ ਹੈ ਕਿ ਮੇਰੇ ਬਹੁਤ ਹੀ ਅਜ਼ੀਜ਼ ਅਤੇ ਸਿੱਖ-ਪੰਥ ਦੀ ਹਰ ਮੈਦਾਨ ਫ਼ਤਹਿ ਤੇ ਸਦਾ ਚੜ੍ਹਦੀ ਕਲਾ ਦੀ ਉਤਸੁਕ ਚਾਅ ਰੱਖਣ ਵਾਲੇ ਗੁਰਸਿੱਖ ਲੇਖਕ ਸ. ਰੂਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੁਣ ਤਕ ਵਿਭਿੰਨ ਸਮਿਆਂ 'ਤੇ ਪ੍ਰਧਾਨ ਸਾਹਿਬਾਨ ਦੇ ਤੌਰ 'ਤੇ ਕਾਰਜ ਕਰਨ ਦਾ ਮਾਣ ਹਾਸਲ ਕਰਨ ਵਾਲੀਆਂ ਗੁਰੂ-ਸੁਆਰੀਆਂ ਸ਼ਖ਼ਸੀਅਤਾਂ ਦੇ ਜੀਵਨ ਤੇ ਵਿਅਕਤਿਤਵ ਕਲਮਬੰਦ ਕਰਨ ਦਾ ਉੱਦਮ ਕੀਤਾ ਹੈ।

ਇਹ ਹੱਥਲੀ ਪੁਸਤਕ ਸ. ਰੂਪ ਸਿੰਘ ਦਾ ਬਹੁਤ ਹੀ ਵਧੀਆ ਉਪਰਾਲਾ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2005 ਈ. ਵਿਚ *ਜੀਵਨ ਬਿਓਰਾ ਮੈਂਬਰ ਸਾਹਿਬਾਨ* ਪੁਸਤਕ ਨੂੰ ਸਮੂਰਤ ਕਰ ਕੇ ਪ੍ਰਕਾਸ਼ਤ

ਫ਼ੋਨ ਦਫ਼ਤਰ +91 183 255 3950, ਫ਼ੈਕਸ +91 183 255 3919, ਮੋਬਾਇਲ 98558 95558
e-mail: sgpc@vsnl.com webside: www.sgpc.net

ਕਰਵਾਇਆ। ਇਸ ਪੁਸਤਕ ਨੂੰ ਉਸ ਪ੍ਰਕਾਸ਼ਤ ਕੀਤੀ ਜਾ ਚੁੱਕੀ ਪੁਸਤਕ ਦੀ ਇਕ ਅਗਲੀ ਕੜੀ ਦੇ ਰੂਪ ਵਿਚ ਲਿਆ ਜਾ ਸਕਦਾ ਹੈ। ਸੰਜੀਦਾ ਇਤਿਹਾਸਕਾਰ ਤੇ ਲੇਖਕ ਸਮੇਂ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਭਿੰਨ ਪੱਖਾਂ ਸੰਬੰਧੀ ਚਿੰਤਨ ਕਰਦੇ ਆ ਰਹੇ ਹਨ। ਸੰਸਥਾ ਤੇ ਇਸ ਦੇ ਕਾਰਜਾਂ ਤੇ ਪ੍ਰਾਪਤੀਆਂ ਸੰਬੰਧੀ ਕੁਝ ਇਕ ਪੁਸਤਕਾਂ ਵੀ ਜ਼ਰੂਰ ਪ੍ਰਕਾਸ਼ਤ ਹੋ ਚੁੱਕੀਆਂ ਹਨ, ਪਰ ਇਸ ਦੇ ਪ੍ਰਧਾਨ ਸਾਹਿਬਾਨ ਦੇ ਜੀਵਨ ਤੇ ਵਿਅਕਤਿਤਵ ਕਲਮਬੰਦ ਕਰਨ ਦਾ ਇਹ ਪਹਿਲਾ ਬੇਹੱਦ ਸਾਰਥਿਕ ਯਤਨ ਹੈ, ਜਿਸ ਦਾ ਹਾਰਦਿਕ ਸਵਾਗਤ ਕਰਨਾ ਚਾਹੀਦਾ ਹੈ। ਦਰਅਸਲ ਇਹ ਇਕ ਖ਼ਲਾਅ ਸੀ, ਜਿਸ ਨੂੰ ਸੂਝਵਾਨ ਤੇ ਹੋਣਹਾਰ ਗੁਰਸਿੱਖ ਲੇਖਕ ਨੇ ਸਤਿਗੁਰਾਂ ਦੀ ਅਪਾਰ ਕਿਰਪਾ-ਬਖ਼ਸ਼ਿਸ਼ ਦਾ ਸਦਕਾ ਭਰਨ ਦਾ ਹੰਭਲਾ ਮਾਰਿਆ ਹੈ। ਸਿੱਖ ਸੰਗਤਾਂ ਯਕੀਨਨ ਹੁਣ ਤਕ ਵੱਖ ਵੱਖ ਸਮੇਂ ਕਾਰਜ ਕਰਨ ਵਾਲੇ ਪ੍ਰਧਾਨ ਸਾਹਿਬਾਨ ਦੇ ਜੀਵਨ ਤੇ ਵਿਅਕਤਿਤਵਾਂ ਸੰਬੰਧੀ ਵਿਵਰਣ ਇਕ ਪੁਸਤਕ ਦੇ ਰੂਪ ਵਿਚ ਪ੍ਰਾਪਤ ਕਰ ਕੇ ਇਕ ਖ਼ੁਸ਼ੀ ਤੇ ਤਸੱਲੀ ਮਹਿਸੂਸ ਕਰਨਗੀਆਂ। ਸੰਸਥਾ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ਕਾਰਜਸ਼ੀਲ ਰਹੇ ਪ੍ਰਧਾਨ ਸਾਹਿਬਾਨ ਵਿਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜਿਹੀਆਂ ਅਹਿਮ ਸ਼ਖ਼ਸੀਅਤਾਂ ਵੀ ਹਨ, ਜਿਨ੍ਹਾਂ ਦਾ ਜੀਵਨ-ਕਾਰਜ ਤੇ ਪ੍ਰਾਪਤੀਆਂ ਬੇਹੱਦ ਗੌਰਵਸ਼ਾਲੀ ਹਨ। ਪੰਥ-ਪ੍ਰਸਤ ਲੇਖਕ ਨੇ ਸਾਰੇ ਪ੍ਰਧਾਨ ਸਾਹਿਬਾਨ ਦੇ ਜੀਵਨ-ਕਾਰਜਾਂ ਨੂੰ ਅਤਿਅੰਤ ਉੱਚੀ-ਸੁੱਚੀ ਪੰਥਕ ਭਾਵਨਾ ਅਧੀਨ ਪੰਥ ਮੁਖੀ ਅਤੇ ਸੰਸਥਾ ਨਾਲ ਸੰਬੰਧਿਤ ਕਾਰਜਾਂ ਮੁਖੀ ਹੀ ਕਲਮਬੰਦ ਕਰਨ ਦੀ ਗੁਰਮੁਖਤਾ ਵਾਲੀ ਪਹੁੰਚ ਅਪਣਾਈ ਹੈ, ਜੋ ਇਸ ਨੂੰ ਇਕ ਉਦੇਸ਼ ਪੂਰਨ ਸਾਰਥਿਕ ਪੁਸਤਕ ਦਾ ਰੂਪ ਗ੍ਰਹਿਣ ਕਰਾਏਗੀ। ਇਹ ਕਾਰਜ ਆਪਣੇ ਆਪ ਵਿਚ ਏਨੇ ਮਹੱਤਵਪੂਰਨ ਹਨ ਕਿ ਇਨ੍ਹਾਂ ਨੂੰ ਦਰਜ ਕਰਨ ਨਾਲ ਇਹ ਪੁਸਤਕ ਇਕ ਮਹੱਤਵਪੂਰਨ ਦਸਤਾਵੇਜ਼ ਬਣ ਗਈ ਹੈ। ਮੈਂ ਇਸ ਪੁਸਤਕ ਨੂੰ ਪ੍ਰਕਾਸ਼ਤ ਹੋਣ 'ਤੇ ਅਸੀਮ ਹਾਰਦਿਕ ਪ੍ਰਸੰਨਤਾ ਮਹਿਸੂਸ ਕਰ ਰਿਹਾ ਹਾਂ। ਅਕਾਲ ਪੁਰਖ ਦੀ ਅਪਾਰ ਕਿਰਪਾ-ਬਖ਼ਸ਼ਿਸ਼ ਸਦਾ ਵਰਤਦੀ ਰਹੇ ਅਤੇ ਅਜਿਹੇ ਲੋੜੀਂਦੇ ਸਾਰਥਿਕ ਉਪਰਾਲੇ ਕਰਨ ਹਿੱਤ ਸਤਿਗੁਰੂ ਸਾਹਿਬਾਨ ਗੁਰਸਿੱਖ ਲੇਖਕਾਂ ਨੂੰ ਪ੍ਰੇਰਨਾ ਬਖ਼ਸ਼ਿਸ਼ ਕਰਦੇ ਰਹਿਣ! ਗੁਰੂ ਨਾਨਕ ਪਾਤਸ਼ਾਹ ਦਾ ਲਗਾਇਆ ਸਿੱਖੀ ਦਾ ਬੂਟਾ ਵੱਧ ਤੋਂ ਵੱਧ ਫਲਦਾ, ਫੁੱਲਦਾ ਤੇ ਮੌਲਦਾ ਵਿਗਸਦਾ ਰਵ੍ਹੇ! ਇਹ ਮੇਰੀ ਕਾਮਨਾ ਤੇ ਅਰਜ਼ੋਈ ਹੈ।

ਗੁਰੂ ਪੰਥ ਦਾ ਦਾਸ,

(**ਅਵਤਾਰ ਸਿੰਘ**)

ਫ਼ਰਵਰੀ, 2010

ਪ੍ਰਸਤਾਵਨਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਿੱਖ ਪੰਥ ਦੁਆਰਾ ਸਥਾਪਤ ਸਮੂਹ ਸੰਸਥਾਵਾਂ ਵਿੱਚੋਂ ਇਕ ਨਿਵੇਕਲੀ ਪ੍ਰਕਾਰ ਦੀ ਸੰਸਥਾ ਹੈ। ਵਰਤਮਾਨ ਕਾਲ ਵਿਚ ਇਹ ਸੰਸਥਾ ਸਿੱਖ ਪੰਥ ਦੀ ਆਧੁਨਿਕ ਜਟਿਲ ਚਣੌਤੀਆਂ ਤਾਈਂ ਪ੍ਰਤਿਕਿਰਿਆ ਦਾ ਪ੍ਰਤੀਕ ਬਣ ਕੇ ਸਾਹਮਣੇ ਆਈ। ਸਿੱਖ ਸੰਗਠਨ ਦੇ ਵਿਭਿੰਨ ਅੰਗਾਂ ਉਪਰ ਉੱਨ੍ਹੀਵੀਂ ਸਦੀ ਵਿਚ ਪਏ ਪੇਸ਼ਾਵਰ ਪ੍ਰੋਹਤਾਈ ਜਾਂ ਉਦਾਸੀਆਂ ਵਲੋਂ ਪਾਏ ਗਏ ਬ੍ਰਾਹਮਣੀ ਤਰਜ਼ ਦੇ ਜੱਫੇ ਨੂੰ ਲਾਂਭੇ ਕਰਨ ਲਈ ਇਹ ਸੰਸਥਾ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਹੋਂਦ ਵਿਚ ਆਈ ਅਤੇ ਇਸ ਦੇ ਸੁਯੋਗ ਨੇਤਾਵਾਂ ਨੇ ਸਮੁੱਚੇ ਸਿੱਖ ਪੰਥ ਦੀ ਪ੍ਰਤਿਭਾ ਦਾ ਜ਼ੋਰਦਾਰ ਪ੍ਰਗਟਾ ਕਰ ਕੇ ਇਸ ਸੰਸਥਾ ਨੂੰ ਨਿਵੇਕਲਾ ਮਹੱਤਵ ਦਿੱਤਾ। ਇਤਿਹਾਸ ਵਿਚ ਸ਼ਾਇਦ ਇਹ ਸੰਸਥਾ ਕਿਸੇ ਧਰਮ ਦੀ ਪਹਿਲੀ ਸੰਸਥਾ ਬਣ ਕੇ ਉਭਰੀ ਜਿਸ ਨੇ ਵਰਤਮਾਨ ਲੋਕਤੰਤਰੀ ਬਣਤਰ ਅਪਣਾਈ ਜੋ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿਧਾਂਤ ਨੂੰ ਭਲੀ ਪੂਰਤ ਦ੍ਰਿਸ਼ਟਮਾਨ ਕਰਦੀ ਹੈ। ਲਗਭਗ ਇਕ ਸਦੀ ਦੇ ਆਪਣੇ ਇਤਿਹਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਉਤਾਰ-ਚੜ੍ਹਾਅ ਦੇਖੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਇਕ ਵਿਲੱਖਣ ਅਥਵਾ ਅਨੂਠਾ ਰਿਸ਼ਤਾ ਰਿਹਾ ਹੈ ਜਿਸ ਨੇ ਵਰਤਮਾਨ ਕਾਲ ਵਿਚ ਸਿੱਖ ਰਾਜਨੀਤੀ ਨੂੰ ਪਰਿਭਾਸ਼ਾ ਦਿੱਤੀ ਅਤੇ ਇਸ ਲਈ ਪੱਥ ਦੀ ਨਿਸ਼ਾਨਦੇਹੀ ਵੀ ਕੀਤੀ। ਇਸ ਪ੍ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਾਜਨੀਤੀ ਨੂੰ ਨੈਤਿਕ ਸਹਾਇਤਾ ਦੇਣ ਦੇ ਨਾਲ ਧਾਰਮਿਕ ਸਟੇਜਾਂ ਦੀ ਰਾਖਵੀਂ ਵਰਤੋਂ ਦੁਆਰਾ ਸਿੱਖ ਧਰਮ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਵੀ ਖੁੱਲ੍ਹੇ ਤੌਰ 'ਤੇ ਦ੍ਰਿੜ੍ਹਾਇਆ।

ਸਿੱਖ ਪੰਥ ਦੀ ਇਸ ਨਿਵੇਕਲੀ ਪ੍ਰਕਾਰ ਦੀ ਸੰਸਥਾ ਦੇ ਸੁਯੋਗ ਸੰਚਾਲਣ ਲਈ ਪ੍ਰਤਿਬੱਧ ਅਗਵਾਈ ਦੀ ਲੋੜ ਸੀ। ਲੋਕ-ਰਾਜੀ ਬਣਤਰ ਕਰਕੇ ਧੜੇਬੰਦੀ ਤਾਂ ਨਿਰੰਤਰ ਬਣੀ ਰਹੀ ਪਰ ਗੁਰੂ ਨੇ ਪ੍ਰਤਿਬੱਧ ਨੇਤਾਵਾਂ ਦੀ ਘਾਟ ਹੁਣ ਤਕ ਮਹਿਸੂਸ ਨਹੀਂ ਹੋਣ ਦਿੱਤੀ। ਇਸ ਸੰਦਰਭ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਗਤੀਸ਼ੀਲ ਸੰਸਥਾ ਨੂੰ ਸਮੇਂ-ਸਮੇਂ ਅਗਵਾਈ ਦੇਣ ਵਾਲੇ ਨੇਤਾਵਾਂ ਉਪਰ ਇਕ ਨੇੜਲੀ ਝਾਤ ਦੀ ਅਜੋਕੇ ਸਮੇਂ ਲੋੜ ਸੀ। ਇਹ ਕਾਰਜ ਸ. ਰੂਪ ਸਿੰਘ ਐਡੀਸ਼ਨਲ ਸਕੱਤਰ ਨੇ ਇਕ ਆਂਤਰਿਕ ਲਿਖਾਰੀ ਵਜੋਂ ਨਿਬਾਹੁਣ ਦਾ ਸਫਲ ਯਤਨ ਕੀਤਾ ਹੈ। ਚੋਖੀ ਸਮੱਗਰੀ ਭਾਵੇਂ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਗ਼ਜ਼ਾਤ ਵਿੱਚੋਂ ਉਪਲਬਧ ਹੋਈ ਹੋਵੇ, ਪਰ ਉਨ੍ਹਾਂ ਨੇ ਭਰੋਸੇ ਯੋਗ ਮੌਖਿਕ ਹਵਾਲੇ ਵੀ ਵਰਤੇ ਹਨ ਜਿਸ ਕਾਰਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਪ੍ਰਧਾਨ ਸਾਹਿਬਾਨ ਦੀ ਕਾਰਜ ਕੁਸ਼ਲਤਾ ਅਤੇ ਰਾਜਨੀਤਕ ਪ੍ਰਵਿਰਤੀਆਂ ਦਾ ਨਰੋਆ ਅਕਸ ਸਾਹਮਣੇ ਆ ਸਕਿਆ ਹੈ। ਇਸ ਲਈ ਸ. ਰੂਪ ਸਿੰਘ ਵਧਾਈ ਦੇ ਪਾਤਰ ਹਨ। ਸਾਨੂੰ ਆਸ ਕਰਨੀ ਚਾਹੀਦੀ ਹੈ ਕਿ ਸ. ਰੂਪ ਸਿੰਘ ਜੀ ਆਉਂਦੇ ਸਮੇਂ ਵਿਚ ਸਿੱਖ ਅਧਿਐਨ ਖੇਤਰ ਵਿਚ ਹੋਰ ਵੀ ਵਡਮੁੱਲਾ ਹਿੱਸਾ ਪਾਉਣ ਲਈ ਜੁਟੇ ਰਹਿਣਗੇ ਅਤੇ ਉਨ੍ਹਾਂ ਨੂੰ ਭਾਸ਼ਾ ਵਿਭਾਗ ਵਲੋਂ ਹੁਣੇ ਜਿਹੇ ਹੀ ਮਿਲਿਆ ਸਨਮਾਨ ਉਤਸ਼ਾਹ ਜਨਕ ਰਹੇਗਾ।

(ਪ੍ਰਿਥੀਪਾਲ ਸਿੰਘ ਕਪੂਰ)
ਸਾਬਕਾ ਪ੍ਰੋ. ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

ਸੀ-10, ਰਾਜ ਗੁਰੂ ਨਗਰ,
ਲੁਧਿਆਣਾ
ਫ਼ਰਵਰੀ 6, 2010

ਦੋ ਸ਼ਬਦ

ਬੜਾ ਅਜੀਬ ਲੱਗਦਾ ਹੈ ਜਦ ਕਿਧਰੇ ਵਿਦਵਾਨਾਂ ਦੀ ਕੋਈ ਮੀਟਿੰਗ ਹੁੰਦੀ ਹੈ ਤਾਂ ਮੈਂ ਇਹ ਸੁਣਦਾ ਹਾਂ ਕਿ ਸਿੱਖ ਇਤਿਹਾਸ ਰਚਣ ਵਿਚ ਹਰ ਵਕਤ ਤਿਆਰ ਹਨ ਪਰ ਇਤਿਹਾਸ ਲਿਖਣ ਵਿਚ ਧਿਆਨ ਨਹੀਂ ਦੇਂਦੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਾ ਰਾਜ ਸੰਭਾਲਣ ਤਕ ਦਾ ਇਤਿਹਾਸ ਮੁਸਲਮਾਨਾਂ ਹੀ ਲਿਖਿਆ ਹੈ। ਵੱਡੇ-ਵੱਡੇ ਲੀਡਰ ਗਿਆਨੀ ਕਰਤਾਰ ਸਿੰਘ, ਸ. ਸਵਰਨ ਸਿੰਘ ਆਦਿ ਕੋਈ ਵੀ ਇਤਿਹਾਸਕ ਲਿਖਤ ਨਹੀਂ ਲਿਖ ਕੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਿੱਖ ਸੰਘਰਸ਼ ਦੀ ਵੱਡੀ ਉਪਲਬਧੀ ਮੰਨੀ ਜਾਂਦੀ ਹੈ—ਇਸਦੀ ਪਛਾਣ ਅੱਜ ਵੀ ਸਿੱਖਾਂ ਦੀ ਸਿਰਮੌਰ ਵਿਸ਼ਵ ਸੰਸਥਾ ਵਜੋਂ ਹੈ। ਇਸ ਨੂੰ ਸਿੱਖ-ਪਾਰਲੀਮੈਂਟ ਵੀ ਆਖਦੇ ਹਨ। ਕਈ ਵਾਰੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੋਪ ਵਰਗਾ ਵੀ ਕਿਹਾ ਜਾਂਦਾ ਸੀ।

ਜਦ *ਅਜੀਤ* ਅਖ਼ਬਾਰ ਵਿਚ ਲੜੀਵਾਰ ਇਸ ਸੰਸਥਾ ਦੇ ਰਹਿ ਚੁੱਕੇ ਪ੍ਰਧਾਨ ਸਾਹਿਬਾਨ ਬਾਰੇ ਵਿਸਥਾਰ ਪੂਰਵਕ ਲੇਖ ਮੈਂ ਪੜ੍ਹੇ ਤਾਂ ਖ਼ੁਸ਼ੀ ਵੀ ਹੋਈ ਤੇ ਹੈਰਾਨਗੀ ਵੀ ਹੋਈ ਕਿ ਕਿਸ ਸਿੱਖ ਨੇ ਇਹ ਚੰਗਾ ਉੱਦਮ ਕੀਤਾ ਹੈ। ਸ. ਰੂਪ ਸਿੰਘ ਨੇ ਜਿਸ ਲਗਨ ਨਾਲ ਇਹਨਾਂ ਦੀਆਂ ਜੀਵਨੀਆਂ ਲਿਖੀਆਂ ਹਨ, ਉਹ 1920 ਤੋਂ ਸਾਰਾ ਵਾਪਰਿਆ ਇਤਿਹਾਸ ਦਾ ਵਰਣਨ ਹੈ। ਏਦਾਂ ਲਗਿਆ ਕਿ ਇਕ ਫ਼ਿਲਮ ਅਸੀਂ ਵੇਖ ਰਹੇ ਹਾਂ—ਇਹ ਇਕ ਸਾਂਭ ਕੇ ਰੱਖਣ ਵਾਲੀ ਇਤਿਹਾਸਕ ਕਿਤਾਬ ਬਣ ਚੁੱਕੀ ਹੈ। ਸ. ਰੂਪ ਸਿੰਘ ਨੇ ਲਿਖਣ ਦਾ ਢੰਗ ਵੀ ਸੌਖਾ ਰੱਖਿਆ ਹੈ - ਇਕ ਆਮ ਆਦਮੀ ਸਮਝ ਸਕਦਾ ਹੈ। ਯੂਨੀਵਰਸਿਟੀਆਂ ਦੇ ਇਤਿਹਾਸ ਵਿਭਾਗ ਲਈ ਇਹ ਇਕ ਲਾਭ ਵਾਲੀ ਸਮੱਗਰੀ ਹੈ। ਸ. ਰੂਪ ਸਿੰਘ ਨੂੰ ਵਧਾਈ ਦਿੰਦਾ ਹੋਇਆ ਧੰਨਵਾਦ ਵੀ ਕਰਦਾ ਹਾਂ ਜੋ ਆਪਣੇ ਦਫ਼ਤਰ ਦੇ ਕੰਮ ਨੂੰ ਪੂਰੀ ਲਗਨ ਨਾਲ ਕਰਦੇ ਹੋਏ ਇਕ ਖੋਜ ਭਰੇ ਲੇਖ ਲਿਖੇ ਹਨ। ਮੇਰੀ ਰਾਏ ਹੈ ਕਿ ਉਹ ਹੁਣ ਕਲਮ ਬੰਦ ਨਾ ਕਰਨ, ਸਿੱਖਾਂ ਬਾਰੇ ਪਿਛਲੇ 75 ਸਾਲਾਂ ਵਿਚ ਵਾਪਰੀਆਂ ਘਟਨਾਵਾਂ ਦੀ ਵੀ ਖੋਜ ਕਰਨ। ਗੁਰਦੁਆਰਿਆਂ ਦੀ ਸਿਆਸਤ ਬਾਰੇ ਤਾਂ ਅਸੀਂ ਰੋਜ਼ ਪੜ੍ਹਦੇ ਹਾਂ ਪਰ ਜੋ ਚੰਗਾ ਵਾਪਰਿਆ ਹੈ, ਉਸ 'ਤੇ ਰੋਸ਼ਨੀ ਪਾਉਣ। ਪਾਠਕ ਖ਼ੁਸ਼ ਹਨ ਜੋ ਤੁਸੀਂ ਕੰਮ ਕੀਤਾ ਹੈ। ਤੁਹਾਡੇ ਤੋਂ ਹੁਣ ਬੜੀਆਂ ਉਮੀਦਾਂ ਹਨ।

(ਤਰਲੋਚਨ ਸਿੰਘ)
ਮੈਂਬਰ ਪਾਰਲੀਮੈਂਟ

ਬੀ-5, ਡਾ. ਜ਼ਾਕਿਰ ਹੁਸੈਨ ਮਾਰਗ,
ਨਵੀਂ ਦਿੱਲੀ - 110 003
ਜਨਵਰੀ 6, 2010

ਆਦਿ ਕਥਨ

ਅਚਾਨਕ ਇਕ ਦਿਨ ਰੋਜ਼ਾਨਾ *ਅਜੀਤ* ਜਲੰਧਰ ਤੋਂ ਫ਼ੋਨ ਆਇਆ ਕਿ ਰੂਪ ਸਿੰਘ ਜੀ, ਭਾਜੀ (ਸ. ਬਰਜਿੰਦਰ ਸਿੰਘ) ਗੱਲ ਕਰਨਗੇ। ਸ਼ਾਇਦ ਇਹ ਬੁਧਵਾਰ ਦਾ ਦਿਨ ਸੀ। ਭਾਜੀ ਮੈਨੂੰ ਫ਼ੋਨ 'ਤੇ ਕਹਿੰਦੇ, ਕਿ ਤੁਸੀਂ ਸੋਮਵਾਰ *ਅਜੀਤ* ਦੇ ਦਫ਼ਤਰ ਮੀਟਿੰਗ 'ਚ ਸ਼ਾਮਿਲ ਹੋ ਸਕਦੇ ਹੋ, ਮੈਂ ਇਕਦਮ ਹਾਮੀ ਭਰ ਦਿੱਤੀ। ਮੀਟਿੰਗ ਸਮੇਂ ਉਨ੍ਹਾਂ *ਅਜੀਤ* ਦੇ ਧਰਮ ਤੇ ਵਿਰਸੇ ਅੰਕ ਬਾਰੇ ਗੱਲਬਾਤ ਕੀਤੀ। ਮੇਰੀ ਰਾਇ ਲਈ ਗਈ ਅਤੇ ਮੈਨੂੰ ਦੋ ਵਿਸ਼ਿਆਂ 'ਤੇ ਨਿਰੰਤਰ ਲਿਖਣ ਲਈ ਕਹਿ ਦਿੱਤਾ। ਪਹਿਲਾ ਵਿਸ਼ਾ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਮੈਂ ਹਾਮੀ ਭਰ ਆਇਆ। ਲਿਖਣ ਸਮੇਂ ਪ੍ਰਧਾਨ ਸਾਹਿਬਾਨ ਬਾਰੇ ਜਾਣਕਾਰੀ ਦੀ ਅਣਹੋਂਦ ਕਾਰਨ ਬਹੁਤ ਦਿਕਤ ਆਈ, ਪਰ ਗੁਰੂ ਕਿਰਪਾ ਸਦਕਾ ਸਫਲ ਹੋਏ ਹਾਂ। *ਅਜੀਤ* ਦੇ ਵਧੇਰੇ ਪਾਠਕ-ਸੰਸਾਰ ਨੇ ਸਾਡੇ ਇਸ ਯਤਨ ਨੂੰ ਖ਼ੂਬ ਸਲਾਹਿਆ।

15 ਨਵੰਬਰ, 1920 ਤੋਂ ਮਾਰਚ, 2010 ਤੀਕ ਲਗਭਗ 90 ਸਾਲਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਇਤਿਹਾਸ ਨੂੰ ਵਾਚਣ 'ਤੇ ਬੜੇ ਰਹੱਸਮਈ ਤੱਥਾਂ ਦੀ ਪ੍ਰਾਪਤੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿ ਚੁੱਕੇ ਪ੍ਰਧਾਨਾਂ 'ਚ ਪ੍ਰਬੁੱਧ ਵਿਦਵਾਨ, ਵਿੱਦਿਆ ਸ਼ਾਸਤਰੀ, ਰਾਜਨੇਤਾ, ਨੀਤੀਵੇਤਾ, ਧਰਮ-ਸ਼ਾਸਤਰੀ, ਕੁਝ ਅੱਖਰ ਗਿਆਨ ਤੋਂ ਕੋਰੇ, ਪਰ ਤਜਰਬੇ 'ਚ ਪ੍ਰਬੀਨ, ਸੰਸਥਾ ਪ੍ਰਤਿ ਮਨ-ਬਚ-ਕਰਮ ਤੋਂ ਸਮਰਪਿਤ ਸ਼ਖ਼ਸੀਅਤਾਂ ਸਨ। ਜਿਨ੍ਹਾਂ 'ਚੋਂ ਕੁਝ ਤਾਂ 'ਪੰਥ ਵਸੈ ਮੈਂ ਉਜੜਾਂ' ਦਾ ਚਾਓ ਘਨੇਰਾ ਦੇ ਧਾਰਣੀ, ਨਿਸ਼ਕਾਮ ਪੰਥ-ਸੇਵਕ, ਰੂਹਾਂ ਦੇ ਦਰਸ਼ਨ ਵੀ ਨਸੀਬ ਹੁੰਦੇ ਹਨ। ਗੁਰੂ ਗ੍ਰੰਥ, ਗੁਰੂ ਪੰਥ ਨੂੰ ਸਮਰਪਿਤ ਸਾਰੀਆਂ ਹੀ ਸ਼ਖ਼ਸੀਅਤਾਂ ਗੁਰੂ ਦਰ-ਘਰ ਤੋਂ ਵਰੋਸਾਈਆਂ ਸਨ, ਜਿਨ੍ਹਾਂ ਨੂੰ ਜਿੰਨਾ ਸਮਾਂ, ਸੇਵਾਵਾਂ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਹਰੇਕ ਨੇ ਆਪਣੇ ਵਿਤ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੇਹਤਰੀ ਲਈ ਕਾਰਜ ਕੀਤੇ। ਕੁਝ ਕੁ ਸ਼ਖ਼ਸੀਅਤਾਂ ਨੂੰ ਇਸ ਸੰਸਥਾ ਦੇ ਪ੍ਰਧਾਨ ਹੋਣ ਦਾ ਕੁਝ ਦਿਨਾਂ ਵਾਸਤੇ ਹੀ ਮਾਣ-ਸਤਿਕਾਰ ਪ੍ਰਾਪਤ ਹੋਇਆ ਤੇ ਕੁਝ ਇਕ ਸ਼ਖ਼ਸੀਅਤਾਂ ਨੂੰ ਦਹਾਕਿਆਂ ਤੀਕ 'ਗੁਰੂ-ਪੰਥ' ਨੇ ਇਹ ਮਾਣ-ਸਤਿਕਾਰ ਬਖ਼ਸ਼ਿਸ਼ ਕੀਤਾ।

ਸਿੱਖਾਂ ਦੀ ਇਸ ਸਿਰਮੌਰ ਸੰਸਥਾ 'ਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਹੁਣ ਵਾਲਿਆਂ 'ਚੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਿੰਸੀਪਲ, ਪ੍ਰੋਫ਼ੈਸਰ, ਮਾਸਟਰ, ਡਾਕਟਰ, ਵਕੀਲ ਵੀ

ਹਨ। ਇਸ ਸੰਸਥਾ ਦੇ ਚੁਣੇ ਹੋਏ ਮੈਂਬਰਾਂ ਤੇ ਨਾਮਜ਼ਦ ਮੈਂਬਰਾਂ 'ਤੇ ਪੰਛੀ-ਝਾਤ ਪਾਈਏ ਤਾਂ ਪਤਾ ਚੱਲਦਾ ਹੈ ਕਿ ਇਸ ਸੰਸਥਾ ਦੇ ਮੈਂਬਰ ਹੋਣਾ ਕਿਤਨਾ ਗੌਰਵਮਈ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਜੀ ਬਾਦਲ, ਸ਼੍ਰੋਮਣੀ ਕਮੇਟੀ ਦੇ ਨਾਮਜ਼ਦ ਮੈਂਬਰ, ਅੰਤ੍ਰਿੰਗ ਕਮੇਟੀ ਮੈਂਬਰ ਤੇ ਐਜੂਕੇਸ਼ਨ ਟਰੱਸਟ ਦੇ ਮੈਂਬਰ ਰਹਿ ਚੁੱਕੇ ਹਨ। ਸ. ਪ੍ਰਤਾਪ ਸਿੰਘ ਜੀ ਕੈਰੋਂ, ਸ. ਲਛਮਨ ਸਿੰਘ ਜੀ ਗਿੱਲ, ਸ. ਗਿਆਨ ਜੀ ਰਾੜੇਵਾਲਾ ਅਤੇ ਸ. ਗੁਰਨਾਮ ਸਿੰਘ ਜੀ ਸਾਰੇ ਸਾਬਕਾ ਮੁੱਖ ਮੰਤਰੀ, ਪੰਜਾਬ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਸਰਗਰਮੀ ਨਾਲ ਸਰਗਰਮ ਰਹੇ। ਇਕ ਉਦਾਹਰਣ : 03 ਦਸੰਬਰ, 1957 ਨੂੰ ਸ੍ਰੀ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਖੁੱਲ੍ਹਿਆ, ਜਿਸ ਲਈ ਟਰੱਸਟੀਆਂ ਦੀ ਚੋਣ ਕੀਤੀ ਗਈ, ਜਿਨ੍ਹਾਂ ਵਿਚ : (1) ਸ. ਬਲੇਦਵ ਸਿੰਘ ਜੀ, ਸਾਬਕਾ ਰੱਖਿਆ ਮੰਤਰੀ, ਭਾਰਤ ਸਰਕਾਰ; (2) ਰਾਜਕੁਮਾਰੀ ਅੰਮ੍ਰਿਤ ਕੌਰ ਜੀ, ਸਾਬਕਾ ਹੈੱਲਥ ਮਨਿਸਟਰ, ਭਾਰਤ ਸਰਕਾਰ; (3) ਸ. ਸਵਰਨ ਸਿੰਘ ਜੀ, ਮਿਨਿਸਟਰ ਸਟੀਲ ਐਂਡ ਮਾਈਨ; (4) ਗਿਆਨੀ ਕਰਤਾਰ ਸਿੰਘ ਜੀ, ਮਿਨਿਸਟਰ ਪੰਜਾਬ ਸਰਕਾਰ; (5) ਸ. ਗੁਰਬਖ਼ਸ਼ ਸਿੰਘ ਜੀ ਕਟਾਣੀ; (6) ਸ. ਵਰਿਆਮ ਸਿੰਘ ਜੀ, ਖ਼ਾਲਸਾ ਕਾਲਜ, ਅੰਮ੍ਰਿਤਸਰ ਮੈਂਬਰ ਸਨ।

ਪ੍ਰੋ. ਤੇਜਾ ਸਿੰਘ ਜੀ, ਪ੍ਰਿੰ. ਜੋਧ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਜੀ, ਭਾਈ ਵੀਰ ਸਿੰਘ ਜੀ, ਪ੍ਰੋ. ਸਾਹਿਬ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ, ਪ੍ਰੋ. ਨਿਰੰਜਨ ਸਿੰਘ ਜੀ, ਪ੍ਰੋ. ਵਰਿਆਮ ਸਿੰਘ ਜੀ, ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਸੁੰਦਰ ਜੀ ਭਿੰਡਰਾਂਵਾਲੇ, ਪ੍ਰਿੰ. ਸਤਿਬੀਰ ਸਿੰਘ ਜੀ, ਬਾਵਾ ਪ੍ਰੇਮ ਸਿੰਘ ਜੀ ਹੋਤੀ, ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਰ, ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ, ਗਿਆਨੀ ਕਰਤਾਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸ. ਸੇਵਾ ਸਿੰਘ ਠੀਕਰੀਵਾਲ, ਬਾਵਾ ਪ੍ਰੇਮ ਸਿੰਘ ਜੀ ਮੁਰਾਰੇਵਾਲੇ, ਜਥੇਦਾਰ ਸਾਧੂ ਸਿੰਘ ਜੀ ਭੌਰਾ, ਗਿਆਨੀ ਕੇਹਰ ਸਿੰਘ ਜੀ ਵੈਰਾਗੀ, ਪ੍ਰਿੰ. ਭਰਪੂਰ ਸਿੰਘ ਜੀ, ਗਿਆਨੀ ਭੂਪਿੰਦਰ ਸਿੰਘ ਜੀ, ਡਾ. ਜਸਵੰਤ ਸਿੰਘ ਜੀ ਨੇਕੀ, ਡਾ. ਦਰਸ਼ਨ ਸਿੰਘ ਜੀ, ਡਾ. ਬਲਕਾਰ ਸਿੰਘ ਜੀ, ਡਾ. ਖੜਕ ਸਿੰਘ ਜੀ ਆਦਿ ਵਿਦਵਾਨ ਤੇ ਮਹਾਂਪੁਰਸ਼ ਆਦਿ, ਜੋ ਸਮੇਂ ਸਮੇਂ ਸੰਸਥਾ ਨਾਲ ਜੁੜੇ ਰਹੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਪਦਵੀ 'ਤੇ ਰਹਿ ਚੁੱਕੀਆਂ ਸ਼ਖ਼ਸੀਅਤਾਂ ਵਿਚ ਅਹੁਦੇ ਦੀ ਹਉਮੈ ਵੀ ਨਹੀਂ ਸੀ ਹੁੰਦੀ, ਉਹ ਪ੍ਰਧਾਨ ਰਹਿਣ ਤੋਂ ਬਾਅਦ ਵੀ ਅੰਤ੍ਰਿੰਗ ਕਮੇਟੀ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਬਣਨ 'ਚ ਝਿਜਕ ਮਹਿਸੂਸ ਨਹੀਂ ਸਨ ਕਰਦੇ।

ਇਨ੍ਹਾਂ ਤੋਂ ਇਲਾਵਾ ਸ. ਕਿਰਪਾਲ ਸਿੰਘ ਜੀ ਚੱਕ ਸ਼ੇਰੇਵਾਲ, ਸ. ਉਜਾਗਰ ਸਿੰਘ ਜੀ ਰੰਗਰੇਟਾ, ਸ. ਹਰਿੰਦਰ ਸਿੰਘ ਜੀ ਤਰਨ ਤਾਰਨੀ, ਸ. ਸੁਖਦੇਵ ਸਿੰਘ ਜੀ ਭੌਰ, ਸ. ਅਲਵਿੰਦਰਪਾਲ ਸਿੰਘ ਜੀ ਪੱਖੋਕੇ ਆਦਿ ਕਾਫ਼ੀ ਸਮਾਂ ਕਾਰਜਕਾਰੀ ਪ੍ਰਧਾਨ ਵਜੋਂ ਸੇਵਾ ਨਿਭਾਹੁੰਦੇ ਰਹੇ। ਜਥੇਦਾਰ ਸੂਬਾ ਸਿੰਘ ਜੀ ਡੱਬਵਾਲਾ 18 ਸਾਲ ਤੋਂ ਅੰਤ੍ਰਿੰਗ ਕਮੇਟੀ ਮੈਂਬਰ ਤੇ ਸ. ਕੇਵਲ ਸਿੰਘ ਜੀ ਬਾਦਲ ਨਿਰੰਤਰ 14 ਸਾਲ ਤੋਂ

ਜੂਨੀਅਰ ਮੀਤ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੇ ਹਨ। ਅੰਤਿਕਾ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਣ ਤਕ ਦੇ ਅਹੁਦੇਦਾਰਾਂ, ਅੰਤ੍ਰਿੰਗ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਸਕੱਤਰ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਮੈਂ ਸਭ ਤੋਂ ਪਹਿਲਾਂ ਸਤਿਗੁਰੂ, ਗੁਰੂ ਰਾਮਦਾਸ ਜੀ ਦਾ ਸਦ-ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਆਪਣੇ ਦਰ 'ਤੇ ਸੇਵਾ ਕਰਨ ਦਾ ਮੌਕਾ ਪ੍ਰਦਾਨ ਕੀਤਾ ਅਤੇ ਹਿੰਮਤ, ਦਲੇਰੀ ਤੇ ਸਾਹਸ ਬਖ਼ਸ਼ਿਸ ਕਰ ਕੇ ਸਮੇਂ ਦਾ ਸੱਚ ਲਿਖਣ ਲਈ ਬਲ ਪ੍ਰਦਾਨ ਕੀਤਾ। ਸ. ਬਰਜਿੰਦਰ ਸਿੰਘ ਜੀ ਹਮਦਰਦ, ਮੁੱਖ ਸੰਪਾਦਕ, *ਅਜੀਤ* ਦਾ ਧੰਨਵਾਦੀ ਹਾਂ, ਜਿਨ੍ਹਾਂ ਇਹ ਲੇਖ-ਲੜੀ ਲਿਖਣ ਦੇ ਕਾਬਲ ਸਮਝਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ (ਮੱਕੜ), ਜਿਨ੍ਹਾਂ ਨੇ ਸੰਦੇਸ਼ ਰੂਪੀ ਚੰਦ ਸ਼ਬਦ ਲਿਖ ਕੇ ਕ੍ਰਿਤਾਰਥ ਕੀਤਾ। ਆਪਣੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਤੇ ਸਮੂਹ ਅਹੁਦੇਦਾਰਾਂ, ਸਕੱਤਰ ਸਾਹਿਬਾਨ, ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਮਿਲੇ ਸਹਿਯੋਗ-ਪਿਆਰ ਲਈ ਰਿਣੀ ਹਾਂ ਤੇ ਰਿਣੀ ਰਹਾਂਗਾ।

ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਜੀ ਕਪੂਰ, ਸਾਬਕਾ ਪ੍ਰੋ. ਵਾਈਸ-ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਸ. ਤਰਲੋਚਨ ਸਿੰਘ ਜੀ, ਮੈਂਬਰ ਪਾਰਲੀਮੈਂਟ ਦਾ ਵਿਸ਼ੇਸ਼ ਕਰਕੇ ਧੰਨਵਾਦੀ ਹਾਂ, ਜਿਨ੍ਹਾਂ ਨੇ ਲੇਖ ਲੜੀ ਪ੍ਰਕਾਸ਼ਤ ਹੋਣ ਸਮੇਂ, ਸਮੇਂ-ਸਮੇਂ ਫ਼ੋਨ ਕਰ ਕੇ ਮੇਰੇ ਉਤਸ਼ਾਹ ਨੂੰ ਵਧਾਇਆ ਅਤੇ ਪੁਸਤਕ ਦੀ ਪ੍ਰਕਾਸ਼ਨਾ ਸਮੇਂ 'ਪ੍ਰਸਤਾਵਨਾ' ਤੇ 'ਦੋ ਸ਼ਬਦ' ਲਿਖ ਕੇ ਮੈਨੂੰ ਹੌਸਲਾ ਦਿੱਤਾ। ਸ. ਗੁਰਬਚਨ ਸਿੰਘ, ਅਤੇ ਸ. ਹਰਜਿੰਦਰ ਸਿੰਘ, ਸੀਨੀਅਰ ਕੰਪਿਊਟਰ ਓਪਰੇਟਰ ਵੱਲੋਂ ਮਿਲੇ ਸਹਿਯੋਗ ਅਤੇ ਪਿਆਰ ਵਾਸਤੇ ਧੰਨਵਾਦੀ ਹਾਂ। ਸੁਹਿਰਦ ਦੋਸਤ ਸ. ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼) ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਪੁਸਤਕ ਪ੍ਰਕਾਸ਼ਤ ਕਰ, ਪਾਠਕਾਂ ਤੀਕ ਪਹੁੰਚਾਉਣ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਮੈਂ ਆਪਣੀ ਧਰਮ-ਸੁਪਤਨੀ ਰਮਨਦੀਪ ਕੌਰ ਅਤੇ ਸਪੁੱਤਰ ਹਰਲਿਵਲੀਨ ਸਿੰਘ ਦਾ ਵੀ ਸ਼ੁਕਰੀਆ ਅਦਾ ਕਰਨਾ ਵਾਜਬ ਸਮਝਦਾ ਹਾਂ, ਜਿਨ੍ਹਾਂ ਨੇ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਸੁਤੰਤਰ ਕਰ ਪੜ੍ਹਨ-ਲਿਖਣ ਦਾ ਵਾਤਾਵਰਣ ਮੁਹੱਈਆ ਕਰਵਾਇਆ।

ਗੁਰਬਾਣੀ ਦੀ ਪਾਵਨ ਪੰਗਤੀ "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਤੋਂ ਸੇਧ ਪ੍ਰਾਪਤ ਕਰਦਿਆਂ ਲੇਖ ਲਿਖਣ ਸਮੇਂ ਸੰਸਥਾ ਅਤੇ ਹਰੇਕ ਸ਼ਖ਼ਸੀਅਤ ਪ੍ਰਤੀ ਸੁਹਿਰਦਤਾ ਤੇ ਸਤਿਕਾਰ ਦੀ ਭਾਵਨਾ ਨਾਲ, ਸੰਜਮੀ ਸ਼ੈਲੀ 'ਚ ਕੇਵਲ ਸਦਗੁਣਾਂ ਨੂੰ ਉਜਾਗਰ ਕੀਤਾ ਹੈ। ਮੈਨੂੰ ਅਹਿਸਾਸ ਹੈ ਕਿ ਸੰਸਥਾਵਾਂ ਦੀ ਘਾੜਤ ਘੜਨ 'ਚ ਦਹਾਕੇ ਲੱਗ ਜਾਂਦੇ ਹਨ, ਪਰ ਨਿਰੋਲ ਆਲੋਚਨਾ ਕਰਕੇ ਸੰਸਥਾਵਾਂ ਦੇ ਅਕਸ ਨੂੰ ਬਰਬਾਦ ਕਰਨ ਲਈ ਬਹੁਤੇ ਸਮੇਂ ਦੀ ਲੋੜ ਨਹੀਂ ਹੁੰਦੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹੀ ਨਿਵੇਕਲੀ ਸਿੱਖ ਸੰਸਥਾ ਹੈ,

ਜਿਸ ਦਾ ਪ੍ਰਭਾਵ ਪੰਜਾਬ ਸਰਕਾਰ ਤੇ ਸਿੱਖ ਮਸਲਿਆਂ ਪ੍ਰਤੀ ਕੇਂਦਰ ਸਰਕਾਰ ਵੀ ਕਬੂਲਦੀ ਹੈ, ਪਰ ਕਈ ਵਾਰ ਇਹ ਸੰਸਥਾ ਸਰਕਾਰਾਂ ਦਾ ਪ੍ਰਭਾਵ ਵੀ ਕਬੂਲ ਕਰ ਲੈਂਦੀ ਹੈ। ਸਿੱਖ ਮਸਲਿਆਂ ਪ੍ਰਤੀ ਜਿੰਨੀ ਵਾਰੀ ਵੀ ਕੇਂਦਰ ਸਰਕਾਰ ਨੂੰ ਵਫ਼ਦ ਮਿਲਦੇ ਹਨ, ਸ਼੍ਰੋਮਣੀ ਕਮੇਟੀ ਦੇ ਮੁਖੀਆਂ ਦੇ ਪਹਿਲੀ ਕਤਾਰ 'ਚ ਦੀਦਾਰ ਹੁੰਦੇ ਹਨ। ਸਿੱਖ ਮਸਲਿਆਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਰਦਾਰੀ ਨੂੰ ਬਰਕਰਾਰ ਰੱਖਣਾ ਸਮੇਂ ਦੀ ਮੰਗ ਅਤੇ ਜ਼ਰੂਰਤ ਹੈ।

ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਿਰਜਣਾ ਨਿਰਭਉ-ਨਿਰਵੈਰ, ਮਰਜੀਵੜੇ ਸਿੱਖਾਂ, ਸੇਵਕਾਂ ਦੇ ਸਿਰ 'ਤੇ ਹੋਈ ਹੈ। ਕਿਤਨਾ ਸੁਹਾਵਣਾ ਸਮਾਂ ਹੋਵੇਗਾ, ਜਦ ਮਹੰਤਾਂ, ਪੁਜਾਰੀਆਂ ਅਤੇ ਅੰਗਰੇਜ਼ਾਂ ਦੇ ਜਬਰ-ਜ਼ੁਲਮ, ਕੁਕਰਮਾਂ, ਕੁਰੀਤੀਆਂ, ਵਹਿਮਾਂ-ਭਰਮਾਂ, ਪਾਖੰਡਾਂ, ਦੁਸ਼ਵਾਰੀਆਂ ਤੋਂ ਗੁਰਮਤਿ ਦੇ ਪਾਕ ਪਵਿੱਤਰ ਸੋਮਿਆਂ ਨੂੰ ਸੁਤੰਤਰ ਕਰਵਾਇਆ ਹੋਵੇਗਾ ਸਾਡੇ ਬਜ਼ੁਰਗਾਂ ਨੇ! ਸਿੱਖੀ ਸਿਦਕ, ਭਰੋਸੇ, ਸ਼ਹਾਦਤਾਂ ਅਤੇ ਲੰਮੇ ਸੰਘਰਸ਼ ਦੀ ਦਾਸਤਾਨ ਨੂੰ ਰੂਪਮਾਨ ਕਰਦੀ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਮੈਂ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਹਾਂ ਕਿ ਮੈਨੂੰ ਇਸ ਇਤਿਹਾਸਕ ਨਾਮਵਰ ਸੰਸਥਾ 'ਚ ਦੋ ਦਹਾਕਿਆਂ ਤੋਂ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ਇਸ ਪੁਸਤਕ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰੂ ਬਖ਼ਸ਼ਿਸ਼, ਭਾਗਸ਼ੀਲ, ਖ਼ੁਸ਼ਕਿਸ਼ਮਤ ਸਿੱਖਾਂ ਸੇਵਕਾਂ ਦੇ ਜੀਵਨ ਅਤੇ ਪ੍ਰਾਪਤੀਆਂ ਨੂੰ ਸੰਖੇਪ ਵਿਚ ਵਰਣਨ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਨੂੰ ਪੰਥ ਸੇਵਕ ਵਜੋਂ ਪੰਥ ਨੇ ਇਸ ਸਿਰਮੌਰ ਸੰਸਥਾ ਦੇ ਮੁਖੀ ਹੋਣ ਦਾ ਮਾਣ ਬਖ਼ਸ਼ਿਸ਼ ਕੀਤਾ। *ਪੰਥ ਸੇਵਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ* ਪੁਸਤਕ ਪਾਠਕਾਂ ਦੀ ਸੇਵਾ ਵਿਚ ਭੇਟ ਕਰਦਿਆਂ ਖ਼ੁਸ਼ੀ ਅਤੇ ਮਾਣ ਮਹਿਸੂਸ ਕਰਦਾ ਹਾਂ।

ਮਾਰਚ 5, 2010 **ਰੂਪ ਸਿੰਘ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸਮਾਜ ਨਾਲ ਸੰਬੰਧਿਤ ਹਰ ਖੇਤਰ ਵਿਚ ਆਈ ਗਿਰਾਵਟ ਨੂੰ ਦੇਖ ਗੁਰੂ ਬਾਬੇ ਨਾਨਕ ਦੇਵ ਜੀ ਨੇ 'ਨਾਨਕ ਨਿਰਮਲ ਪੰਥ' ਦੀ ਅਧਾਰਸ਼ਿਲਾ ਰੱਖੀ। 'ਨਾਨਕ ਨਿਰਮਲ ਪੰਥ' 'ਚ ਹਰ ਪਾਸੇ ਸਮਾਨਤਾ, ਸਾਂਝੀਵਾਲਤਾ, ਸਤਿ, ਸੰਤੋਖ, ਸੰਜਮ, ਸਹਿਜ ਆਦਿ ਗੁਣਾਂ ਦੀ ਖ਼ੁਸ਼ਬੋਈ ਪਸਰਣ ਲੱਗੀ। ਸਮਾਜ ਦੇ ਹਰ ਖੇਤਰ ਨਾਲ ਸੰਬੰਧਿਤ ਹਰ ਮਾਨਵ ਇਸ ਮਾਰਗ ਦਾ ਮੈਂਬਰ ਬਣ ਸਵੈਮਾਣ ਤੇ ਸਤਿਕਾਰ ਮਹਿਸੂਸ ਕਰਦਾ। ਧਰਮ ਦੇ ਪ੍ਰਚਾਰ-ਪ੍ਰਸਾਰ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਧਰਮਸਾਲਾਵਾਂ ਦੀ ਸਥਾਪਨਾ ਕੀਤੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੀਕ ਸਿੱਖੀ ਪ੍ਰਚਾਰ ਕੇਂਦਰਾਂ ਨੂੰ ਧਰਮਸਾਲ ਹੀ ਕਿਹਾ ਜਾਂਦਾ ਸੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ ਉਪਰੰਤ ਧਰਮਸਾਲਾਂ 'ਚ ਪ੍ਰਕਾਸ਼ ਹੋਣ ਨਾਲ ਇਨ੍ਹਾਂ ਨੂੰ ਗੁਰਦੁਆਰੇ ਦੀ ਸੰਗਿਆ ਮਿਲੀ, ਜਿਸਦਾ ਸ਼ਾਬਦਿਕ ਅਰਥ ਹੈ—ਗੁਰੂ ਦਾ ਘਰ, ਗੁਰੂ ਦੇ ਰਾਹੀਂ, ਗੁਰੂ ਦੀ ਮਾਰਫ਼ਤ ਆਦਿ।

ਗੁਰਦੁਆਰਾ ਸ਼ਬਦ, ਸ਼ਾਬਦਿਕ ਅਰਥਾਂ ਤੀਕ ਹੀ ਸੀਮਤ ਨਹੀਂ, ਸਿੱਖ ਧਰਮ ਵਿਚ ਇਹ ਸੰਕਲਪ ਵੀ ਹੈ ਤੇ ਸਿਧਾਂਤ ਵੀ। ਗੁਰਦੁਆਰਾ ਆਪਣੇ ਆਪ ਵਿਚ ਇਕ ਮੁਕੰਮਲ ਸੰਸਥਾ ਹੈ, ਜਿਸ ਦਾ ਨਿਸਚਤ ਵਿਧੀ-ਵਿਧਾਨ ਤੇ ਕਾਰਜ ਖੇਤਰ ਅਤੇ ਮਰਯਾਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਦੁਆਰੇ ਦੀ ਪ੍ਰੀਭਾਸ਼ਾ ਤੇ ਸਰੂਪ ਬਾਰੇ ਖ਼ੂਬ ਲਿਖਿਆ ਹੈ: 'ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ ਉਪਦੇਸ਼ਕ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਅਸਥਾਨ।'

ਜਿਸ ਸੰਸਥਾ ਬਾਰੇ ਅਸੀਂ ਵਿਚਾਰ ਕਰ ਰਹੇ ਹਾਂ, ਉਹ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧ ਕਰਨ ਵਾਲੀ ਪ੍ਰਮੁੱਖ ਸ਼੍ਰੋਮਣੀ ਸੰਸਥਾ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਜਿਸ ਦੇ ਨਾਮ ਤੋਂ ਹੀ ਕਾਰਜ-ਖੇਤਰ ਸਪੱਸ਼ਟ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਹੋਂਦ ਵਿਚ ਆਈ ? ਇਸ ਦਾ ਨਿਕਾਸ-ਵਿਕਾਸ ਕਿਵੇਂ ਹੋਇਆ ਅਤੇ ਕਿਵੇਂ ਇਹ ਸ਼੍ਰੋਮਣੀ ਸਿੱਖ ਸੰਸਥਾ ਵਜੋਂ ਪ੍ਰਵਾਨ ਚੜ੍ਹੀ ? ਇਸ ਨੇ ਕੀ ਪ੍ਰਾਪਤੀਆਂ ਕੀਤੀਆਂ ? ਇਨ੍ਹਾਂ ਸੁਆਲਾਂ ਨੂੰ ਅਸੀਂ ਸੰਖੇਪ 'ਚ ਵਿਚਾਰਨਾ ਹੈ।

ਨਾਨਕ ਨਿਰਮਲ ਪੰਥ ਦਾ ਮੂਲ ਆਦੇਸ਼ ਸੰਸਾਰ ਦੇ ਹਰ ਮਾਨਵ ਨੂੰ ਕੇਵਲ ਤੇ ਕੇਵਲ ਇਕ ਅਕਾਲ ਪੁਰਖ, ਜੋ ਸਰਬ-ਸ਼ਕਤੀਮਾਨ ਤੇ ਸਰਬ-ਵਿਆਪਕ ਹੈ, ਨਾਲ ਜੋੜਨਾ ਤੇ ਮਾਨਵਤਾ ਨੂੰ ਹਰ ਤਰ੍ਹਾਂ ਦੀ ਗ਼ੁਲਾਮੀ ਤੋਂ ਸੁਤੰਤਰ ਕਰ ਬੇਗਮਪੁਰੇ ਦੇ

ਵਾਸੀ ਬਣਾਉਣਾ ਹੈ। ਗੁਰੂ ਸਾਹਿਬਾਨ ਨੇ ਇਸ ਆਦਰਸ਼ ਦੀ ਸਥਾਪਤੀ ਵਾਸਤੇ 'ਗੁਰੂ-ਗ੍ਰੰਥ ਤੇ ਗੁਰੂ-ਪੰਥ' ਦੀ ਸਿਰਜਣਾ ਤੇ ਸਥਾਪਨਾ ਕੀਤੀ। ਗੁਰੂ ਸਾਹਿਬਾਨ ਦਾ ਉਪਦੇਸ਼ ਬੜਾ ਸਰਲ ਤੇ ਸਪੱਸ਼ਟ ਸੀ ਕਿ 'ਕਿਰਤ ਕਰੋ - ਨਾਮ ਜਪੋ - ਵੰਡ ਛਕੋ।'

ਗੁਰੂ ਸਾਹਿਬਾਨ ਦੀ ਸਿਖਿਆ ਗ੍ਰਹਿਣ ਕਰਨ ਵਾਲਾ ਸਿੱਖ 'ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ', ਧਾਰਣੀ ਹੋ ਗਿਆ। ਇਨ੍ਹਾਂ ਅਸੂਲਾਂ ਨੂੰ ਮਨ-ਬਚ-ਕਰਮ ਤੋਂ ਧਾਰਨ ਕਰਕੇ ਸਿੱਖ ਬ੍ਰਹਿਮੰਡੀ ਸ਼ਹਿਰੀ ਸਦਵਾਏ। ਪਰ ਅਫ਼ਸੋਸ, ਸਮੇਂ ਦੇ ਬੀਤਣ ਨਾਲ ਮੁੱਢਲੀ ਸਿੱਖ ਸੰਸਥਾ, ਗੁਰਦੁਆਰੇ ਦੇ ਪ੍ਰਬੰਧ 'ਚ ਭਾਰੀ ਗਿਰਾਵਟ ਆਈ। ਇਹ ਗਿਰਾਵਟ ਪ੍ਰਬੰਧ, ਮਰਯਾਦਾ, ਪਰੰਪਰਾ ਤੇ ਸਭ ਤੋਂ ਮਾੜੀ, ਮਾੜੇ ਆਚਰਨ ਦੀ ਸੀ, ਜਿਸ ਨੂੰ ਗੁਰਮਤਿ ਕਿਸੇ ਸ਼ਰਤ 'ਤੇ ਪ੍ਰਵਾਨ ਨਹੀਂ ਕਰਦੀ।

ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਦੀ ਨਵ-ਉਸਾਰੀ ਤੇ ਨਵ-ਨਿਰਮਾਣ ਦਾ ਕਾਰਜ ਵੱਡੀ ਪੱਧਰ 'ਤੇ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਆਦਿ ਦੇ ਨਾਂ ਭਾਰੀ ਜਾਇਦਾਦਾਂ ਲਾਈਆਂ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਵੀ ਸੋਨੇ ਦੇ ਪੱਤਰ ਚੜ੍ਹਾਉਣ ਦੀ ਪਹਿਲੀ ਵੇਰ ਸੇਵਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਹੋਈ। ਬੇਸ਼ੁਮਾਰ ਕੀਮਤੀ ਵਸਤਾਂ ਗੁਰੂ-ਘਰਾਂ ਨੂੰ ਭੇਟ ਕੀਤੀਆਂ ਗਈਆਂ। ਇਸ ਸਮੇਂ ਗੁਰਦੁਆਰਾ ਪ੍ਰਬੰਧ ਠੀਕ-ਠਾਕ ਚੱਲਦਾ ਰਿਹਾ ਪਰ ਜੂਨ, 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨਾਲ ਸਿੱਖ ਰਾਜ ਦੀ ਸ਼ਾਮ ਪੈਣੀ ਸ਼ੁਰੂ ਹੋ ਗਈ ਤੇ ਅਖ਼ੀਰ 1849 ਈ. ਵਿਚ ਸਿੱਖ ਰਾਜ ਦਾ ਸੂਰਜ ਅਸਤ ਹੋ ਗਿਆ। ਸਿੱਖ ਰਾਜ ਦੇ ਸੂਰਜ ਛਿਪਣ ਨਾਲ ਗੁਰਦੁਆਰਾ ਪ੍ਰਬੰਧ ਵਿਚ ਵੀ ਗਿਰਾਵਟ ਆਰੰਭ ਹੋ ਗਈ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਪ੍ਰਬੰਧਕ-ਸਰਬਰਾਹ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਨਿਯੁਕਤ ਕੀਤਾ। ਗੁਰਦੁਆਰਾ ਪ੍ਰਬੰਧ ਦੀ ਵਰਤੋਂ ਈਸਾਈ ਮੱਤ ਦੇ ਪੈਰ ਪੰਜਾਬ ਵਿਚ ਜਮਾਉਣ ਲਈ ਕੀਤੀ ਜਾਣ ਲੱਗੀ। ਸਹਿਜੇ-ਸਹਿਜੇ ਸ਼ਰਧਾਲੂ ਸਿੱਖ ਨਾਕਸ ਗੁਰਦੁਆਰਾ ਪ੍ਰਬੰਧ ਕਾਰਨ ਗੁਰੂ ਘਰਾਂ ਤੋਂ ਟੁੱਟਣੇ ਸ਼ੁਰੂ ਹੋ ਗਏ। ਅੰਗਰੇਜ਼ ਰਾਜ ਸਮੇਂ ਹੀ ਗੁਰਦੁਆਰਿਆਂ ਦੇ ਪ੍ਰਬੰਧਕ ਉਦਾਸੀ ਮਹੰਤ/ਸੇਵਾਦਾਰ ਅੰਗਰੇਜ਼ਾਂ ਦੇ ਹੱਥ ਠੋਕਾ ਬਣ ਗਏ। ਇਸ ਨਾਲ ਗੁਰਦੁਆਰਾ ਪ੍ਰਬੰਧ ਸੰਗਤੀ ਪ੍ਰਬੰਧ ਦੀ ਥਾਂ ਵਿਅਕਤੀ ਵਿਸ਼ੇਸ਼ਾਂ ਦੇ ਪ੍ਰਬੰਧ ਅਧੀਨ ਆਉਣਾ ਸ਼ੁਰੂ ਹੋ ਗਿਆ। ਮਹੰਤ-ਪੁਜਾਰੀ ਦੀ ਮੌਤ ਉਪਰੰਤ ਉਸਦਾ ਉਤਰਾਧਿਕਾਰੀ ਵਿਅਕਤੀ ਵਿਸ਼ੇਸ਼ ਪ੍ਰਬੰਧਕ ਬਣ ਜਾਂਦਾ, ਭਾਵੇਂ ਉਹ ਗੁਰਮਤਿ ਦਾ ਧਾਰਣੀ ਹੋਵੇ ਜਾਂ ਨਾ। ਗੁਰੂ-ਘਰ ਦੇ ਪ੍ਰਬੰਧਕ-ਚੜ੍ਹਤ ਚੜ੍ਹਾਵੇ ਤੇ ਜਾਇਦਾਦਾਂ ਦੇ ਪ੍ਰਬੰਧਕ ਬਣ ਗਏ ਤੇ ਗੁਰੂ ਘਰਾਂ ਦੇ ਨਿਵਾਸ ਅਸਥਾਨ ਦੁਰਾਚਾਰ ਦੇ ਅੱਡੇ ਬਣ ਗਏ। ਇਸ ਤਰ੍ਹਾਂ ਇਤਿਹਾਸਕ ਗੁਰਦੁਆਰੇ ਮਨਮਤਿ ਦਾ ਪ੍ਰਚਾਰ ਕੇਂਦਰ ਬਣ ਗਏ। ਜੋ ਕੁਝ ਸਿੱਖੀ ਦੇ ਸੋਮਿਆਂ 'ਚ ਹੋਇਆ, ਉਸ ਬਾਰੇ ਲਿਖਦਿਆਂ-ਪੜ੍ਹਦਿਆਂ ਵੀ ਸ਼ਰਮ ਆਉਂਦੀ ਹੈ। ਕਹਿਣ ਦਾ ਭਾਵ, ਸੰਸਾਰ ਦੇ ਸਾਰੇ ਕੁਕਰਮ ਇਨ੍ਹਾਂ ਧਰਮ ਮੰਦਰਾਂ 'ਚ ਕੁਝ ਮਹੰਤਾਂ-ਪੁਜਾਰੀਆਂ ਤੇ ਸਰਬਰਾਹਾਂ ਦੀ ਸਰਪ੍ਰਸਤੀ ਹੇਠ ਹੋਏ।

ਇਨ੍ਹਾਂ ਕੁਕਰਮਾਂ ਨੂੰ ਠੱਲ੍ਹ ਪਾਉਣ ਲਈ ਚੇਤੰਨ ਗੁਰਸਿੱਖਾਂ ਨੇ ਸ਼ਕਤੀ ਤੇ ਸਮਰੱਥਾ ਨੂੰ ਇਕੱਤਰਿਤ ਕਰਨ ਲਈ ਜਥੇਬੰਦਕ ਰੂਪ ਧਾਰਨਾ ਸ਼ੁਰੂ ਕੀਤਾ। ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ ਸਥਾਪਤ ਹੋਏ, ਜਿਨ੍ਹਾਂ ਦੁਰਮਤਿ ਤੇ ਅਗਿਆਨਤਾ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ। ਪਹਿਲਾਂ ਸਿੱਖ ਇਤਨੇ ਚੇਤੰਨ ਸਨ ਕਿ ਉਹ ਵਿਅਕਤੀਵਾਦ ਦੀ ਬੀਮਾਰੀ ਤੋਂ ਬਚਣ ਲਈ ਕਿਸੇ ਸੰਬੰਧਿਤ—ਇਮਾਰਤ, ਗੁਰਦੁਆਰੇ ਤੇ ਸੰਸਥਾ ਆਦਿ ਦਾ ਨਾਂ ਵੀ ਵਿਅਕਤੀ ਵਿਸ਼ੇਸ਼ ਦੇ ਨਾਂ ਨਾ ਰੱਖਦੇ।

ਗੁਰਮਤਿ ਅਨੁਸਾਰ ਕਿਸੇ ਕਿਸਮ ਦਾ ਵਿਤਕਰਾ-ਵਖਰੇਵਾਂ ਕਿਸੇ ਵੀ ਜਾਤਿ, ਧਰਮ, ਨਸਲ, ਵਿਤਕਰੇ ਆਦਿ ਨੂੰ ਮੰਨ ਕੇ ਨਹੀਂ ਕੀਤਾ ਜਾਂਦਾ ਪਰ ਮਹੰਤਾਂ ਪੁਜਾਰੀਆਂ ਦੀ ਬੁਰਛਾ-ਗਰਦੀ ਸਮੇਂ ਗੁਰਦੁਆਰਿਆਂ 'ਚ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਆਉਣ ਦੀ ਸਖ਼ਤ ਮਨਾਹੀ ਸੀ। ਇਸ ਸਮੇਂ ਕੜਾਹ ਪ੍ਰਸਾਦਿ, ਅਰਦਾਸ ਤੇ ਲੰਗਰ-ਪੰਗਤ ਦੀ ਦੈਵੀ ਸਾਂਝ ਵੀ ਖੇਰੂ-ਖੇਰੂ ਹੋ ਗਈ।

12 ਅਕਤੂਬਰ, 1920 ਨੂੰ ਖ਼ਾਲਸਾ ਬਰਾਦਰੀ ਦਾ ਸਾਲਾਨਾ ਦੀਵਾਨ ਅੰਮ੍ਰਿਤਸਰ 'ਚ ਹੋਇਆ ਜਿਸ ਵਿਚ ਬਹੁਤ ਸਾਰੇ ਅਖੌਤੀ ਨੀਵੀ ਜਾਤਿ ਨਾਲ ਸੰਬੰਧਿਤ ਸਿੱਖ, ਗੁਰੂ-ਬਖ਼ਸ਼ਿਸ਼ ਨਾਲ ਅੰਮ੍ਰਿਤ ਦੀ ਪਾਹੁਲ ਪ੍ਰਾਪਤ ਕਰ, ਨਾਨਕ ਨਿਰਮਲ ਪੰਥ ਦੇ ਮੈਂਬਰ ਬਣੇ। ਨਵੇਂ ਸਜੇ ਸਿੰਘ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਿਰਜਤ ਸਰਬ-ਸਾਂਝੇ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਆਏ ਤਾਂ ਪੁਜਾਰੀ ਨੱਕ-ਮੂੰਹ ਵੱਟਣ ਲੱਗੇ। ਥੋੜ੍ਹੀ ਨੋਕ-ਝੋਕ ਤੋਂ ਬਾਅਦ ਪੁਜਾਰੀ ਅਰਦਾਸ ਕਰਨ ਤੇ ਹੁਕਮਨਾਮਾ ਲੈਣ ਲਈ ਸਹਿਮਤ ਹੋ ਗਏ। ਹੁਕਮਨਾਮੇ ਦੇ ਬੋਲ ਸਨ :

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥

(ਸੋਰਠਿ ਮਹਲਾ ੩, ਪੰਨਾ 638)

ਜਦ ਇਨ੍ਹਾਂ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਬੇਨਤੀ ਲਈ ਹਾਜ਼ਰ ਹੋਇਆ ਤਾਂ ਅਕਾਲ ਤਖ਼ਤ ਦੇ ਪੁਜਾਰੀ ਹਰਨ ਹੋ ਗਏ। ਸਿੰਘਾਂ ਨੇ ਫ਼ੈਸਲਾ ਕੀਤਾ ਕਿ ਗੁਰੂ ਦਾ ਤਖ਼ਤ ਸੁੰਞਾ ਨਹੀਂ ਰਹਿਣਾ ਚਾਹੀਦਾ ਤੇ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਜਥਾ ਨਿਯਤ ਕਰ ਦਿੱਤਾ। ਦੂਸਰੇ ਪਾਸੇ ਜ਼ਿਲੇ ਦੇ ਪ੍ਰਸ਼ਾਸਨਿਕ ਅਧਿਕਾਰੀ ਨੇ ਹਾਲਾਤ ਨੂੰ ਦੇਖਦੇ ਹੋਏ 9 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਹਾਮੀ ਤੇ ਹਮਾਇਤੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕਰਵਾਇਆ ਅਤੇ 15 ਨਵੰਬਰ, 1920 ਨੂੰ ਸਿੱਖਾਂ ਦਾ ਪ੍ਰਤਿਨਿਧ ਇਕੱਠ ਬੁਲਾਇਆ ਗਿਆ। ਪ੍ਰਤਿਨਿਧ ਇਕੱਠ ਵਿਚ 175 ਮੈਂਬਰਾਂ ਦੀ ਕਮੇਟੀ ਬਣਾਈ ਗਈ, ਜਿਸ ਦਾ ਨਾਂ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਰੱਖਿਆ ਗਿਆ। ਭਾਈ ਜੋਧ ਸਿੰਘ ਨੇ ਭੁੱਲਾਂ ਬਖ਼ਸ਼ਾਉਣ ਵਾਲੇ ਸਿੱਖਾਂ ਦਾ ਜ਼ਿਕਰ ਕੀਤਾ। ਪ੍ਰਤਿਨਿਧ ਇਕੱਠ ਦੀ ਸਮੁੱਚੀ ਕਾਰਵਾਈ ਵਾਚਦਿਆਂ ਮੇਰੇ ਸਨਮੁਖ ਹੈਰਾਨੀ-ਜਨਕ ਸੱਚ ਸਾਹਮਣੇ ਆਏ ਹਨ ਕਿ ਸਿੱਖਾਂ ਵਿਚ ਉਸ ਸਮੇਂ ਕਿਤਨੀ

ਪੰਥ ਪ੍ਰਸਤੀ, ਗੁਰੂ ਸਮਰਪਣ, ਚੇਤੰਨਤਾ ਤੇ ਗਿਆਨ ਪ੍ਰਾਪਤੀ ਦੀ ਸਿੱਕ ਸੀ। ਪ੍ਰਤਿਨਿਧ ਇਕੱਠ ਦੀ ਸੁਧਾਈ ਵਾਸਤੇ ਗੁਰਮਤਿ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਗਈ। ਉਨ੍ਹਾਂ ਵਿੱਚੋਂ ਤਿੰਨ ਪਿਆਰੇ ਵਿੱਦਿਅਕ ਯੋਗਤਾ ਵਜੋਂ ਉਸ ਸਮੇਂ ਐਮ.ਏ. ਸਨ—ਸੰਤ ਭਾਈ ਤੇਜਾ ਸਿੰਘ ਐਮ.ਏ. (ਮਸਤੂਆਣਾ), ਭਾਈ ਜੋਧ ਸਿੰਘ ਐਮ.ਏ, ਬਾਵਾ ਹਰਕਿਸ਼ਨ ਸਿੰਘ ਐਮ.ਏ., ਜਥੇਦਾਰ ਭਾਈ ਤੇਜਾ ਸਿੰਘ (ਸੈਂਟਰਲ ਖ਼ਾਲਸਾ ਦੀਵਾਨ) ਅਤੇ ਸ. ਬਲਵੰਤ ਸਿੰਘ ਰਈਸ। ਇਸ ਕਮੇਟੀ ਦੀ ਪਲੇਠੀ ਮੀਟਿੰਗ 12 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਸਭ ਤੋਂ ਪਹਿਲਾਂ ਪੰਜ ਪਿਆਰੇ ਚੁਣੇ ਗਏ, ਜਿਨ੍ਹਾਂ ਸਾਰਿਆਂ ਮੈਂਬਰਾਂ ਦੀ ਸੋਧ ਕੀਤੀ ਤੇ ਅਹੁਦੇਦਾਰਾਂ ਦੀ ਚੋਣ ਕੀਤੀ। ਪਹਿਲੀ ਇਕੱਤ੍ਰਤਾ ਸਮੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਧਾਨ ਬਣਾਉਣ ਲਈ ਇਕ ਸਬ-ਕਮੇਟੀ ਬਣਾਈ ਗਈ। 30 ਅਪ੍ਰੈਲ, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਰਜਿਸਟਰੇਸ਼ਨ ਕਰਵਾ ਲਈ ਗਈ।

ਚੁਣੀ ਹੋਈ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਪ੍ਰਬੰਧ ਲੈਣ ਲਈ ਮਹੰਤਾਂ ਨਾਲ ਗੱਲਬਾਤ ਚੱਲ ਰਹੀ ਸੀ ਤਾਂ ਪੁਜਾਰੀਆਂ ਨੇ ਗੋਲੀ ਚਲਾ ਦਿੱਤੀ, ਜਿਸ ਵਿਚ ਭਾਈ ਹਜ਼ਾਰਾ ਸਿੰਘ ਜੀ ਸ਼ਹੀਦ ਹੋ ਗਏ, ਜੋ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਸਦਵਾਏ।

20 ਫ਼ਰਵਰੀ, 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਵਾਪਰ ਗਿਆ ਜਿਸ ਵਿਚ ਅਨੇਕਾਂ ਸਿੰਘ ਮਹੰਤ ਨਰੈਣ ਦਾਸ ਦੇ ਗੁੰਡਿਆਂ ਦੀਆਂ ਗੋਲੀਆਂ, ਗੰਡਾਸੀਆਂ, ਛਵੀਆਂ ਤੇ ਡਾਂਗਾਂ ਦੇ ਸ਼ਿਕਾਰ ਹੋਏ। ਕੁਝ ਸਿੱਖਾਂ ਨੂੰ ਮਹੰਤ ਦੇ ਆਦਮੀਆਂ ਨੇ ਜੰਡ ਦੇ ਦਰੱਖ਼ਤ ਨਾਲ ਬੰਨ੍ਹ, ਜੀਉਂਦੇ-ਜੀਅ ਸਾੜ ਦਿੱਤਾ। ਇਸ ਅਤਿ ਦੁਖਦਾਈ ਹਿਰਦੇ-ਵੇਦਕ ਘਟਨਾ ਤੋਂ ਪਿੱਛੋਂ 21 ਫ਼ਰਵਰੀ, 1921 ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਇਆ।

8 ਅਗਸਤ, 1921 ਨੂੰ ਗੁਰੂ ਕੇ ਬਾਗ਼, ਘੂਕੇ ਵਾਲੀ ਅੰਮ੍ਰਿਤਸਰ ਦਾ ਮਾਮਲਾ ਮੋਰਚੇ ਦਾ ਰੂਪ ਧਾਰਨ ਕਰ ਗਿਆ। ਅੰਗਰੇਜ਼ ਹਾਕਮ ਅਸਲ ਵਿਚ ਪੂਰੀ ਤਰ੍ਹਾਂ ਮਹੰਤਾਂ ਤੇ ਪੁਜਾਰੀਆਂ ਦੀ ਪਿੱਠ 'ਤੇ ਸਨ। ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ, ਅੰਗਰੇਜ਼ ਸਾਮਰਾਜ ਤੇ ਕੁਰੱਪਟ ਮਹੰਤਾਂ-ਪੁਜਾਰੀਆਂ ਦੇ ਖ਼ਿਲਾਫ਼ ਲੰਬੀ ਲੜਾਈ ਲੜਦੇ ਅਨੇਕਾਂ ਕੁਰਬਾਨੀਆਂ ਤੇ ਤਸੀਹੇ ਝੱਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ। ਚਾਬੀਆਂ ਦਾ ਮੋਰਚਾ, ਗੁਰਦੁਆਰਾ ਭਾਈ ਫੇਰੂ ਦਾ ਮੋਰਚਾ, ਜੈਤੋ ਦਾ ਮੋਰਚਾ, ਕ੍ਰਿਪਾਨ ਦਾ ਮੋਰਚਾ ਆਦਿ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਕਹਾਣੀ ਰੂਪਮਾਨ ਕਰਦੇ ਹਨ। ਅਖ਼ੀਰ ਅੰਗਰੇਜ਼ ਸਾਮਰਾਜ ਨੂੰ ਸੰਗਠਿਤ ਸਿੱਖ-ਸ਼ਕਤੀ ਅੱਗੇ ਗੋਡੇ ਟੇਕਣੇ ਪਏ। 1925 'ਚ ਸਿੱਖ ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਸ਼ਵ ਦੀ ਪਹਿਲੀ ਲੋਕਤੰਤਰੀ ਢੰਗ ਦੁਆਰਾ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਸੰਭਾਲਣ ਵਾਲੀ ਸੰਸਥਾ ਹੋਂਦ ਵਿਚ ਆਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਿਰਜਣਾ ਸਿੱਖ ਸ਼ਹੀਦਾਂ ਦੇ ਸਿਰਾਂ 'ਤੇ ਹੋਈ ਹੈ। 1920 ਤੋਂ 1925 ਈ. ਤੀਕ ਚੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਪਣੀ ਚਰਮ ਸੀਮਾ 'ਤੇ ਸੀ। ਇਸ ਸਮੇਂ ਦੌਰਾਨ ਜੋ ਕੁਰਬਾਨੀਆਂ ਸਿੱਖੀ ਦੇ ਪਰਵਾਨਿਆਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਹਿੱਤ ਕੀਤੀਆਂ, ਮਾਨਸਿਕ, ਸਰੀਰਕ ਤਸੀਹੇ ਸਹੇ, ਉਹਨਾਂ ਨੂੰ ਬਿਆਨ ਕਰਨਾ ਮੁਸ਼ਕਿਲ ਹੈ। ਇਕ ਈਸਾਈ ਪਾਧਰੀ ਦੇ ਅੱਖੀਂ ਡਿੱਠੇ ਹਾਲ ਤੋਂ ਸਪੱਸ਼ਟ ਹੋ ਜਾਂਦਾ ਹੈ ਜੋ ਉਸਨੇ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਸਿੱਖਾਂ 'ਤੇ ਹੁੰਦੇ ਜਬਰ-ਜ਼ੁਲਮ ਨੂੰ ਦੇਖ ਕੇ ਲਿਖੇ ਅਤੇ ਕਿਹਾ : 'ਮੈਂ ਸੈਂਕੜੇ ਈਸਾ ਸੂਲੀ 'ਤੇ ਚੜ੍ਹਦੇ ਦੇਖੇ।'

ਅਕਾਲ ਦੇ ਪੁਜਾਰੀ ਗੁਰਸਿੱਖ 'ਅਕਾਲੀ' ਸਦਵਾਏ ਜਿਨ੍ਹਾਂ ਨੇ ਗੁਰਧਾਮਾਂ, ਗੁਰਦੁਆਰਿਆਂ ਦੀ ਅਜ਼ਮਤ ਵਾਸਤੇ ਅੰਗਰੇਜ਼ ਸਰਕਾਰ ਦੇ ਵਿਰੁੱਧ ਭੁੱਖੇ-ਤਿਹਾਏ, ਨੰਗੇ ਪਿੰਡੇ ਲੰਬੇਰਾ ਸੰਘਰਸ਼ ਲੜਿਆ ਤੇ ਸਫਲਤਾ ਦੀਆਂ ਸਰ-ਬੁਲੰਦੀਆਂ ਨੂੰ ਛੂਹਿਆ। ਇਹ ਗੁਰੂ ਕੇ ਲਾਲ ਤਨ, ਮਨ, ਬਚਨ, ਕਰਮ ਤੋਂ ਅਕਾਲ ਦੇ ਪੁਜਾਰੀ ਸਨ ਤੇ ਨਿਰਸੁਆਰਥ ਨਿਸ਼ਕਾਮ ਸੇਵਾ ਰਾਹੀਂ ਸਿੱਖੀ ਦੇ ਸੋਮਿਆਂ ਗੁਰਦੁਆਰਿਆਂ 'ਚ ਗੁਰਸਿੱਖੀ ਸਿਧਾਂਤ ਤੇ ਮਰਯਾਦਾ ਬਹਾਲ ਕਰਾਉਣਾ ਇਨ੍ਹਾਂ ਦਾ ਆਦਰਸ਼ ਸੀ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਸਫਲ ਕਰਨ ਲਈ ਮਰਜੀਵੜਿਆਂ ਦੀ ਜਥੇਬੰਦੀ 14 ਦਸੰਬਰ, 1920 ਨੂੰ 'ਸ਼੍ਰੋਮਣੀ ਅਕਾਲੀ ਦਲ' ਹੋਂਦ ਵਿਚ ਆਈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਖੜਗ ਭੁਜਾ ਕਿਹਾ ਜਾਂਦਾ ਸੀ। ਅਕਾਲੀ ਲਹਿਰ ਨੇ ਹੀ ਗੁਰਦੁਆਰਾ ਚੋਣਾਂ ਵਿਚ ਪਹਿਲੀ ਵਾਰ ਸਿੱਖ ਬੀਬੀਆਂ ਨੂੰ ਵੋਟ ਦਾ ਅਧਿਕਾਰ ਦਿਵਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਕੇਵਲ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਹੀ ਨਹੀਂ ਕਰਦੀ, ਸਗੋਂ ਇਸ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੇ ਇਤਿਹਾਸਕ ਕਾਰਜ ਤੇ ਫ਼ੈਸਲੇ ਕੀਤੇ ਹਨ, ਜਿਨ੍ਹਾਂ ਬਾਰੇ ਸੰਖੇਪ ਵਿਚ ਅਸੀਂ ਵਿਚਾਰ ਕਰਾਂਗੇ।

ਗੁਰਦੁਆਰਾ ਐਕਟ ਬਣਨ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਧੀਵਤ ਕਾਰਜ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪੰਜ ਸਾਲਾਂ ਬਾਅਦ ਬਾਲਗ਼ ਸਿੱਖ ਵੋਟਰਾਂ ਦੁਆਰਾ ਕੀਤੀ ਜਾਂਦੀ ਹੈ ਪਰ ਚੋਣ ਕੇਂਦਰ ਸਰਕਾਰ ਕਰਾਉਂਦੀ ਹੈ। ਮੌਜੂਦਾ ਹਾਊਸ ਵਿਚ ਕੁਲ 190 ਮੈਂਬਰ ਹਨ ਜਿਨ੍ਹਾਂ 'ਚੋਂ 120 ਚੋਣ ਹਲਕਿਆਂ ਵਿੱਚੋਂ ਚੁਣ ਕੇ ਆਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤੋਂ ਹੁੰਦੀ ਹੈ ਪਰ 15 ਮੈਂਬਰ ਦੇਸ਼ ਭਰ ਵਿੱਚੋਂ ਨਾਮਜ਼ਦ ਕੀਤੇ ਜਾਂਦੇ ਹਨ। 30 ਸੀਟਾਂ ਬੀਬੀਆਂ ਵਾਸਤੇ ਰਾਖਵੀਆਂ ਹਨ। ਜਨਰਲ ਚੋਣ ਤੋਂ ਬਾਅਦ ਹਰ ਸਾਲ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਹੁੰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਕਾਰਜ ਭਾਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੈਕਸ਼ਨ 85, ਸੈਕਸ਼ਨ 87, ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰੀਸਰਚ ਬੋਰਡ, ਐਜੂਕੇਸ਼ਨ ਕਮੇਟੀ, ਟਰੱਸਟ ਬ੍ਰਾਂਚ, ਆਦਿ ਵੱਖ-ਵੱਖ ਵਿਭਾਗ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸੈਕਸ਼ਨ 85 'ਚ 54 ਵੱਡੇ ਇਤਿਹਾਸਕ ਗੁਰਦੁਆਰੇ ਆਉਂਦੇ ਹਨ ਤੇ ਸੈਕਸ਼ਨ 87 ਅਧੀਨ ਛੋਟੇ ਇਤਿਹਾਸਕ ਗੁਰਦੁਆਰੇ ਸ਼ਾਮਿਲ ਹਨ, ਜਿਸ ਵਿਚ ਚੁਣੀਆਂ ਕਮੇਟੀਆਂ, ਨਾਮਜ਼ਦ ਕਮੇਟੀਆਂ ਅਤੇ ਲੋਕਲ ਕਮੇਟੀਆਂ ਸ਼ਾਮਿਲ ਹਨ। ਧਰਮ ਪ੍ਰਚਾਰ ਕਮੇਟੀ ਅਧੀਨ ਵੱਖ-ਵੱਖ ਰਾਜਾਂ 'ਚ 11 ਸਿੱਖ ਮਿਸ਼ਨ ਸਥਾਪਤ ਹਨ ਤੇ 10 ਮਿਸ਼ਨਰੀ ਕਾਲਜ ਚਲਾਏ ਜਾ ਰਹੇ ਹਨ। ਟਰੱਸਟ ਵਿਭਾਗ ਰਾਹੀਂ ਦੋ ਮੈਡੀਕਲ ਕਾਲਜ, ਦੋ ਇੰਜੀਨੀਅਰਿੰਗ ਕਾਲਜ, ਅਨੇਕਾਂ ਡਿਗਰੀ ਕਾਲਜ ਤੇ ਸਕੂਲ ਚਲਾਏ ਜਾ ਰਹੇ ਹਨ।

ਲੋਕ ਕਲਿਆਣਕਾਰੀ ਕਾਰਜਾਂ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਗਲਵਾੜਾ ਭਗਤ ਪੂਰਨ ਸਿੰਘ, ਯਤੀਮਖ਼ਾਨਾ, ਬਿਰਧ ਘਰ ਆਦਿ ਨੂੰ ਸਾਲਾਨਾ ਸਹਾਇਤਾ ਦੇਂਦੀ ਹੈ। ਇਸ ਤੋਂ ਇਲਾਵਾ ਹੜ੍ਹ-ਪੀੜਤਾਂ, ਭੂਚਾਲ-ਪੀੜਤਾਂ, ਸੁਨਾਮੀ ਪੀੜਤਾਂ, ਜੂਨ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ, ਜੋਧਪੁਰ ਦੇ ਕੈਦੀਆਂ, ਧਰਮੀ ਫ਼ੌਜੀਆਂ ਦੀ ਮਦਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਕਰਦੀ ਹੈ।

ਜਾਤੀ ਭੇਦ-ਭਾਵ ਨੂੰ ਮਿਟਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ। ਕੋਈ ਸਿੱਖ ਕਿਸੇ ਨਾਲ ਜਾਤੀ ਭੇਦ-ਭਾਵ ਨਹੀਂ ਕਰੇਗਾ ਤੇ ਨਾ ਹੀ ਕਿਸੇ ਦੀ ਜਾਤ ਬਰਾਦਰੀ ਪੁੱਛੇਗਾ। ਮਹੰਤਾਂ ਤੇ ਪੁਜਾਰੀਆਂ ਦੇ ਪ੍ਰਬੰਧ ਕਾਰਨ ਹਰ ਗੁਰਦੁਆਰੇ ਦੀ ਆਪਣੀ ਮਰਯਾਦਾ ਸੀ ਜਿਸ ਨੂੰ ਇਕਸੁਰ ਤੇ ਇਕਸਾਰ ਕਰਨ ਲਈ 'ਸਿੱਖ ਰਹਿਤ ਮਰਯਾਦਾ' ਨਿਸਚਿਤ ਕੀਤੀ ਗਈ ਜਿਸ ਨੂੰ ਸਮੁੱਚੇ 'ਗੁਰੂ ਪੰਥ' ਦੀ ਪ੍ਰਵਾਨਗੀ ਹਾਸਲ ਹੈ।

17 ਜੂਨ 1923 ਨੂੰ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਕਰਵਾਈ ਗਈ ਜੋ ਇਤਿਹਾਸਕ ਕਾਰਜ ਸੀ। ਗੁਰਦੁਆਰਾ ਪ੍ਰਬੰਧ ਦੀ ਆਮਦਨ-ਖ਼ਰਚ ਦੇ ਹਿਸਾਬ ਕਿਤਾਬ ਨੂੰ ਪਾਰਦਰਸ਼ੀ ਕਰਨ ਲਈ 1927 ਤੋਂ ਮਾਸਿਕ ਪੱਤਰ *ਗੁਰਦੁਆਰਾ ਗਜ਼ਟ* ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਗਿਆ ਜੋ ਨਿਰੰਤਰ ਜਾਰੀ ਹੈ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸਥਾਪਤ ਕੀਤਾ ਗਿਆ। ਹੁਣ ਮਿਸ਼ਨਰੀ ਕਾਲਜਾਂ ਦੀ ਗਿਣਤੀ 10 ਹੈ ਜੋ ਵੱਖ-ਵੱਖ ਰਾਜਾਂ 'ਚ ਚਲਾਏ ਜਾ ਰਹੇ ਹਨ। ਸਿੱਖ ਇਤਿਹਾਸ ਰੀਸਰਚ ਬੋਰਡ ਦੀ ਸਥਾਪਨਾ ਕੀਤੀ ਗਈ ਤਾਂ ਜੋ ਪ੍ਰਮਾਣਿਕ ਸਿੱਖ ਇਤਿਹਾਸ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ।

ਪੰਜਾਬੀ ਸੂਬੇ ਦੀ ਸਥਾਪਤੀ ਵਾਸਤੇ ਮਤਾ ਪਾਸ ਕੀਤਾ ਗਿਆ ਤੇ ਮੋਰਚਾ ਲਾਇਆ ਗਿਆ। ਅਜ਼ਾਦੀ ਲਹਿਰ ਨੂੰ ਪੂਰਨ ਸਹਿਯੋਗ ਤੇ ਸਮਰਥਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਦਿੱਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਕਾਨੂੰਨੀ ਅਧਿਕਾਰ ਖੇਤਰ ਗੁਰਦੁਆਰਾ ਪ੍ਰਬੰਧ ਸੰਬੰਧੀ ਭਾਵੇਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤੀਕ ਸੀਮਤ ਹੈ ਪਰ ਵਿਸ਼ਵ ਭਰ ਵਿਚ ਵੱਸੇ ਸਿੱਖ ਇਸ ਨੂੰ ਆਪਣੀ ਪ੍ਰਤਿਨਿਧ ਸੰਸਥਾ ਮੰਨਦੇ ਹਨ। ਵਿਸ਼ਵ ਭਰ 'ਚੋਂ ਸਿੱਖਾਂ ਨਾਲ ਸੰਬੰਧਿਤ ਮਸਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੀ ਆਉਂਦੇ ਹਨ, ਮਸਲਾ ਭਾਵੇਂ ਦਸਤਾਰ ਦਾ ਹੋਵੇ ਜਾਂ ਕਕਾਰਾਂ ਦਾ ਜਾਂ ਕਿਸੇ ਵੀ ਤਰ੍ਹਾਂ ਦੀ ਸਿੱਖਾਂ ਵਿਰੁੱਧ ਧੱਕੇਸ਼ਾਹੀ ਦਾ।

ਗੁਰਦੁਆਰਿਆਂ ਦੀ ਨਵ-ਉਸਾਰੀ ਤੇ ਨਵ-ਨਿਰਮਾਣ, ਸਰਾਵਾਂ ਦਾ ਢੁੱਕਵਾਂ ਪ੍ਰਬੰਧ, ਸਿੱਖ ਵਿਰਸੇ ਤੇ ਵਿਰਾਸਤਾ ਨੂੰ ਸੰਭਾਲਣ ਤੇ ਸਿੱਖ ਧਰਮ ਪ੍ਰਚਾਰ-ਪ੍ਰਸਾਰ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਰੇਡੀਓ, ਟੀ.ਵੀ., ਇੰਟਰਨੈੱਟ ਮਾਧਿਅਮ ਨੂੰ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ।

ਗੁਰਬਾਣੀ, ਸਿੱਖ ਰਹਿਤ ਮਰਯਾਦਾ ਤੇ ਸਿੱਖ ਸਾਹਿਤ ਦੇ ਪ੍ਰਚਾਰ-ਪ੍ਰਸਾਰ, ਗੁਰਮਤਿ ਸਾਹਿਤ ਦੇ ਪ੍ਰਕਾਸ਼ਨ ਲਈ ਆਪਣੇ ਵਿਸ਼ੇਸ਼ ਛਾਪੇਖ਼ਾਨੇ ਲਾਏ ਗਏ ਹਨ, ਜਿਨ੍ਹਾਂ ਵਿਚ ਗੁਰਬਾਣੀ ਦੀ ਪ੍ਰਕਾਸ਼ਨ ਸੇਵਾ, ਅਦਬ-ਸਤਿਕਾਰ ਅਤੇ ਮਰਯਾਦਾ ਨਾਲ ਕੀਤੀ ਜਾਂਦੀ ਹੈ।

ਸਿੱਖਾਂ ਦੀ ਇਸ ਸ਼੍ਰੋਮਣੀ ਸੰਸਥਾ ਦੇ ਪਹਿਲੇ ਪ੍ਰਧਾਨ ਹੋਣ ਦਾ ਮਾਣ ਸ. ਸੁੰਦਰ ਸਿੰਘ ਮਜੀਠੀਆ ਨੂੰ ਪ੍ਰਾਪਤ ਹੋਇਆ। ਸਮੇਂ-ਸਮੇਂ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ, ਪੰਥ ਰਤਨ ਮਾਸਟਰ ਤਾਰਾ ਸਿੰਘ ਜੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਲੋਹ ਪੁਰਸ਼ ਜਥੇਦਾਰ ਜਗਦੇਵ ਸਿੰਘ ਤਲਵੰਡੀ, ਬੀਬੀ ਜਗੀਰ ਕੌਰ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਆਦਿ ਇਸ ਸੰਸਥਾ ਦੇ ਪ੍ਰਧਾਨ ਵਜੋਂ ਸੇਵਾ ਨਿਬਾਹੁੰਦੇ ਰਹੇ। ਪਿਛਲੇ ਪੰਜ ਸਾਲਾਂ ਤੋਂ ਨਿਰੰਤਰ ਜਥੇਦਾਰ ਅਵਤਾਰ ਸਿੰਘ (ਮੱਕੜ) ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੋਂ ਸੇਵਾ ਨਿਭਾ ਰਹੇ ਹਨ।

1920 ਈ. ਤੋਂ ਲੈ ਕੇ ਹੁਣ ਤੀਕ ਸ਼੍ਰੋਮਣੀ ਸਿੱਖ ਸੰਸਥਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨਗੀ ਪਦਵੀ 'ਤੇ ਸੁਸ਼ੋਭਿਤ ਹੋ ਚੁੱਕੀਆਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਦੇ ਸੰਖੇਪ ਜੀਵਨ ਤੇ ਪ੍ਰਾਪਤੀਆਂ ਬਾਰੇ ਅਗਲੇ ਪੰਨਿਆਂ 'ਚ ਸੰਖੇਪ ਵਿਚਾਰ ਕੀਤੀ ਜਾਵੇਗੀ।



ਸ. ਸੁੰਦਰ ਸਿੰਘ ਮਜੀਠੀਆ

1

ਸ. ਸੁੰਦਰ ਸਿੰਘ ਮਜੀਠੀਆ

ਸ. ਸੁੰਦਰ ਸਿੰਘ ਜੀ ਮਜੀਠੀਆ ਦਾ ਜਨਮ 17 ਫ਼ਰਵਰੀ, 1872 ਈ. ਨੂੰ ਕਸਬਾ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ 'ਚ ਖ਼ਾਲਸਾ ਰਾਜ ਦੇ ਸਨਮਾਨਤ ਫ਼ੌਜੀ ਕਮਾਂਡਰ ਰਾਜਾ ਸੂਰਤ ਸਿੰਘ ਦੇ ਘਰ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਇਨ੍ਹਾਂ ਦੇ ਦਾਦਾ ਸ. ਅਤਰ ਸਿੰਘ ਨੂੰ ਜਗੀਰ ਪ੍ਰਾਪਤ ਹੋਈ। ਸ. ਅਤਰ ਸਿੰਘ ਦੀ ਸ਼ਹਾਦਤ ਰਣਤੱਤੇ 'ਚ ਹੋਣ ਉਪਰੰਤ ਉਨ੍ਹਾਂ ਦੇ ਸਪੁੱਤਰ ਰਾਜਾ ਸੂਰਤ ਸਿੰਘ ਨੂੰ ਪਿਸ਼ਾਵਰ ਦਾ ਕਮਾਂਡਰ ਨਿਯੁਕਤ ਕੀਤਾ ਗਿਆ।

ਸ. ਸੁੰਦਰ ਸਿੰਘ ਹੋਰੀਂ ਦੋ ਭਾਈ ਸਨ। ਇਨ੍ਹਾਂ ਦੇ ਵੱਡੇ ਭਰਾਤਾ ਦਾ ਨਾਮ ਸ. ਉਮਰਾਓ ਸਿੰਘ ਸੀ ਜੋ ਵਿਸ਼ਵ ਪ੍ਰਸਿੱਧ ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੇ ਪਿਤਾ ਸਨ। 1875 ਈ. 'ਚ ਇਨ੍ਹਾਂ ਦੀ ਮਾਤਾ ਚੜ੍ਹਾਈ ਕਰ ਗਏ ਤੇ 6 ਸਾਲ ਬਾਅਦ ਇਨ੍ਹਾਂ ਦੇ ਪਿਤਾ ਜੀ ਵੀ ਗੁਰਪੁਰੀ ਪਿਆਨਾ ਕਰ ਗਏ। ਮਾਤਾ-ਪਿਤਾ ਦੇ ਸਦੀਵੀ ਵਿਛੋੜੇ ਦਾ ਇਨ੍ਹਾਂ ਦੇ ਬਾਲਪਨ 'ਤੇ ਬਹੁਤ ਅਸਰ ਹੋਇਆ। ਮੈਟ੍ਰਿਕ ਲਾਹੌਰ ਤੋਂ ਕਰਨ ਉਪਰੰਤ ਆਪ ਜੀ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਗੌਰਮਿੰਟ ਕਾਲਜ, ਲਾਹੌਰ ਦਾਖ਼ਲ ਹੋਏ ਪਰ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਕਾਲਜ ਛੱਡਣਾ ਪਿਆ। ਕਾਲਜ ਦੀ ਪੜ੍ਹਾਈ ਦੌਰਾਨ ਹੀ ਇਨ੍ਹਾਂ ਨੂੰ ਫੋਟੋਗ੍ਰਾਫੀ ਵਿਚ ਡੂੰਘੀ ਦਿਲਚਸਪੀ ਹੋ ਗਈ ਅਤੇ ਜੀਵਨ ਭਰ ਇਨ੍ਹਾਂ ਦਾ ਸ਼ੌਕ ਬਣੀ ਰਹੀ।

1889 ਈ. 'ਚ 17 ਸਾਲ ਦੀ ਭਰ ਜੁਆਨੀ 'ਚ ਸ. ਸੁੰਦਰ ਸਿੰਘ ਹੋਰੀਂ ਅੰਮ੍ਰਿਤ ਛਕ ਕੇ ਗੁਰੂ-ਪਰਿਵਾਰ ਦੇ ਮੈਂਬਰ ਬਣ ਗਏ, ਜਿਸ ਨਾਲ ਗੁਰਬਾਣੀ ਸਤਿਕਾਰ ਅਤੇ ਪੰਥਕ ਪਿਆਰ ਦੀ ਲਗਨ ਇਨ੍ਹਾਂ ਨੂੰ ਲੱਗ ਗਈ। ਇਨ੍ਹਾਂ ਦਾ ਅਨੰਦ ਕਾਰਜ ਸ. ਬਿਕਰਮ ਸਿੰਘ ਫ਼ਰੀਦਕੋਟ ਦੀ ਸਪੁੱਤਰੀ ਨਾਲ ਹੋਇਆ ਪਰ ਉਹ 1888 ਈ. 'ਚ ਹੀ ਅਕਾਲ ਚਲਾਣਾ ਕਰ ਗਈ। 1889 ਈ. ਵਿਚ ਇਨ੍ਹਾਂ ਦਾ ਦੂਸਰਾ ਵਿਆਹ ਸਰਦਾਰਨੀ ਪ੍ਰਸਿੰਨ ਕੌਰ ਸਪੁੱਤਰੀ ਸ. ਅਤਰ ਸਿੰਘ ਪਟਿਆਲਾ ਨਾਲ ਹੋਇਆ। ਇਨ੍ਹਾਂ ਦੇ ਪੰਜ ਸਪੁੱਤਰ ਸਨ—ਸ. ਕਿਰਪਾਲ ਸਿੰਘ, ਸ. ਨਰੈਣ ਸਿੰਘ, ਸ. ਸੁਰਿੰਦਰ ਸਿੰਘ, ਸ. ਭਗਵਾਨ ਸਿੰਘ ਤੇ ਸ. ਸੁਰਜੀਤ ਸਿੰਘ।

ਸ. ਸੁੰਦਰ ਸਿੰਘ ਜੀ ਮਜੀਠੀਏ ਦੇ ਜੀਵਨ-ਸੰਗਰਾਮ ਤੇ ਧਾਰਮਿਕ-ਸਮਾਜਿਕ-ਰਾਜਸੀ ਖੇਤਰ ਵਿਚ ਪਾਏ ਗਏ ਯੋਗਦਾਨ ਨੂੰ ਸੰਖੇਪ ਵਿਚ ਦੇਖਿਆ ਜਾ ਸਕਦਾ ਹੈ।

1892 'ਚ ਸ. ਸੁੰਦਰ ਸਿੰਘ ਮਜੀਠੀਆ ਜੀ ਸਮਾਜ-ਸੇਵਾ 'ਚ ਕੁੱਦ ਪਏ। ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਵਿਚ ਇਨ੍ਹਾਂ ਦਾ ਨਿਵੇਕਲਾ ਯੋਗਦਾਨ ਸੀ। 1894 'ਚ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਅੰਮ੍ਰਿਤਸਰ ਦੇ ਸਕੱਤਰ ਚੁਣੇ ਗਏ। 20 ਅਕਤੂਬਰ, 1902 ਈ. 'ਚ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਹੋਂਦ 'ਚ ਆਇਆ ਤਾਂ ਇਸ ਦੇ ਵੀ ਆਪ ਜੀ ਪਹਿਲੇ ਸਕੱਤਰ ਬਣੇ ਅਤੇ ਨਿਰੰਤਰ 1930 ਈ. ਤਕ ਇਹ ਜ਼ਿੰਮੇਦਾਰੀ ਨਿਬਾਹੁੰਦੇ ਰਹੇ। 1902 'ਚ ਹੀ ਖ਼ਾਲਸਾ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਬਣੇ ਅਤੇ 1912 ਈ. ਤੀਕ ਇਹ ਸੇਵਾ ਕਰਦੇ ਰਹੇ। 1904 ਈ. ਵਿਚ ਆਪ ਦੇ ਉੱਦਮ ਨਾਲ ਚੀਫ਼ ਖ਼ਾਲਸਾ ਦੀਵਾਨ ਵਲੋਂ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਸਥਾਪਤ ਕੀਤਾ ਗਿਆ, ਜਿਸ ਨੇ ਸਮਾਜ ਭਲਾਈ ਵਿਚ ਇਤਿਹਾਸਕ ਹਿੱਸਾ ਪਾਇਆ। 1908 ਈ. ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਚੇਅਰਮੈਨ ਬਣੇ। 22 ਅਕਤੂਬਰ, 1908 ਈ. 'ਚ ਇਨ੍ਹਾਂ ਦੇ ਯਤਨਾਂ ਸਦਕਾ ਅਨੰਦ ਮੈਰਿਜ ਐਕਟ ਪਾਸ ਹੋਇਆ।

1909 ਈ. ਤੋਂ 1914 ਤੇ ਫਿਰ 1918 ਈ. ਤੱਕ ਮੈਂਬਰ ਗਵਰਨਰ ਜਨਰਲ ਕੌਂਸਲ ਰਹੇ। 1911 ਈ. ਨੂੰ ਇਨ੍ਹਾਂ ਨੂੰ ਅੰਗਰੇਜ਼ਾਂ ਨੇ ਸਰਦਾਰ ਬਹਾਦਰ ਦਾ ਖ਼ਿਤਾਬ ਦਿੱਤਾ। 1920-1941 ਈ. ਤਕ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਚੇਅਰਮੈਨ ਰਹੇ। 1920 ਤੋਂ 1922 ਈ. ਤਕ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸੇਵਾ-ਸੰਭਾਲ ਕਰਵਾਈ। 1921-1926 ਤੀਕ ਪੰਜਾਬ ਸਰਕਾਰ ਦੇ ਮਾਲ ਮੰਤਰੀ ਰਹੇ।

15 ਨਵੰਬਰ, 1920 ਨੂੰ ਸਿੱਖਾਂ ਦੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਰਬ-ਸੰਮਤੀ ਨਾਲ ਸ. ਸੁੰਦਰ ਸਿੰਘ ਪਹਿਲੇ ਪ੍ਰਧਾਨ ਚੁਣੇ ਗਏ, ਪਰ 14 ਅਗਸਤ, 1921 ਨੂੰ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇ ਦਿੱਤਾ। 1936 'ਚ ਖ਼ਾਲਸਾ ਸੈਂਟਰਲ ਪਾਰਟੀ ਬਣਾਈ। 1937-1941 ਸਰਦਾਰ ਸਾਹਿਬ ਫਿਰ ਪੰਜਾਬ ਦੇ ਮਾਲ ਮੰਤਰੀ ਰਹੇ। 2 ਅਪ੍ਰੈਲ, 1941 ਨੂੰ ਗੁਰਪੁਰੀ ਪਿਆਨਾ ਕਰ ਗਏ।

ਸਿੱਖ ਰਾਜ ਦੀਆਂ ਸ਼ਾਮਾਂ ਪੈ ਜਾਣ ਤੋਂ ਬਾਅਦ 15 ਨਵੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖਾਂ ਦਾ ਇਹ ਪਹਿਲਾ ਪ੍ਰਤਿਨਿਧ ਇਕੱਠ ਹੋਇਆ। ਪ੍ਰਤਿਨਿਧ ਇਕੱਠ ਵਿਚ ਪ੍ਰਤਿਨਿਧਤਾ ਦੇਣ ਲਈ ਦੇਸ਼ ਭਰ 'ਚੋਂ ਗੁਰਦੁਆਰਿਆਂ, ਤਖ਼ਤ ਸਾਹਿਬਾਨ, ਸਿੰਘ ਸਭਾਵਾਂ, ਸਕੂਲਾਂ-ਕਾਲਜਾਂ, ਚੀਫ਼ ਖ਼ਾਲਸਾ ਦੀਵਾਨ, ਧਾਰਮਿਕ ਸੰਸਥਾਵਾਂ, ਟਕਸਾਲਾਂ, ਨਿਹੰਗ ਜਥੇਬੰਦੀਆਂ ਆਦਿ ਨੂੰ ਸੱਦਿਆ ਗਿਆ। ਅੰਗਰੇਜ਼ ਸਰਕਾਰ ਦੀ ਇੱਛਾ ਸੀ ਕਿ ਸਿੱਖ-ਸ਼ਕਤੀ ਕਿਸੇ ਵੀ ਤਰ੍ਹਾਂ ਜਥੇਬੰਦਕ ਰੂਪ ਧਾਰਣ ਨਾ ਕਰ ਸਕੇ, ਇਸ ਲਈ ਉਨ੍ਹਾਂ ਨੇ ਪ੍ਰਤਿਨਿਧ ਇਕੱਠ ਤੋਂ ਪਹਿਲਾਂ ਹੀ 36 ਮੈਂਬਰੀ ਕਮੇਟੀ ਗੁਰਦੁਆਰਿਆਂ ਦੇ ਮਸਲੇ ਨੂੰ ਹੱਲ ਕਰਨ ਲਈ ਬਣਾ ਦਿੱਤੀ, ਜਿਸ ਵਿਚ ਸ. ਸੁੰਦਰ ਸਿੰਘ ਮਜੀਠੀਆ ਦਾ ਨਾਂ ਵੀ ਸ਼ਾਮਿਲ ਸੀ। ਪਰ ਦੂਰਦਰਸ਼ੀ-ਸੂਝਵਾਨ ਸਿੱਖਾਂ ਦੀ ਸੋਚ ਸਦਕਾ ਪ੍ਰਤਿਨਿਧ ਇਕੱਠ ਸਮੇਂ ਸਿਰ ਹੋਇਆ ਤੇ 175 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ

ਅੰਮ੍ਰਿਤਸਰ ਰੱਖਿਆ ਗਿਆ। ਸਿੱਖ ਸ਼ਕਤੀ ਦੀ ਏਕਤਾ ਤੇ ਜਥੇਬੰਦਕ ਸਰੂਪ ਨੂੰ ਬਣਾਈ ਰੱਖਣ ਲਈ ਸਰਕਾਰ ਦੁਆਰਾ ਨਾਮਜ਼ਦ 36 ਮੈਂਬਰੀ ਕਮੇਟੀ ਨੂੰ ਵੀ ਇਸ ਵਿਚ ਸ਼ਾਮਿਲ ਕਰ ਲਿਆ ਗਿਆ। ਭਾਵੇਂ ਕਿ ਕੁਝ ਸਿੱਖਾਂ ਨੇ ਵਿਰੋਧ ਕੀਤਾ ਕਿ ਨਾਮਜ਼ਦ ਕਮੇਟੀ 'ਚ ਅੰਗਰੇਜ਼ ਭਗਤ ਹਨ ਪਰ ਪੰਥਕ ਸ਼ਕਤੀ ਦੀ ਏਕਤਾ ਤੇ ਵਡੇਰੇ ਹਿੱਤਾਂ ਨੂੰ ਸਨਮੁਖ ਰੱਖਦਿਆਂ ਸਭ ਨੇ ਫ਼ੈਸਲੇ ਨੂੰ ਪ੍ਰਵਾਨ ਕਰ ਲਿਆ।

ਅਪ੍ਰੈਲ, 1919 'ਚ ਸਿੱਖਾਂ 'ਚ ਬਦਅਮਨੀ ਫੈਲਾਉਣ ਵਾਸਤੇ ਅਫ਼ਵਾਹ ਫੈਲਾਅ ਦਿੱਤੀ ਕਿ ਕਿਸੇ ਸ਼ਰਾਰਤੀ ਧੋਖੇਬਾਜ਼ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਬੰਬ ਰੱਖ ਦਿੱਤਾ ਹੈ। ਇਹ ਅਫ਼ਵਾਹ ਉੱਡਦੀ-ਉੱਡਦੀ ਸਿੱਖ ਬੈਰਕਾਂ ਵਿਚ ਵੀ ਪਹੁੰਚ ਗਈ। ਸ. ਮਜੀਠੀਆ ਨੇ ਇਸ ਦੇ ਖੰਡਨ ਲਈ ਤਾਰਾਂ ਦਿੱਤੀਆਂ ਅਤੇ ਚੀਫ਼ ਖ਼ਾਲਸਾ ਦੀਵਾਨ ਰਾਹੀਂ ਖ਼ਾਲਸਾ ਬਰਾਦਰੀ ਅਧਿਕਾਰੀਆਂ ਨੂੰ ਮਿਲ ਕੇ ਇਸ ਦੇ ਅਧਿਕਾਰਤ ਖੰਡਨ ਲਈ ਕਿਹਾ।

ਖ਼ਾਲਸਾ ਬਰਾਦਰੀ, ਸ੍ਰੀ ਅੰਮ੍ਰਿਤਸਰ ਵਲੋਂ 12 ਅਕਤੂਬਰ, 1920 ਨੂੰ ਜਲ੍ਹਿਆਂਵਾਲੇ ਬਾਗ਼ ਵਿਖੇ ਸਾਲਾਨਾ ਇਕੱਤ੍ਰਤਾ ਬੁਲਾਈ ਜਿਸ ਵਿਚ ਸ. ਸੁੰਦਰ ਸਿੰਘ ਮਜੀਠੀਆ ਵੀ ਸ਼ਾਮਿਲ ਸਨ। ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰ ਤੇ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਖ਼ਾਲਸਾ ਬਰਾਦਰੀ ਨੇ ਜੁੜੀ ਸੰਗਤ ਵਾਸਤੇ ਲੰਗਰ ਤਿਆਰ ਕੀਤਾ ਅਤੇ ਸੰਗਤ 'ਚ ਬੈਠ ਕੇ ਸ. ਸੁੰਦਰ ਸਿੰਘ ਮਜੀਠੀਆ ਤੇ ਸਮੁੱਚੀ ਸੰਗਤ ਨੇ ਛਕਿਆ। ਸਰਦਾਰ ਸਾਹਿਬ ਖ਼ਾਲਸਾ ਬਰਾਦਰੀ ਵਾਲਿਆਂ ਦੇ ਨਾਲ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਏ। ਸ. ਤੇਜਾ ਸਿੰਘ ਚੂਹੜਕਾਣਾ ਅਤੇ ਸ. ਕਰਤਾਰ ਸਿੰਘ ਝੱਬਰ ਵੀ ਪਰਿਕਰਮਾ ਵਿਚ ਹੀ ਸਨ। ਥੋੜ੍ਹੀ ਨੋਕ-ਝੋਕ ਤੋਂ ਬਾਅਦ ਪੁਜਾਰੀ ਸ੍ਰੀ ਦਰਬਾਰ ਸਾਹਿਬ ਵਿਖੇ ਖ਼ਾਲਸਾ ਬਰਾਦਰੀ ਵਲੋਂ ਤਿਆਰ ਕੀਤਾ ਕੜਾਹ ਪ੍ਰਸ਼ਾਦਿ ਭੇਂਟ ਕਰਨ ਲਈ ਤਿਆਰ ਹੋ ਗਏ। ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਦੀ ਅਰਦਾਸ ਸ. ਸੁੰਦਰ ਸਿੰਘ ਮਜੀਠੀਆ ਨੇ ਕੀਤੀ।

ਪੰਜ ਪਿਆਰਿਆਂ ਦੇ ਸਨਮੁਖ ਸ. ਸੁੰਦਰ ਸਿੰਘ ਮਜੀਠੀਆ ਨੇ ਖ਼ੁਦ ਭਰੇ ਦੀਵਾਨ ਵਿਚ ਖਲੋ ਕੇ ਕਿਹਾ : ਮੈਂ ਹੁਣ ਤਕ ਜੋ ਕੁਝ ਕੀਤਾ ਹੈ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਤਾ ਹੈ। ਪੰਥ ਦੇ ਭਲੇ ਲਈ, ਆਪਣੀ ਯੋਗਤਾ ਅਨੁਸਾਰ ਕੀਤਾ ਹੈ। ਮੈਂ ਕੋਈ ਨਿਜ ਸੁਆਰਥ ਲਈ ਨਹੀਂ ਕੀਤਾ। ਜੇ ਮੈਂ ਕੋਈ ਭੁੱਲ ਕੀਤੀ ਹੈ ਤਾਂ ਗੁਰੂ-ਪੰਥ ਬਖ਼ਸ਼ਿੰਦ ਹੈ।

ਪੰਜਾਂ ਪਿਆਰਿਆਂ ਦੀ ਆਗਿਆ ਦਾ ਪਾਲ਼ਣ ਕਰਦੇ ਹੋਏ ਸ. ਸੁੰਦਰ ਸਿੰਘ ਮਜੀਠੀਆ ਜੀ ਨੇ "ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ..." ਸ਼ਬਦ ਪੜ੍ਹਦੇ ਹੋਏ, ਨਿਮਰਤਾ ਨਾਲ ਸੰਗਤਾਂ ਨੂੰ ਨਿਸਚਾ ਕਰਵਾਇਆ ਕਿ 'ਉਨ੍ਹਾਂ ਜਾਣ ਬੁਝ ਕੇ ਗੁਰੂ-ਪੰਥ ਦੀ ਅਵੱਗਿਆ ਕਦੇ ਨਹੀਂ ਕੀਤੀ ਅਤੇ ਨਾ ਹੀ ਅੱਗੋਂ ਕਰਨਗੇ।' ਸੰਗਤ ਨੇ ਗੁਰੂ-ਪੰਥ ਦੇ ਸਦ ਬਖ਼ਸ਼ਿੰਦ ਹੋਣ ਦਾ ਬਿਰਦ ਪਾਲਦਿਆਂ ਉਨ੍ਹਾਂ ਨੂੰ ਮੁਆਫ਼ ਹੀ ਨਹੀਂ ਕੀਤਾ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਹਿਲੇ ਪ੍ਰਧਾਨ ਹੋਣ ਦਾ ਮਾਣ-ਸਤਿਕਾਰ ਵੀ ਬਖ਼ਸ਼ਿਸ਼ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ 'ਤੇ ਪਹਿਲੀ ਚੋਣ ਹੋਣ ਨਾਲ ਸਿੱਖ ਜਥੇਬੰਦਕ ਸ਼ਕਤੀ ਸਥਾਪਤ ਹੋ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਪੰਥਕ ਫ਼ੈਸਲੇ ਮੰਨੇ ਜਾਣ ਲੱਗੇ ਭਾਵੇਂ ਕਿ ਇਹ ਗੱਲ ਨਾ ਉਸ ਸਮੇਂ ਸਰਕਾਰ-ਭਗਤਾਂ ਨੂੰ ਭਾਉਂਦੀ ਸੀ ਤੇ ਨਾ ਹੀ ਅੱਜ।

16 ਨਵੰਬਰ, 1920 ਨੂੰ ਸ. ਸੁੰਦਰ ਸਿੰਘ ਜੀ ਮਜੀਠੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਤੇ 14 ਅਗਸਤ, 1921 ਨੂੰ ਇਨ੍ਹਾਂ ਨੇ ਇਸ ਵਕਾਰੀ ਤੇ ਸਤਿਕਾਰਤ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸ. ਸੁੰਦਰ ਸਿੰਘ ਜੀ ਮਜੀਠੀਆ ਬਹੁਤੀ ਦੇਰ ਗੁਰੂ-ਪੰਥ ਦੀ ਇਸ ਨਾਮਵਰ ਸੰਸਥਾ ਦੇ ਪ੍ਰਧਾਨ ਨਹੀਂ ਰਹੇ ਪਰ ਉਨ੍ਹਾਂ ਦੇ ਕਾਰਜ-ਕਾਲ ਦੌਰਾਨ ਕਈ ਇਤਿਹਾਸਕ ਫ਼ੈਸਲੇ ਹੋਏ ਅਤੇ ਕੁਝ ਇਤਿਹਾਸਕ ਸਾਕੇ ਵਾਪਰੇ। ਸ਼੍ਰੋਮਣੀ ਕਮੇਟੀ ਹੋਂਦ 'ਚ ਆਉਣ ਨਾਲ ਗੁਰਦੁਆਰਾ ਪ੍ਰਬੰਧ 'ਚ ਹਰ ਪੱਖ ਤੋਂ ਸੁਧਾਰ ਲਿਆਉਣ ਲਈ ਉਪਰਾਲੇ ਸ਼ੁਰੂ ਹੋਏ। ਸ਼੍ਰੋਮਣੀ ਕਮੇਟੀ ਦੇ ਸੂਝਵਾਨ ਨਿਸ਼ਕਾਮ ਨੇਤਾਵਾਂ ਨੇ ਦੇਖਿਆ ਕਿ ਮਹੰਤਾਂ-ਪੁਜਾਰੀਆਂ ਤੇ ਸਰਕਾਰ-ਭਗਤਾਂ ਨਾਲ ਲੰਬੀ ਲੜਾਈ ਲੜਨ ਵਾਸਤੇ ਸਮੁੱਚੇ ਸਿੱਖ ਸਮਾਜ ਨੂੰ ਜਾਗਰਤ ਤੇ ਜਥੇਬੰਦ ਕਰਨਾ ਪਵੇਗਾ। ਇਸ ਲੋੜ ਨੂੰ ਸਨਮੁਖ ਰੱਖਦਿਆਂ ਸਮਾਜਿਕ, ਰਾਜਸੀ ਸ਼ਕਤੀ ਨੂੰ ਕੇਂਦਰਿਤ ਕਰਨ ਤੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਧਾਰਮਿਕ ਲਹਿਰ ਬਣਾਉਣ ਲਈ ਨਿਸ਼ਕਾਮ ਸਿੱਖਾਂ ਦੀ ਦੂਸਰੀ ਪ੍ਰਤਿਨਿਧ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ 14 ਦਸੰਬਰ, 1920 ਨੂੰ ਕੀਤੀ ਗਈ। ਸੰਸਥਾਵਾਂ ਦੀ ਸਿਰਜਣਾ 'ਚ ਆਗੂਆਂ ਨੂੰ ਸਿਰ ਧੜ ਦੀ ਬਾਜ਼ੀ ਲਾਉਣੀ ਪੈਂਦੀ ਹੈ। ਹਰ ਸੰਸਥਾ ਦਾ ਆਪਣਾ ਇਤਿਹਾਸ ਤੇ ਵਿਚਾਰਧਾਰਾ ਹੁੰਦੀ ਹੈ। ਇਹ ਠੀਕ ਹੈ ਕਿ ਕਿਸੇ ਵੀ ਸੰਸਥਾ ਵਿਚ ਮਾੜੇ ਅਨਸਰ ਸ਼ਾਮਿਲ ਹੋ ਜਾਣ ਤਾਂ ਸੰਸਥਾਵਾਂ ਬਦਨਾਮ ਹੋ ਜਾਂਦੀਆਂ ਹਨ ਪਰ ਹਰ ਸੰਸਥਾ ਪਾਸ ਗੌਰਵਮਈ ਵਿਰਸਾ ਹੁੰਦਾ ਹੈ। ਸੰਸਥਾਵਾਂ ਸੰਗਤੀ ਪ੍ਰਬੰਧ ਨੂੰ ਰੂਪਮਾਨ ਕਰਦੀਆਂ ਹਨ। ਜੇਕਰ ਵਿਅਕਤੀ ਵਿਸ਼ੇਸ਼ ਪ੍ਰਮੁੱਖ ਹੋ ਜਾਵੇ ਤਾਂ ਸੰਸਥਾਵਾਂ 'ਚ ਵੀ ਸੰਗਤੀ ਜੁਗਤਿ ਫ਼ੇਲ੍ਹ ਹੋ ਜਾਂਦੀ ਹੈ।

ਸ. ਮਜੀਠੀਏ ਦਾ ਸਮੁੱਚਾ ਜੀਵਨ ਪੜ੍ਹਦਿਆਂ ਇਕ ਗੱਲ ਸਪੱਸ਼ਟ ਹੈ ਕਿ ਉਨ੍ਹਾਂ ਦਾ ਜੀਵਨ ਸਿੱਖ ਸਿਧਾਂਤਾਂ ਤੇ ਵਿਚਾਰਧਾਰਾ ਨੂੰ ਸਮਰਪਿਤ ਸੀ। ਸਿੱਖੀ ਜਜ਼ਬੇ ਤੇ ਭਾਵਨਾਵਾਂ ਸਦਕਾ ਹੀ ਸਿੱਖ ਪੰਥ ਦੀਆਂ ਪ੍ਰਮੁੱਖ ਸੰਸਥਾਵਾਂ ਉਨ੍ਹਾਂ ਦੇ ਸਮੇਂ ਹੋਂਦ ਵਿਚ ਆਈਆਂ, ਜਿਵੇਂ ਚੀਫ਼ ਖ਼ਾਲਸਾ ਦੀਵਾਨ, ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਪੰਜਾਬ ਐਂਡ ਸਿੰਧ ਬੈਂਕ, ਬਿਰਧ ਘਰ ਤੇ ਸ਼੍ਰੋਮਣੀ ਅਕਾਲੀ ਦਲ ਆਦਿ। ਇਨ੍ਹਾਂ ਸੰਸਥਾਵਾਂ ਦਾ ਪ੍ਰਭਾਵ ਸਿੱਖ ਸਮਾਜ, ਧਰਮ, ਰਾਜਨੀਤੀ ਤੇ ਪਿਛਲੀ ਸਦੀ ਤੋਂ ਨਿਰੰਤਰ ਦੇਖਿਆ ਜਾ ਸਕਦਾ ਹੈ।

ਸ. ਮਜੀਠੀਏ ਦੀ ਪ੍ਰਧਾਨਗੀ ਸਮੇਂ 20 ਫ਼ਰਵਰੀ, 1921 ਨੂੰ ਨਨਕਾਣਾ ਸਾਹਿਬ ਦਾ ਦੁਖਦਾਈ ਸਾਕਾ ਵਾਪਰ ਗਿਆ। 21 ਫ਼ਰਵਰੀ, 1921 ਨੂੰ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ। ਅੰਗਰੇਜ਼ ਹਾਕਮ ਵੀ ਮਹੰਤਾਂ ਤੇ ਪੁਜਾਰੀਆਂ ਦੀਆਂ ਸਮਾਜ ਵਿਰੋਧੀ ਅਤੇ ਧਰਮ ਦੋਖੀ ਕਾਰਵਾਈਆਂ ਤੋਂ

ਸੁਚੇਤ ਹੋ ਗਏ। ਸ਼੍ਰੋਮਣੀ ਕਮੇਟੀ ਅਤੇ ਮਹੰਤਾਂ ਦੇ ਝਗੜੇ ਨੂੰ ਨਿਪਟਾਉਣ ਵਾਸਤੇ ਇਸ ਸਮੇਂ 14 ਮਾਰਚ, 1921 ਨੂੰ ਪੰਜਾਬ ਸਰਕਾਰ ਨੇ ਵਿਧਾਨ ਸਭਾ 'ਚ ਕਮਿਸ਼ਨ ਨਿਰਧਾਰਤ ਕੀਤਾ। ਪਰ ਇਸ ਫ਼ੈਸਲੇ ਸੰਬੰਧੀ ਨਾਮਜ਼ਦ ਮੈਂਬਰ ਮਨਪਤ ਰਾਏ ਨੇ ਸਲਾਹ ਦਿੱਤੀ ਕਿ 5 ਗ਼ੈਰ-ਸਰਕਾਰੀ ਮੈਂਬਰ ਸ਼ਾਮਿਲ ਕੀਤੇ ਜਾਣ। ਉਸ ਨੇ ਸਿੱਖਾਂ ਦੇ ਚਾਰ ਫ਼ਿਰਕਿਆਂ ਬਾਰੇ ਗੱਲ ਕੀਤੀ। ਉਸ ਨੇ ਇਥੋਂ ਤੀਕ ਸੁਝਾਅ ਦੇ ਦਿੱਤਾ ਕਿ ਹਿੰਦੂ ਅਤੇ ਮੁਸਲਮਾਨ ਨੂੰ ਵੀ ਕਮਿਸ਼ਨ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।

ਇਸ ਦੇ ਜੁਆਬ ਵਿਚ ਸ. ਸੁੰਦਰ ਸਿੰਘ ਜੀ ਮਜੀਠੀਏ ਨੇ ਸਪੱਸ਼ਟ ਕੀਤਾ ਕਿ ਗੁਰਦੁਆਰਾ ਗੁਰੂ ਨਾਲ ਸੰਬੰਧਿਤ ਅਸਥਾਨ ਹੈ। ਗੁਰਦੁਆਰੇ 'ਚ ਸਭ ਨੂੰ ਆਉਣ ਦਾ ਹੱਕ ਹੈ, ਪਰ ਇਸ ਦੇ ਪ੍ਰਬੰਧਕ ਸਿੱਖ ਹੀ ਹੋ ਸਕਦੇ ਹਨ। ਗੁਰਦੁਆਰਿਆਂ ਦੀ ਮਲਕੀਅਤ ਸੰਗਤੀ ਹੈ ਨਾ ਕਿ ਕਿਸੇ ਮਹੰਤ-ਪੁਜਾਰੀ ਦੀ, ਪਰ ਮਹੰਤਾਂ ਨੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਆਪਣੇ ਨਿਜੀ ਸਵਾਰਥਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ ਅਤੇ ਅਨੈਤਿਕ ਕਾਰਜ ਵੀ ਕੀਤੇ ਜਾਂਦੇ ਹਨ। ਸ. ਮਜੀਠੀਆ ਨੇ ਸਿੱਖਾਂ ਦੀ ਕਿਸੇ ਤਰ੍ਹਾਂ ਦੀ ਵੰਡ ਨੂੰ ਮੂਲੋਂ ਅਪ੍ਰਵਾਨ ਕਰਦਿਆਂ ਸਰਕਾਰ ਵਲੋਂ ਗਠਤ ਕੀਤੇ ਜਾ ਰਹੇ ਕਮਿਸ਼ਨ ਦੀ ਹਮਾਇਤ ਕੀਤੀ। ਇਹ ਮਤਾ ਪੰਜਾਬ ਵਿਧਾਨ ਸਭਾ ਵਿਚ ਉਸ ਦਿਨ ਹੀ ਪਾਸ ਹੋ ਗਿਆ। ਇਸ ਨੂੰ ਪਾਸ ਕਰਾਉਣ ਵਿਚ ਸ. ਸੁੰਦਰ ਸਿੰਘ ਮਜੀਠੀਆ ਮੈਂਬਰ, ਪੰਜਾਬ ਕੌਂਸਲ ਦਾ ਵਿਸ਼ੇਸ਼ ਹੱਥ ਸੀ ਜੋ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਸਨ।

20 ਮਾਰਚ, 1921 ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ ਅਤੇ ਜੇਕਰ ਸਰਕਾਰ 10 ਅਪ੍ਰੈਲ, 1921 ਤੀਕ ਇਨ੍ਹਾਂ ਦੀ ਰਿਹਾਈ ਅਤੇ ਕਮਿਸ਼ਨ ਦਾ ਗਠਨ ਨਹੀਂ ਕਰਦੀ ਤਾਂ ਸ਼੍ਰੋਮਣੀ ਕਮੇਟੀ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਖ਼ੁਦ ਨਿਯਮ ਤਿਆਰ ਕਰੇਗੀ। ਸਿੱਖ ਗੁਰਦੁਆਰਾ ਬਿੱਲ ਹਾਊਸ 'ਚ 5 ਅਪ੍ਰੈਲ, 1921 ਨੂੰ ਦਾਖ਼ਲ ਕਰ ਦਿੱਤਾ ਗਿਆ ਅਤੇ ਬਿੱਲ ਵਧੇਰੇ ਵਿਚਾਰ ਲਈ ਸਲੈਕਟਡ ਕਮੇਟੀ ਵਿਚ ਭੇਜਿਆ ਗਿਆ, ਜਿਸ ਵਿਚ ਸ. ਸੁੰਦਰ ਸਿੰਘ ਮਜੀਠੀਆ ਮੈਂਬਰ ਸਨ।

ਜੈਤੋ ਮੋਰਚੇ ਨੂੰ ਹੱਲ ਕਰਵਾਉਣ ਵਿਚ ਵੀ ਸ. ਮਜੀਠੀਆ ਨੇ ਮੋਹਰੀ ਰੋਲ ਅਦਾ ਕੀਤਾ। ਸ. ਮਜੀਠੀਆ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸਿੱਖਾਂ ਰਾਹੀਂ ਕਰਨੀ/ਕਰਵਾਉਣੀ ਚਾਹੁੰਦੇ ਸਨ, ਉਨ੍ਹਾਂ ਦੀ ਸੋਚ ਸੀ ਕਿ ਗੁਰਦੁਆਰੇ ਹਰ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਤੋਂ ਅਜ਼ਾਦ ਹੋਣ।

3 ਅਕਤੂਬਰ, 1922 ਨੂੰ ਗਵਰਨਰ ਪੰਜਾਬ ਨੇ ਮੀਟਿੰਗ ਬੁਲਾਈ ਜਿਸ ਵਿਚ ਉੱਚ ਅਧਿਕਾਰੀ ਸ਼ਾਮਿਲ ਸਨ, ਜਿਨ੍ਹਾਂ ਵਿਚ ਸ. ਮਜੀਠੀਆ ਨੇ ਗੁਰਦੁਆਰਾ ਕਾਨੂੰਨ ਬਣਾਉਣ ਵਿਚ ਆਪਣੇ ਸੁਝਾਅ ਦਿੱਤੇ। ਇਹ ਬਿੱਲ ਮੁੱਢਲੇ ਰੂਪ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਡਰਾਫ਼ਟ ਕੀਤਾ ਸੀ, ਜਿਸ 'ਤੇ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਕੌਂਸਲ ਨੇ ਵਿਚਾਰ ਕੀਤੀ। ਇਸ ਬਿੱਲ ਦਾ ਨਾਂ ਸਿੱਖ ਗੁਰਦੁਆਰਾ ਐਂਡ ਸ਼ਰਾਈਨ ਬਿੱਲ 1925 ਸੀ, ਜੋ 25 ਅਪ੍ਰੈਲ, 1925 ਨੂੰ ਪ੍ਰਕਾਸ਼ਿਤ ਕੀਤਾ ਗਿਆ। ਫਿਰ ਇਹ ਬਿੱਲ ਸਲੈਕਟ

ਕਮੇਟੀ ਪਾਸ ਭੇਜਿਆ ਗਿਆ, ਜਿਸ ਦੇ ਮੈਂਬਰ ਮਜੀਠੀਆ ਸਾਹਿਬ ਸਨ। ਸੁਝਾਅ ਅਤੇ ਰਾਇ ਅਨੁਸਾਰ ਇਹ ਬਿੱਲ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ।

ਸੈਂਟਰਲ ਅਸੈਂਬਲੀ ਦੀ ਮੀਟਿੰਗ ਸ਼ਿਮਲਾ 'ਚ ਹੋਈ। 15 ਸਤੰਬਰ, 1925 ਦੀ ਮੀਟਿੰਗ ਵਿਚ ਬਿੱਲ ਨੂੰ ਪੂਰਿਆਂ ਕੀਤਾ ਗਿਆ। ਭਾਰਤ ਦੇ ਗਵਰਨਰ ਜਨਰਲ ਦੀ ਪ੍ਰਵਾਨਗੀ ਨਾਲ ਇਹ ਸਿੱਖ ਗੁਰਦੁਆਰਾ ਐਕਟ 1925 ਪਾਸ ਹੋ ਗਿਆ।

ਸ. ਮਜੀਠੀਏ ਨੇ ਸੁਝਾਅ ਦਿੱਤਾ ਕਿ ਸਿੱਖ ਟ੍ਰਿਬਿਊਨਲ ਦੀ ਕਾਰਵਾਈ ਪੰਜਾਬੀ ਵਿਚ ਹੋਵੇ।

ਭਾਵੇਂ ਕਿ ਸ. ਸੁੰਦਰ ਸਿੰਘ ਮਜੀਠੀਆ ਨੂੰ ਸਰਕਾਰ ਦਾ ਵਫ਼ਾਦਾਰ ਮੰਨਿਆ ਜਾਂਦਾ ਸੀ, ਪਰ ਉਨ੍ਹਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਗੁਰਦੁਆਰਾ ਕਾਨੂੰਨ ਬਣਾਉਣ 'ਚ ਸਲਾਹੁਣਯੋਗ ਇਤਿਹਾਸਕ ਯੋਗਦਾਨ ਪਾਇਆ। ਉਨ੍ਹਾਂ ਦੀ ਸਿੱਖੀ ਪ੍ਰਤੀ ਸਮਰਪਣ ਭਾਵਨਾ ਇਕ ਮਿਸਾਲ ਸੀ।

•

2

ਪੰਥ ਦੇ ਬੇਤਾਜ ਬਾਦਸ਼ਾਹ : ਬਾਬਾ ਖੜਕ ਸਿੰਘ ਜੀ

ਗੁਰੂ-ਪੰਥ ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਿਤ, ਪੰਥ ਦੇ ਬੇਤਾਜ ਬਾਦਸ਼ਾਹ ਵਜੋਂ ਜਾਣੇ ਜਾਂਦੇ ਰਹੇ ਗੁਰੂ-ਪੰਥ ਦੀ ਸਤਿਕਾਰਤ ਸ਼ਖ਼ਸੀਅਤ ਬਾਬਾ ਖੜਕ ਸਿੰਘ ਜੀ ਦਾ ਜਨਮ 6 ਜੂਨ, 1866 ਈ. ਵਿਚ ਸਿਆਲਕੋਟ 'ਚ ਪ੍ਰਸਿੱਧ ਕਾਰਖ਼ਾਨੇਦਾਰ ਤੇ ਠੇਕੇਦਾਰ ਸ. ਹਰੀ ਸਿੰਘ ਰਾਇ ਬਹਾਦਰ ਦੇ ਘਰ ਹੋਇਆ। ਅਰੰਭਕ ਵਿੱਦਿਆ ਇਨ੍ਹਾਂ ਨੇ ਸਕਾਟਿਸ਼ ਮਿਸ਼ਨ ਹਾਈ ਸਕੂਲ, ਸਿਆਲਕੋਟ ਤੋਂ ਪ੍ਰਾਪਤ ਕਰ, ਬੀ.ਏ. ਸਰਕਾਰੀ ਕਾਲਜ ਲਾਹੌਰ ਤੋਂ ਕੀਤੀ। ਫਿਰ ਇਹ ਵਕਾਲਤ ਦੀ ਪੜ੍ਹਾਈ ਕਰਨ ਲਈ ਅਲਾਹਬਾਦ ਚਲੇ ਗਏ। ਪਰ ਇਨ੍ਹਾਂ ਦੇ ਪਿਤਾ ਜੀ ਦੇ ਅਕਾਲ ਚਲਾਣੇ ਕਾਰਨ ਇਨ੍ਹਾਂ ਨੂੰ ਪੜ੍ਹਾਈ ਵਿਚੇ ਛੱਡ ਕੇ ਵਾਪਸ ਘਰ ਆਉਣਾ ਪਿਆ ਅਤੇ ਸਿਆਲਕੋਟ ਦੀ ਨਗਰ ਨਿਗਮ ਵਿਖੇ ਸੇਵਾ ਸ਼ੁਰੂ ਕਰ ਦਿੱਤੀ। ਇਸ ਸਮੇਂ ਦੌਰਾਨ ਹੀ ਇਨ੍ਹਾਂ ਨੂੰ ਸ੍ਰੀ ਗੁਰੂ ਸਿੰਘ ਸਭਾ, ਸਿਆਲਕੋਟ ਤੇ ਖ਼ਾਲਸਾ ਹਾਈ ਸਕੂਲ, ਸਿਆਲਕੋਟ ਦੇ ਮੁਖੀ ਚੁਣ ਲਿਆ ਗਿਆ। 1912 ਈ. ਵਿਚ ਸਿੱਖ ਵਿੱਦਿਅਕ ਕਾਨਫ਼ਰੰਸ ਜੋ ਸਿਆਲਕੋਟ 'ਚ ਹੋਈ, ਜਿਸ ਦੀ ਸਵਾਗਤੀ ਕਮੇਟੀ ਦੇ ਸ. ਖੜਕ ਸਿੰਘ ਮੁਖੀ ਸਨ। ਇਨ੍ਹਾਂ ਨੇ 1915 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਕਰਵਾਈ ਗਈ ਵਿੱਦਿਅਕ ਕਾਨਫ਼ਰੰਸ ਤਰਨ ਤਾਰਨ ਦੀ ਪ੍ਰਧਾਨਗੀ ਕੀਤੀ। 1920 ਈ. ਵਿਚ ਆਪ ਸੈਂਟਰਲ ਸਿੱਖ ਲੀਗ ਦੇ ਪ੍ਰਧਾਨ ਚੁਣੇ ਗਏ। ਇਨ੍ਹਾਂ ਦੇ ਪਿਤਾ ਸ. ਹਰੀ ਸਿੰਘ ਨੂੰ ਅੰਗਰੇਜ਼ ਰਾਜ ਸਮੇਂ ਰਾਇ ਬਹਾਦਰ ਦਾ ਖ਼ਿਤਾਬ ਮਿਲਿਆ ਪਰ ਬਾਬਾ ਖੜਕ ਸਿੰਘ ਜੀ ਪਹਿਲੇ ਸਿੱਖ ਆਗੂ ਸਨ ਜਿਨ੍ਹਾਂ ਨੇ ਅੰਗਰੇਜ਼ ਸਰਕਾਰ ਦਾ ਹਰ ਥਾਂ, ਹਰ ਹੀਲਾ ਵਰਤ ਕੇ ਵਿਰੋਧ ਕੀਤਾ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਇਹ ਪ੍ਰਮੁੱਖ ਸੁਧਾਰਕ ਸਿੱਖ ਆਗੂ ਵਜੋਂ ਸੰਸਾਰ ਦੇ ਸਨਮੁਖ ਹੋਏ। ਅਸਲ ਵਿਚ ਖ਼ਾਲਸਾ ਬਰਾਦਰੀ ਵਲੋਂ ਜੋ ਇਕੱਤ੍ਰਤਾ ਜਲ੍ਹਿਆਂਵਾਲੇ ਬਾਗ਼ ਵਿਚ ਕੀਤੀ ਗਈ, ਉਸ ਵਿਚ ਵੀ ਬਹੁਤ ਸਾਰੇ ਪੜ੍ਹੇ-ਲਿਖੇ ਪ੍ਰੋਫ਼ੈਸਰ ਤੇ ਸੁਧਾਰਕ ਸਿੱਖ ਆਗੂ ਸ਼ਾਮਿਲ ਸਨ ਜਿਨ੍ਹਾਂ 'ਚ ਬਾਬਾ ਖੜਕ ਸਿੰਘ, ਪ੍ਰਿੰ. ਤੇਜਾ ਸਿੰਘ, ਸ. ਸੁੰਦਰ ਸਿੰਘ ਮਜੀਠੀਆ ਆਦਿ ਪ੍ਰਮੁੱਖ ਸਨ। ਇਸ ਤਰ੍ਹਾਂ ਖ਼ਾਲਸਾ ਬਰਾਦਰੀ ਦੇ ਸਿੰਘਾਂ ਨੂੰ ਅੰਮ੍ਰਿਤ ਛਕਾਉਣ, ਕਾਨਫ਼ਰੰਸਾਂ ਕਰਨ ਤੇ ਸ੍ਰੀ ਹਰਿਮੰਦਰ



ਬਾਬਾ ਖੜਕ ਸਿੰਘ ਜੀ

ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣ ਵਿਚ ਇਨ੍ਹਾਂ ਸਿੱਖ ਆਗੂਆਂ ਦਾ ਮੁੱਖ ਹੱਥ ਸੀ। ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਰਕਾਰ ਵੱਲੋਂ ਜੋ 36 ਮੈਂਬਰੀ ਕਮੇਟੀ ਬਣਾਈ ਗਈ ਸੀ, ਸ. ਖੜਕ ਸਿੰਘ ਉਸ ਦੇ ਵੀ ਪ੍ਰਧਾਨ ਸਨ। 14 ਅਗਸਤ, 1921 ਨੂੰ ਸ. ਸੁੰਦਰ ਸਿੰਘ ਮਜੀਠੀਏ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇਣ 'ਤੇ ਬਾਬਾ ਖੜਕ ਸਿੰਘ ਜੀ ਨੂੰ ਸਰਬ-ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਅਸਲ ਵਿਚ ਮਹੰਤਾਂ-ਪੁਜਾਰੀਆਂ ਤੇ ਸਰਬਰਾਹਾਂ ਨੇ ਗੁਰਦੁਆਰਾ ਪ੍ਰਬੰਧ ਤੇ ਜਾਇਦਾਦ ਨੂੰ ਆਪਣੀ ਮਨਮਰਜ਼ੀ ਤੇ ਅੰਗਰੇਜ਼ ਅਫ਼ਸਰਸ਼ਾਹੀ ਨੂੰ ਖ਼ੁਸ਼ ਕਰਨ ਲਈ ਖ਼ੂਬ ਵਰਤਿਆ। ਇਸ ਦੀ ਸਭ ਤੋਂ ਘਿਨਾਉਣੀ ਮਿਸਾਲ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦੇ 'ਹੀਰੋ' ਜਨਰਲ ਡਾਇਰ ਨੂੰ ਸ੍ਰੀ ਦਰਬਾਰ ਸਾਹਿਬ 'ਚ ਸਨਮਾਨਿਤ ਕਰਨਾ ਤੇ ਉਸਨੂੰ ਸਿੱਖ ਘੋਸ਼ਿਤ ਕਰਨਾ ਸੀ।

ਮਹੰਤਾਂ-ਪੁਜਾਰੀਆਂ ਦੀਆਂ ਆਪ-ਹੁਦਰੀਆਂ ਤੇ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਅਕਾਲੀ ਲਹਿਰ ਚਲਾਈ ਗਈ। ਇਸ ਲਹਿਰ ਦਾ ਮੂਲ ਮਨੋਰਥ ਗੁਰਦੁਆਰਾ ਪ੍ਰਬੰਧ ਨੂੰ ਸਿੱਖ ਸਿਧਾਂਤਾਂ, ਮਰਯਾਦਾ ਤੇ ਪਰੰਪਰਾਵਾਂ ਅਨੁਸਾਰ ਚਲਾਉਣਾ, ਮਹੰਤਾਂ ਦੀ ਗੁੰਡਾਗਰਦੀ ਨੂੰ ਖ਼ਤਮ ਕਰਨਾ, ਗੁਰਦੁਆਰਾ ਜਾਇਦਾਦ ਨੂੰ ਸੰਗਤੀ ਪ੍ਰਬੰਧ 'ਚ ਲਿਆਉਣਾ, ਗੁਰਬਾਣੀ ਦੇ ਉਦੇਸ਼ ਤੇ ਸਿਖਿਆ ਦਾ ਪ੍ਰਚਾਰ-ਪ੍ਰਸਾਰ ਕਰਨਾ ਮੰਨਿਆ ਗਿਆ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਧੀਨ ਪਹਿਲਾ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ, ਪੰਥਕ ਪ੍ਰਬੰਧ 'ਚ ਆਇਆ ਜੋ ਬਾਬਾ ਖੜਕ ਸਿੰਘ ਜੀ ਦੀ ਜਨਮ ਭੂਮੀ ਸੀ। ਫਿਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਆਦਿ ਧਾਰਮਿਕ ਇਤਿਹਾਸਕ ਮਹੱਤਤਾ ਵਾਲੇ ਅਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਏ।

ਬਾਬਾ ਖੜਕ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੇ ਕੀਮਤੀ 20 ਸਾਲ ਜੇਲ੍ਹ ਵਿਚ ਬਿਤਾਏ ਅਤੇ 15 ਵੇਰ ਜੇਲ੍ਹ ਯਾਤਰਾ ਕਰਨੀ ਪਈ। ਪਹਿਲੀ ਵੇਰ 1920 ਈ. ਵਿਚ ਇਨ੍ਹਾਂ ਨੂੰ ਜੇਲ੍ਹ ਜਾਣਾ ਪਿਆ। ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਜੋ ਡੀ.ਸੀ. ਅੰਮ੍ਰਿਤਸਰ ਨੇ ਧੱਕੇ ਨਾਲ ਪ੍ਰਬੰਧਕਾਂ ਕੋਲੋਂ ਲੈ ਲਈਆਂ ਸਨ, ਦਾ ਮੋਰਚਾ ਇਨ੍ਹਾਂ ਦੀ ਸੂਝ-ਬੂਝ ਤੇ ਸਿਆਣਪ ਨਾਲ 17 ਜਨਵਰੀ, 1922 ਨੂੰ ਜਿੱਤਿਆ ਗਿਆ। ਅਸਲ 'ਚ ਨਵੀਂ ਚੁਣੀ ਗਈ ਸ਼੍ਰੋਮਣੀ ਕਮੇਟੀ 'ਚ ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ ਜੋ ਪਹਿਲਾਂ ਸਰਕਾਰ ਵਲੋਂ ਥਾਪਿਆ ਸਰਬਰਾਹ (ਮੈਨੇਜਰ) ਸਨ। 19 ਅਕਤੂਬਰ, 1921 ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਸਮੇਂ ਫ਼ੈਸਲਾ ਹੋਇਆ ਕਿ ਤੋਸ਼ੇਖ਼ਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਹਵਾਲੇ ਕੀਤੀਆਂ ਜਾਣ ਪਰ ਡੀ.ਸੀ. ਅੰਮ੍ਰਿਤਸਰ ਨੇ ਚਾਬੀਆਂ ਪੁਲਿਸ ਰਾਹੀਂ ਸੁੰਦਰ ਸਿੰਘ ਰਾਮਗੜ੍ਹੀਏ ਤੋਂ ਆਪ ਲੈ ਲਈਆਂ ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਮੋਰਚਾ ਲਾ ਦਿੱਤਾ।

ਅੰਤ ਸਰਕਾਰ ਨੂੰ ਸਿੱਖ ਸ਼ਕਤੀ ਦੇ ਪ੍ਰਤੀਕ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅੱਗੇ ਝੁਕਣਾ ਪਿਆ ਤੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਸੰਗਤ 'ਚ ਬਾਬਾ ਖੜਕ ਸਿੰਘ ਸਪੁਰਦ ਕੀਤੀਆਂ ਗਈਆਂ। ਇਸ ਪੰਥਕ ਜਿੱਤ 'ਤੇ ਮਹਾਤਮਾ ਗਾਂਧੀ ਨੇ ਵਧਾਈ ਦੀ ਤਾਰ ਦਿੱਤੀ: 'ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ ਹੈ! ਵਧਾਈਆਂ !!'

1922 ਈ. 'ਚ ਅਪ੍ਰੈਲ ਮਹੀਨੇ ਇਨ੍ਹਾਂ ਨੂੰ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਨਿਰੰਤਰ 1927 ਈ. ਦੇ ਜੂਨ ਮਹੀਨੇ ਤੀਕ ਆਪ ਜੇਲ੍ਹ ਵਿਚ ਰਹੇ। ਬਾਬਾ ਖੜਕ ਸਿੰਘ ਜੀ ਨੇ ਜੇਲ੍ਹ ਯਾਤਰਾ ਸਮੇਂ ਆਪਣੀ ਪਦ-ਪਦਵੀ ਤੇ ਵਿੱਦਿਅਕ ਯੋਗਤਾ ਅਨੁਸਾਰ ਸਹੂਲਤਾਂ ਨਹੀਂ ਲਈਆਂ ਸਗੋਂ ਦੂਸਰੇ ਸਿੱਖ ਕੈਦੀਆਂ ਵਾਂਗ ਸਾਧਾਰਨ ਕੋਠੜੀ ਵਿਚ ਹੀ ਰਹੇ। ਅੰਗਰੇਜ਼ ਸਰਕਾਰ ਨੇ ਜੇਲ੍ਹ ਵਿਚ ਸਿੱਖਾਂ ਵੱਲੋਂ ਕਾਲੀ ਦਸਤਾਰ ਸਜਾਉਣ ਤੇ ਹਿੰਦੂਆਂ ਨੂੰ ਗਾਂਧੀ ਟੋਪੀ ਪਾਉਣ 'ਤੇ ਪਾਬੰਦੀ ਲਗਾ ਦਿੱਤੀ। ਬਾਬਾ ਖੜਕ ਸਿੰਘ ਰੋਹ ਵਿਚ ਆ ਗਏ, ਉਨ੍ਹਾਂ ਕਛਹਿਰੇ ਤੋਂ ਬਿਨਾਂ ਸਾਰੇ ਕੱਪੜੇ ਉਤਾਰ ਦਿੱਤੇ ਅਤੇ ਭਰ ਸਿਆਲ ਨੰਗੇ ਧੜ ਹੀ ਲੜੇ। ਅਖ਼ੀਰ ਸਰਕਾਰ ਨੂੰ ਝੁਕਣਾ ਪਿਆ।

ਸਿੱਖ ਗੁਰਦੁਆਰਾ ਕਾਨੂੰਨ ਅਨੁਸਾਰ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀਆਂ ਚੋਣਾਂ ਸਮੇਂ ਇਨ੍ਹਾਂ ਨੂੰ ਜੇਲ੍ਹ ਵਿਚ ਹੀ ਸਰਬ-ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਗੁਰਦੁਆਰਾ ਐਕਟ ਪਾਸ ਹੋ ਜਾਣ 'ਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਦੀ ਅਗਵਾਈ ਵਿਚ ਨਰਮ ਖ਼ਿਆਲ ਆਗੂਆਂ ਨੇ ਸਰਕਾਰ ਦੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ ਤੇ ਜੇਲ੍ਹ ਤੋਂ ਬਾਹਰ ਆ ਗਏ ਪਰ ਬਾਬਾ ਖੜਕ ਸਿੰਘ ਹੋਰਾਂ ਨੂੰ ਸਰਕਾਰ ਦੀਆਂ ਸ਼ਰਤਾਂ ਪ੍ਰਵਾਨ ਨਹੀਂ ਸਨ।

ਇਨ੍ਹਾਂ ਦੇ ਸਾਥੀ ਸ. ਤੇਜਾ ਸਿੰਘ ਸਮੁੰਦਰੀ ਜੇਲ੍ਹ ਵਿਚ ਹੀ ਪਰਲੋਕ ਪਿਆਨਾ ਕਰ ਗਏ ਪਰ ਸ਼ਰਤਾਂ ਅਧੀਨ ਰਿਹਾਈ ਪ੍ਰਵਾਨ ਨਹੀਂ ਕੀਤੀ। 8 ਅਗਸਤ, 1922 ਨੂੰ ਗੁਰੂ ਕੇ ਬਾਗ਼ ਦਾ ਮੋਰਚਾ ਲੱਗ ਗਿਆ। ਇਹ ਮੋਰਚਾ 17 ਨਵੰਬਰ, 1923 ਤੀਕ ਨਿਰੰਤਰ ਚੱਲਦਾ ਰਿਹਾ। ਹਜ਼ਾਰਾਂ ਨਿਹੱਥੇ ਅਕਾਲੀ ਵਰਕਰ ਇਸ ਮੋਰਚੇ ਦੌਰਾਨ ਅੰਗਰੇਜ਼ ਸਰਕਾਰ ਦੇ ਜਬਰ-ਜ਼ੁਲਮ ਦਾ ਸ਼ਿਕਾਰ ਹੋਏ।

ਸਿੱਖ ਗੁਰਦੁਆਰਾ ਕਾਨੂੰਨ ਬਣਨ ਅਤੇ ਇਸ ਨੂੰ ਪੰਥਕ ਪ੍ਰਵਾਨਗੀ ਮਿਲਣ 'ਤੇ ਪਹਿਲੀ ਵੇਰ ਜੂਨ, 1926 ਈ. 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀਆਂ ਚੋਣਾਂ ਹੋਈਆਂ। ਅਕਾਲੀ ਦਲ ਦੇ ਮੁਕਾਬਲੇ ਸਰਦਾਰ ਬਹਾਦਰ ਪਾਰਟੀ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ। ਨਾਮਜ਼ਦਗੀਆਂ ਤੋਂ ਬਾਅਦ 2 ਅਕਤੂਬਰ, 1926 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ 11 ਵਜੇ ਇਕੱਤ੍ਰਤਾ ਹੋਈ, ਜਿਸ ਵਿਚ 150 ਮੈਂਬਰ ਹਾਜ਼ਰ ਹੋਏ। ਇਕੱਤ੍ਰਤਾ ਦੇ ਚੇਅਰਮੈਨ ਸ. ਮੰਗਲ ਸਿੰਘ ਨੂੰ ਚੁਣਿਆ ਗਿਆ। ਬਾਬਾ ਖੜਕ ਸਿੰਘ ਜੀ ਸਰਬ-ਸੰਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਚੁਣੇ ਗਏ, ਜੋ ਕਿ ਉਸ ਸਮੇਂ ਲਾਹੌਰ ਜੇਲ੍ਹ 'ਚ ਨਜ਼ਰਬੰਦ ਸਨ। ਇਸ ਇਕੱਤ੍ਰਤਾ 'ਚ ਮਾਸਟਰ ਤਾਰਾ ਸਿੰਘ ਜੀ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ ਜੋ ਚੋਣ ਸਮੇਂ ਸੀਨੀਅਰ ਮੀਤ

ਪ੍ਰਧਾਨ ਚੁਣੇ ਗਏ। ਇਸ ਇਕੱਤ੍ਰਤਾ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਨਾਂ ਪ੍ਰਵਾਨ ਕੀਤਾ ਗਿਆ। ਇਸ ਮੀਟਿੰਗ 'ਚ ਸਿੱਖ ਕੈਦੀਆਂ ਦੀ ਰਿਹਾਈ, ਦਫ਼ਤਰੀ ਲਿਖਾ-ਪੜ੍ਹੀ ਪੰਜਾਬੀ ਭਾਸ਼ਾ 'ਚ ਕਰਨ ਤੇ ਜਾਤ-ਪਾਤ ਦੇ ਵਿਰੋਧ ਵਿਚ ਮਤਾ ਪਾਸ ਕੀਤਾ ਗਿਆ। ਬਾਬਾ ਖੜਕ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਹੀ 'ਸਿੱਖ ਰਹਿਤ ਮਰਯਾਦਾ' ਨਿਰਧਾਰਤ ਕਰਨ ਦਾ ਇਤਿਹਾਸਕ ਫ਼ੈਸਲਾ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹਿਸਾਬ ਨੂੰ ਸੰਗਤੀ ਰੂਪ ਵਿਚ ਪਾਰਦਰਸ਼ੀ ਕਰਨ ਲਈ ਮਾਸਿਕ ਪੱਤਰ *ਗੁਰਦੁਆਰਾ ਗਜ਼ਟ* ਜਾਰੀ ਕੀਤਾ ਗਿਆ।

1929 ਈ. 'ਚ ਕਾਂਗਰਸ ਪਾਰਟੀ ਨੇ ਅੰਮ੍ਰਿਤਸਰ 'ਚ ਸਾਲਾਨਾ ਕਾਨਫ਼ਰੰਸ ਕੀਤੀ। ਉਸ ਸਮੇਂ ਹੀ ਬਾਬਾ ਖੜਕ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰਾਂ ਨੇ ਸਿੱਖ ਕਾਨਫ਼ਰੰਸ ਬੁਲਾ ਲਈ, ਜਿਸ ਵਿਚ ਇਤਿਹਾਸਕ ਇਕੱਠ ਹੋਇਆ। ਇਸ ਨੇ ਕਾਂਗਰਸ ਪਾਰਟੀ ਦੀ ਕਾਨਫ਼ਰੰਸ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਤੇ ਸਿੱਖਾਂ ਦੀ ਨਰਾਜ਼ਗੀ ਦਰਜ ਕਰਵਾਈ। ਫ਼ਰਵਰੀ, 1926 ਤੋਂ ਲੈ ਕੇ ਬਾਬਾ ਖੜਕ ਸਿੰਘ ਜੀ 12 ਅਕਤੂਬਰ, 1930 ਤੀਕ ਨਿਰੰਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ। ਇਨ੍ਹਾਂ ਤੋਂ ਬਾਅਦ ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਬਾਬਾ ਖੜਕ ਸਿੰਘ ਜੀ 1939 ਤੀਕ ਸਿੱਖ ਰਾਜਨੀਤੀ 'ਚ ਸਰਗਰਮ ਰਹੇ। ਇਸ ਸਮੇਂ ਹੀ ਇਨ੍ਹਾਂ ਸੈਂਟਰਲ ਅਕਾਲੀ ਦਲ ਨਾਂ ਦੀ ਪਾਰਟੀ ਬਣਾਈ ਪਰ ਇਸ ਕਾਰਜ ਵਿਚ ਇਹ ਬਹੁਤੇ ਸਫਲ ਨਾ ਹੋ ਸਕੇ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਜਿਸ ਕਾਂਗਰਸ ਪਾਰਟੀ ਨੂੰ ਸਿੱਖ ਦੁਸ਼ਮਣ ਪਾਰਟੀ ਮੰਨਦੇ ਸਨ, ਉਸ ਨਾਲ ਇਨ੍ਹਾਂ ਸਮਝੌਤਾ ਕਰ ਲਿਆ।

ਬਾਬਾ ਖੜਕ ਸਿੰਘ ਜੀ ਦੇ 86ਵੇਂ ਜਨਮ ਦਿਨ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਨ੍ਹਾਂ ਨੂੰ ਸਨਮਾਨ ਤੇ ਸਤਿਕਾਰ ਵਜੋਂ ਚਾਂਦੀ ਦਾ ਬਣਿਆ ਭਾਰਤ ਦਾ ਰਾਸ਼ਟਰੀ ਝੰਡਾ ਭੇਂਟ ਕੀਤਾ ਅਤੇ ਕਿਹਾ ਕਿ ਰਾਸ਼ਟਰੀ ਝੰਡੇ ਦੇ ਗੌਰਵ ਨੂੰ ਕਾਇਮ ਰੱਖਣ ਅਤੇ ਮਾਣ-ਮਰਯਾਦਾ ਨੂੰ ਉੱਚਾ ਚੁੱਕਣ ਲਈ ਬਾਬਾ ਖੜਕ ਸਿੰਘ ਜੀ ਦੇ ਹੱਥਾਂ ਨਾਲੋਂ ਹੋਰ ਚੰਗੇਰੇ ਹੱਥ ਕੋਈ ਨਹੀਂ।

ਦੇਸ਼ ਦੀ ਵੰਡ ਸਮੇਂ ਇਨ੍ਹਾਂ ਨੂੰ ਸਿਆਲਕੋਟ ਛੱਡ ਕੇ ਦਿੱਲੀ ਆਉਣਾ ਪਿਆ। ਇਨ੍ਹਾਂ ਨੇ ਆਪਣਾ ਨਿਵਾਸ ਅਲੀਗੰਜ ਰੋਡ, ਨਵੀਂ ਦਿੱਲੀ ਵਿਖੇ ਕੀਤਾ। ਅਸਲ 'ਚ ਇਨ੍ਹਾਂ ਦੇ ਇਕਲੌਤੇ ਸਪੁੱਤਰ ਸ. ਪ੍ਰਿਥੀਪਾਲ ਸਿੰਘ ਦੀ ਕੁੱਲੂ-ਮਨਾਲੀ ਸੜਕ ਹਾਦਸੇ ਵਿਚ ਮੌਤ ਹੋ ਗਈ, ਜਿਸ ਤੋਂ ਬਾਅਦ ਇਨ੍ਹਾਂ ਨੇ ਸਮਾਜਿਕ, ਰਾਜਸੀ ਜੀਵਨ ਤੋਂ ਸੰਨਿਆਸ ਲੈ ਲਿਆ। ਜ਼ਿੰਦਗੀ ਦੇ ਆਖ਼ਰੀ ਦਿਨਾਂ 'ਚ ਇਹ ਇਕੱਲੇ ਪੈ ਗਏ। ਪੰਥ ਦੇ ਬੇਤਾਜ ਬਾਦਸ਼ਾਹ ਸਦਵਾਉਣ ਵਾਲੇ ਬਾਬਾ ਖੜਕ ਸਿੰਘ ਜੀ ਨੂੰ ਜ਼ਿੰਦਗੀ ਦੀਆਂ ਆਖ਼ਰੀ ਘੜੀਆਂ ਨਿਰਾਸਤਾ ਨਾਲ ਦਿੱਲੀ 'ਚ ਬਿਤਾਉਣੀਆਂ ਪਈਆਂ। 6 ਅਕਤੂਬਰ, 1963 ਨੂੰ 97 ਸਾਲ ਦੀ ਉਮਰ 'ਚ ਦਿੱਲੀ ਵਿਖੇ ਪਰਲੋਕ ਪਿਆਨਾ ਕਰ ਗਏ। ਇਨ੍ਹਾਂ ਦੇ ਤਿੰਨ ਪੋਤਰੇ ਸ. ਜਗਤ ਸਿੰਘ, ਸ. ਜਗਜੀਤ ਸਿੰਘ ਤੇ ਸ. ਮਨਜੀਤ ਸਿੰਘ, ਪਿਤਾ-ਪੁਰਖੀ ਠੇਕੇਦਾਰੀ ਦਾ ਕਾਰਜ ਕਰਦੇ ਹਨ। ਬਾਬਾ ਖੜਕ ਸਿੰਘ

ਜੀ ਦੀ ਯਾਦ 'ਚ ਭਾਰਤ ਸਰਕਾਰ ਨੇ ਨਵੀਂ ਦਿੱਲੀ ਦੀ ਇਕ ਸੜਕ ਦਾ ਨਾਂ ਬਾਬਾ ਖੜਕ ਸਿੰਘ ਮਾਰਗ ਰੱਖਿਆ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਬਾਬਾ ਖੜਕ ਸਿੰਘ ਦੀ ਸੁਚੱਜੀ ਅਗਵਾਈ 'ਚ ਅਜ਼ਾਦੀ ਲਹਿਰ ਨਾਲ ਜੁੜ ਗਈ। ਬਾਬਾ ਖੜਕ ਸਿੰਘ ਸੁਤੰਤਰ ਸਿੱਖ ਸੋਚ ਦੇ ਧਾਰਨੀ ਸਨ। ਮਿਸਾਲ ਦੇ ਤੌਰ 'ਤੇ ਇਨ੍ਹਾਂ ਸਿੱਖ ਲੀਡਰਾਂ ਨੇ ਇਕ ਤੋਂ ਵਧੇਰੇ ਵੇਰ ਐਲਾਨ ਕੀਤਾ ਕਿ ਉਹ ਨਾ-ਮਿਲਵਰਤਣੀਏ ਹਨ, ਉਹ ਕੋਈ ਵੀ ਸਫ਼ਾਈ ਪੇਸ਼ ਕਰਨ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਦੇ ਮਨ ਵਿਚ ਵਿਦੇਸ਼ੀ ਸਰਕਾਰ, ਅਦਾਲਤਾਂ ਤੇ ਇਸ ਦੇ ਕਾਨੂੰਨ ਵਿਚ ਕੋਈ ਆਸਥਾ ਨਹੀਂ। ਅਦਾਲਤ ਵਿਚ ਬਾਬਾ ਖੜਕ ਸਿੰਘ ਵੱਲੋਂ ਦਿੱਤਾ ਬਿਆਨ ਇਕ ਮਿਸਾਲ ਹੈ ਜੋ ਉਨ੍ਹਾਂ ਦੀ ਦਲੇਰੀ, ਸਪੱਸ਼ਟਤਾ, ਸੁਤੰਤਰਤਾ, ਸਿੱਖ ਸੋਚ ਤੇ ਸਿੱਖੀ ਭਾਵਨਾ ਦੀ ਤਰਜਮਾਨੀ ਕਰਦਾ ਹੈ :

> ਸਰਕਾਰ ਇਸ ਜ਼ੋਰ ਜਬਰਦਸਤੀ ਦੀ ਇਕ ਧਿਰ ਹੈ ਅਤੇ ਜੱਜ ਇਸ ਦਾ ਮੁਲਾਜ਼ਮ ਹੈ। ਇਸ ਲਈ ਮੈਂ ਕੋਈ ਬਿਆਨ ਦੇਣ ਦੀ ਇੱਛਾ ਨਹੀਂ ਰੱਖਦਾ। ਸਿੱਖ ਪੰਥ ਦੇ ਪ੍ਰਧਾਨ ਦੇ ਤੌਰ 'ਤੇ ਮੇਰੀ ਪਦਵੀ ਉਹ ਹੈ ਜੋ ਅਮਰੀਕਾ, ਫ਼ਰਾਂਸ ਤੇ ਜਰਮਨ ਦੇ ਪ੍ਰਧਾਨਾਂ ਦੀ ਹੈ।

(ਡਾ. ਮਹਿੰਦਰ ਸਿੰਘ, 'ਬਾਬਾ ਖੜਕ ਸਿੰਘ', ਪੰਨਾ 37)

ਸਤਿ-ਸੰਤੋਖ-ਸਿੱਖੀ ਸਿਦਕ ਭਰੋਸੇ, ਸਾਦਗੀ, ਚੜ੍ਹਦੀ ਕਲਾ ਦੇ ਸਦਗੁਣਾਂ ਦੇ ਧਾਰਣੀ ਬਾਬਾ ਖੜਕ ਸਿੰਘ ਜੀ ਕਹਿਣੀ-ਕਥਨੀ ਤੇ ਕਰਨੀ ਦੇ ਸੂਰਬੀਰ ਬਲੀ ਸਨ। ਬਾਬਾ ਖੜਕ ਸਿੰਘ ਜੀ ਤੇ ਹੋਰ ਸਿੱਖ ਨੇਤਾਵਾਂ ਦੀ ਦਲੇਰੀ ਸਦਕਾ, ਸਿੱਖ ਸੰਗਤਾਂ ਭੈ-ਰਹਿਤ ਹੋ ਗਈਆਂ ਤੇ ਉਹ ਤਨ-ਮਨ-ਧਨ ਤੋਂ ਵਿਸ਼ਾਲ ਅੰਗਰੇਜ਼ ਸਾਮਰਾਜ ਦੇ ਵਿਰੁੱਧ ਡੱਟ ਗਈਆਂ।

ਸ਼ਾਇਦ ਸਿੱਖ ਸਮਾਜ, ਧਰਮ ਤੇ ਰਾਜਨੀਤੀ 'ਚ ਬਾਬਾ ਖੜਕ ਸਿੰਘ ਵਾਹਦ ਸ਼ਖ਼ਸੀਅਤ ਹੋਣ ਜੋ ਇੱਕੋ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਰਵ ਪ੍ਰਵਾਨਿਤ ਸਿੱਖ ਨੇਤਾ ਹੋਣ !!

•

3

ਸ. ਸੁੰਦਰ ਸਿੰਘ ਰਾਮਗੜ੍ਹੀਆ

ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਅਤੇ ਸਿੱਖ-ਪਾਰਲੀਮੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਰਹੇ ਸ. ਸੁੰਦਰ ਸਿੰਘ ਰਾਮਗੜ੍ਹੀਏ ਦਾ ਵਿਰਸਾ-ਵਿਰਾਸਤ ਤੇ ਪਰਿਵਾਰਕ ਪਿਛੋਕੜ ਮਹਾਨ ਸਿੱਖ ਯੋਧੇ ਸ. ਜੱਸਾ ਸਿੰਘ ਰਾਮਗੜ੍ਹੀਆ ਬਾਨੀ ਮਿਸਲ ਰਾਮਗੜ੍ਹੀਆਂ ਨਾਲ ਜੁੜਦਾ ਹੈ। ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਚਾਰ ਭਰਾਵਾਂ 'ਚੋਂ ਸਭ ਤੋਂ ਛੋਟੇ ਸ. ਤਾਰਾ ਸਿੰਘ ਦੀ ਅੰਸ਼ ਵਿੱਚੋਂ ਹੀ ਸਨ ਸ. ਸੁੰਦਰ ਸਿੰਘ ਰਾਮਗੜ੍ਹੀਆ। ਸ. ਤਾਰਾ ਸਿੰਘ ਦੇ ਪੋਤਰੇ ਸਨ ਸ. ਮੰਗਲ ਸਿੰਘ ਅਤੇ ਸ. ਮੰਗਲ ਸਿੰਘ ਦੇ ਪੋਤਰੇ ਸ. ਸੁੰਦਰ ਸਿੰਘ ਰਾਮਗੜ੍ਹੀਆ, ਜਿਨ੍ਹਾਂ ਦਾ ਜਨਮ ਮਈ, 1879 'ਚ ਸ. ਸ਼ੇਰ ਸਿੰਘ ਦੇ ਘਰ ਹੋਇਆ। ਰਾਮਗੜ੍ਹੀਆ ਮਿਸਲ ਦਾ ਇਤਿਹਾਸ ਬਹੁਤ ਗੌਰਵਮਈ ਤੇ ਸ਼ਾਨਾਮੱਤਾ ਰਿਹਾ ਹੈ। ਸਿੱਖਾਂ ਦੀ ਇਸ ਸ਼ਕਤੀਸ਼ਾਲੀ ਤੇ ਹੁਨਰਮੰਦ ਮਿਸਲ ਪਾਸ 360 ਕਿਲ੍ਹਿਆਂ, ਦਸ ਹਜ਼ਾਰ ਘੋੜ ਸਵਾਰ ਫ਼ੌਜ ਦਾ ਪ੍ਰਬੰਧ ਸੀ। ਇਨ੍ਹਾਂ ਦੇ ਦਾਦਾ ਸ. ਮੰਗਲ ਸਿੰਘ ਨੇ ਅਪ੍ਰੈਲ 1837 'ਚ ਜਮਰੌਦ ਦੀ ਜੰਗ 'ਚ ਬਹਾਦਰੀ ਨਾਲ ਸ. ਹਰੀ ਸਿੰਘ ਨਲਵੇ ਦਾ ਸਾਥ ਦਿੱਤਾ ਪਰ ਸਿੱਖ ਰਾਜ ਦੀਆਂ ਸ਼ਾਮਾਂ ਪੈ ਜਾਣ 'ਤੇ ਸ. ਮੰਗਲ ਸਿੰਘ ਹੁਰੀਂ ਅੰਗਰੇਜ਼ ਸਰਕਾਰ ਦੇ ਹਮਦਰਦ ਬਣ ਗਏ ਅਤੇ ਪਹਿਲੀ ਤੇ ਦੂਸਰੀ ਸੰਸਾਰ ਜੰਗ ਅੰਗਰੇਜ਼ਾਂ ਵਲੋਂ ਲੜੇ।

ਸ. ਜੋਧ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਮੁਕਤੀ ਤੋਂ ਬਾਅਦ ਸ. ਮੰਗਲ ਸਿੰਘ ਨੂੰ 1862 ਈ. ਨੂੰ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਲਾਇਆ ਗਿਆ। ਇਹ ਸਰਬਰਾਹੀ ਇਨ੍ਹਾਂ 17 ਸਾਲ ਲਗਾਤਾਰ ਅੰਤਿਮ ਸਾਹਾਂ, 1879 ਈ. ਤੀਕ ਨਿਬਾਹੀ। ਇਸ ਸਮੇਂ ਦੌਰਾਨ ਇਨ੍ਹਾਂ ਨੂੰ ਅੰਗਰੇਜ਼ ਸਰਕਾਰ ਵਲੋਂ ਬਹੁਤ ਸਾਰੇ ਮਾਣ ਸਤਿਕਾਰ ਅਤੇ ਅਹੁਦੇ ਦਿੱਤੇ ਗਏ। ਸ. ਮੰਗਲ ਸਿੰਘ ਦੇ ਛੋਟੇ ਸਪੁੱਤਰ ਸ. ਸ਼ੇਰ ਸਿੰਘ ਦੇ ਦੋ ਪੁੱਤਰ ਹੋਏ—ਸੰਤ ਸਿੰਘ ਤੇ ਸੁੰਦਰ ਸਿੰਘ। ਸੰਤ ਸਿੰਘ ਨੇ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ ਪਰ ਜੁਆਨ ਉਮਰੇ 1896 ਈ. ਵਿਚ ਚੜ੍ਹਾਈ ਕਰ ਗਿਆ। ਉਨ੍ਹਾਂ ਦਿਨਾਂ 'ਚ ਸ. ਸੁੰਦਰ ਸਿੰਘ ਜੀ ਗੌਰਮਿੰਟ ਕਾਲਜ, ਲਾਹੌਰ ਬੀ.ਏ. 'ਚ ਪੜ੍ਹਦੇ ਸਨ। ਇਨ੍ਹਾਂ ਤੇ ਇਨ੍ਹਾਂ ਦੇ ਚਚੇਰੇ ਭਰਾਤਾ ਸ. ਬਿਸ਼ਨ ਸਿੰਘ ਨੂੰ ਅੰਗਰੇਜ਼ ਹਕੂਮਤ ਵਲੋਂ 3600/- ਰੁਪਏ ਦੀ ਸਾਲਾਨਾ ਨਕਦ ਜਗੀਰ ਅਤੇ ਬਹੁਤ ਸਾਰੀ ਜ਼ਮੀਨ-ਜਾਇਦਾਦ ਮਿਲੀ ਹੋਈ ਸੀ। ਇਨ੍ਹਾਂ ਦਾ ਪਰਿਵਾਰ ਉਸ ਸਮੇਂ ਬਹੁਤ



ਸ. ਸੁੰਦਰ ਸਿੰਘ ਰਾਮਗੜ੍ਹੀਆ

ਪੜ੍ਹਿਆ-ਲਿਖਿਆ ਸੀ। ਸ. ਬਿਸ਼ਨ ਸਿੰਘ ਸ਼ਿਮਲੇ ਵਿਚ ਕਚਹਿਰੀ 'ਚ ਇੰਸਪੈਕਟਰ ਸਨ ਜੋ ਪੰਜਾਬੀ, ਅੰਗਰੇਜ਼ੀ, ਫ਼ਾਰਸੀ ਤੇ ਉਰਦੂ ਭਾਸ਼ਾਵਾਂ ਦੇ ਗਿਆਤਾ ਸਨ।

ਸ. ਸੁੰਦਰ ਸਿੰਘ ਰਾਮਗੜ੍ਹੀਆ ਬਹੁਤ ਚੇਤੰਨ ਤੇ ਸਮਰਪਿਤ ਸਿੱਖ ਸਨ। ਇਨ੍ਹਾਂ ਆਪਣੇ ਗੌਰਵਮਈ ਵਿਰਸੇ ਨੂੰ ਸੰਭਾਲਣ ਵਾਸਤੇ 1902 ਈ. 'ਚ *ਰਾਮਗੜ੍ਹੀਏ ਸਰਦਾਰਾਂ ਦਾ ਇਤਿਹਾਸ* ਨਾਮੀ ਪੁਸਤਕ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਤੇ ਪ੍ਰਕਾਸ਼ਿਤ ਕਰਵਾਈ। ਇਨ੍ਹਾਂ ਦੇ ਦੋ ਸਪੁੱਤਰ ਸਨ—ਸ. ਮਹਿੰਦਰ ਸਿੰਘ ਤੇ ਸ. ਨਰਿੰਦਰ ਸਿੰਘ। ਸ. ਨਰਿੰਦਰ ਸਿੰਘ ਦਿੱਲੀ 'ਚ ਇਨਕਮ ਟੈਕਸ ਆਫ਼ੀਸਰ ਸਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ-ਵਾਈਸ ਚਾਂਸਲਰ ਰਹਿ ਚੁੱਕੇ ਪ੍ਰੋ. ਪ੍ਰਿਥੀਪਾਲ ਸਿੰਘ ਜੀ ਕਪੂਰ ਰਚਿਤ ਪੁਸਤਕ *ਸ. ਜੱਸਾ ਸਿੰਘ ਰਾਮਗੜ੍ਹੀਆ* 'ਚ ਅੰਕਤ ਹੈ ਕਿ ਸ. ਸੁੰਦਰ ਸਿੰਘ ਦਾ ਇਕ ਸਪੁੱਤਰ ਸ. ਨਰਿੰਦਰ ਸਿੰਘ (ਇਨਕਮ ਟੈਕਸ ਆਫ਼ੀਸਰ ਦਿੱਲੀ) ਸੀ ਪਰ ਯਾਦਗਾਰ ਅਸਥਾਨ (ਸਮਾਧਾਂ) ਰਾਮਗੜ੍ਹੀਆ ਦੀ ਸ਼ਿਲਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਸ੍ਰੀ ਅੰਮ੍ਰਿਤਸਰ ਤੋਂ ਸਪੱਸ਼ਟ ਹੁੰਦਾ ਹੈ ਕਿ ਸ. ਮਹਿੰਦਰ ਸਿੰਘ ਵੀ ਸ. ਸੁੰਦਰ ਸਿੰਘ ਦੇ ਸਪੁੱਤਰ ਸਨ।

1849 ਈ. 'ਚ ਸਿੱਖ ਰਾਜ ਦੀ ਸ਼ਾਮ ਪੈ ਜਾਣ 'ਤੇ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਅੰਗਰੇਜ਼ ਸਰਕਾਰ ਨੇ ਆਪਣੇ ਹੱਥ ਲੈ ਲਿਆ। 5 ਸਤੰਬਰ, 1859 ਨੂੰ ਸ੍ਰੀ ਦਰਬਾਰ ਸਾਹਿਬ ਤੇ ਸ਼ਹਿਰ ਦੇ ਹੋਰ ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਵਿਚਾਰ ਕਰਨ ਲਈ ਮਿਸਟਰ ਕੂਪਰ ਡੀ.ਸੀ. ਅੰਮ੍ਰਿਤਸਰ ਨੇ ਇਕੱਤ੍ਰਤਾ ਬੁਲਾਈ। ਇਸ ਇਕੱਤ੍ਰਤਾ ਵਿਚ 12 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੇ ਮੁਖੀ ਸ. ਮੰਗਲ ਸਿੰਘ ਸਰਬਰਾਹ ਸਨ, ਜੋ ਕਿ ਸ. ਸੁੰਦਰ ਸਿੰਘ ਜੀ ਰਾਮਗੜ੍ਹੀਏ ਦੇ ਦਾਦਾ ਜੀ ਸਨ। ਡੀ.ਸੀ. ਸਾਹਮਣੇ ਇਸ ਕਮੇਟੀ ਨੇ ਇਕਬਾਲ ਕੀਤਾ ਕਿ ਸਰਕਾਰ ਦੀ ਮਦਦ ਬਿਨਾਂ ਅਸੀਂ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਨਹੀਂ ਚਲਾ ਸਕਦੇ। ਅੰਗਰੇਜ਼ ਸਰਕਾਰ ਦੀ ਜੀ-ਹਜ਼ੂਰੀ ਤੇ ਖ਼ੁਸ਼ਾਮਦ ਦੀ ਇਹ ਅਖ਼ੀਰ ਸੀ। ਹੈਰਾਨੀ ਹੈ ਕਿ ਜੋ ਸਿੱਖ ਵਿਸ਼ਾਲ ਪੰਜਾਬ ਦੇ ਰਾਜੇ ਬਣ—50 ਸਾਲ ਲਾਹੌਰ ਦੇ ਸ਼ਾਹੀ ਕਿਲ੍ਹੇ 'ਤੇ ਕੇਸਰੀ ਪਰਚਮ ਝੁਲਾ ਸਕਦੇ ਹਨ, ਉਹ ਇਸ ਕਾਬਲ ਵੀ ਨਾ ਰਹੇ ਕਿ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸੁਤੰਤਰ ਰੂਪ 'ਚ ਕਰ ਸਕਣ। ਖ਼ੈਰ, ਡੀ.ਸੀ. ਵਲੋਂ ਬਣਾਈ ਕਮੇਟੀ ਤੇ ਸ. ਮੰਗਲ ਸਿੰਘ ਸਰਬਰਾਹ ਨੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਕੁਝ ਨਿਯਮ ਨਿਰਧਾਰਤ ਕੀਤੇ।

ਸਰਬਰਾਹ ਦਾ ਅਰਥ ਹੈ: ਸਰਪ੍ਰਸਤ, ਇੰਤਜ਼ਾਮ ਕਰਨ ਵਾਲਾ, ਰਸਤਾ ਦਿਖਾਉਣ ਵਾਲਾ। ਵਾਸਤਵ ਵਿਚ ਇਹ ਸ਼ਬਦ ਤਾਂ ਬੜਾ ਹੀ ਪਿਆਰਾ ਸੀ ਪਰ ਇਸ ਪਦਵੀ ਨੂੰ ਅਰੂੜ ਸਿੰਘ ਨੇ ਸਭ ਤੋਂ ਵੱਧ ਬਦਨਾਮ ਤੇ ਕਲੰਕਤ ਕੀਤਾ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਦੇ ਪ੍ਰਬੰਧ ਵਿਚ ਸਭ ਤੋਂ ਵਧੇਰੇ ਨਿਘਾਰ ਅਰੂੜ ਸਿੰਘ ਦੇ ਸਮੇਂ ਆਇਆ। ਇਨ੍ਹਾਂ ਪਾਵਨ-ਪਵਿੱਤਰ ਅਸਥਾਨਾਂ ਦੀ ਪਵਿੱਤ੍ਰਤਾ, ਮਰਯਾਦਾ ਅਤੇ ਸਿੱਖ ਧਾਰਮਿਕ, ਸਦਾਚਾਰਕ, ਸਮਾਜਿਕ ਕਦਰਾਂ-ਕੀਮਤਾਂ ਨਾਲ ਜੋ ਖਿਲਵਾੜ ਇਸ ਸਮੇਂ ਹੋਇਆ, ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਬਿਆਨ ਕਰਨਾ ਸਾਰਥਿਕ ਹੈ।

ਅਰੂੜ ਸਿੰਘ ਨੂੰ ਸਰਬਰਾਹੀ ਤੋਂ ਲਾਹੁਣ ਵਾਸਤੇ ਸਿੱਖਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ। ਸਰਬਰਾਹ ਦਾ ਮਾਤਮੀ ਜਲੂਸ ਕੱਢਣ ਅਤੇ ਅਰਥੀ ਫੂਕਣ ਦਾ ਪ੍ਰਬੰਧ ਕੀਤਾ ਗਿਆ। 26 ਮਾਰਚ, 1920 ਨੂੰ ਅਰੂੜ ਸਿੰਘ ਆਪਣੇ ਖ਼ਿਲਾਫ਼ ਹੋ ਰਹੇ ਜਲਸੇ ਵਿਚ ਸ਼ਾਮਿਲ ਹੋਇਆ ਅਤੇ ਗਲ ਵਿਚ ਪੱਲਾ ਪਾ ਕੇ ਮੁਆਫ਼ੀ ਮੰਗੀ ਤੇ ਸਰਬਰਾਹੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਤਰ੍ਹਾਂ ਸਿੱਖ ਜਥੇਬੰਦਕ ਸ਼ਕਤੀ ਨੂੰ ਉਤਸ਼ਾਹ ਤੇ ਬਲ ਪ੍ਰਾਪਤ ਹੋਇਆ। ਡੀ.ਸੀ. ਅੰਮ੍ਰਿਤਸਰ ਨੇ ਅਰੂੜ ਸਿੰਘ ਦੀ ਥਾਂ ਸਤਿਕਾਰਤ ਸਿੱਖ ਪਰਿਵਾਰ ਨਾਲ ਸੰਬੰਧਿਤ ਸ. ਸੁੰਦਰ ਸਿੰਘ ਰਾਮਗੜ੍ਹੀਏ ਨੂੰ ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਨਿਯੁਕਤ ਕੀਤਾ। ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ, ਸਿੱਖਾਂ ਵਲੋਂ ਆਪਣੇ ਅਧਿਕਾਰ ਖੇਤਰ 'ਚ ਲਏ ਜਾਣ ਸਮੇਂ ਸ. ਸੁੰਦਰ ਸਿੰਘ ਜੀ ਹੀ ਸਰਬਰਾਹ ਸਨ। ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁਜਾਰੀਆਂ ਵਲੋਂ ਨਿਬਾਹੇ ਗਏ ਰੋਲ ਦੀ ਖ਼ਬਰ ਜਦ ਸਰਬਰਾਹ ਪਾਸ ਪਹੁੰਚੀ ਤਾਂ ਉਨ੍ਹਾਂ ਸੰਬੰਧਿਤ ਪੁਜਾਰੀਆਂ ਨੂੰ ਸਿੱਖ ਸੰਗਤਾਂ ਪਾਸੋਂ ਮੁਆਫ਼ੀ ਮੰਗਣ ਲਈ ਕਿਹਾ, ਪਰ ਪੁਜਾਰੀ ਹਉਮੈ-ਹੰਕਾਰ ਦੀ ਹੈਂਕੜ ਨਾਲ ਮਲੀਨ ਹੋ ਚੁੱਕੇ ਸਨ। ਉਹ ਮੁਆਫ਼ੀ ਮੰਗਣ ਤੋਂ ਵੀ ਆਕੀ ਹੋ ਗਏ। ਸਰਬਰਾਹ ਸ. ਸੁੰਦਰ ਸਿੰਘ ਜੀ ਰਾਮਗੜ੍ਹੀਏ ਦੀ ਵੀ ਉਨ੍ਹਾਂ ਕੋਈ ਪ੍ਰਵਾਹ ਨਾ ਕੀਤੀ। 13 ਅਕਤੂਬਰ, 1920 ਨੂੰ ਡੀ.ਸੀ. ਅੰਮ੍ਰਿਤਸਰ ਨੇ ਨਵੇਂ ਪੈਦਾ ਹੋਏ ਹਾਲਾਤ 'ਤੇ ਵਿਚਾਰ ਕਰਨ ਲਈ ਸਰਬਰਾਹ, ਪੁਜਾਰੀਆਂ ਤੇ ਮੁਖੀ ਸਿੱਖਾਂ ਨੂੰ ਆਪਣੀ ਕੋਠੀ ਬੁਲਾਇਆ, ਪਰ ਪੁਜਾਰੀ ਉਥੇ ਵੀ ਨਾ ਪੁੱਜੇ। ਡੀ.ਸੀ. ਨੇ ਪ੍ਰਬੰਧ ਕਰਨ ਵਾਸਤੇ 9 ਮੈਂਬਰੀ ਕਮੇਟੀ ਬਣਾਈ ਜਿਸ ਦੇ ਮੁਖੀ ਸ. ਸੁੰਦਰ ਸਿੰਘ ਰਾਮਗੜ੍ਹੀਆ ਸਨ। ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਸਰਬਰਾਹ ਪਾਸ ਹੁੰਦੀਆਂ ਸਨ। ਅਰੂੜ ਸਿੰਘ ਨੂੰ ਸਿੱਖ-ਸ਼ਕਤੀ ਅੱਗੇ ਝੁਕਦਿਆਂ ਜਦ ਸਰਬਰਾਹੀ ਤੋਂ ਹੱਥ ਧੋਣੇ ਪਏ ਤਦ ਉਸ ਨੇ ਨਵੇਂ ਨਿਯੁਕਤ ਸਰਬਰਾਹ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਤੋਸ਼ੇਖ਼ਾਨੇ ਦੀਆਂ ਚਾਬੀਆਂ ਤਾਂ ਦੇ ਦਿੱਤੀਆਂ ਪਰ ਬਕਾਇਦਾ ਤੋਸ਼ੇਖ਼ਾਨੇ ਦਾ ਹਿਸਾਬ ਨਾ ਦਿੱਤਾ। ਇਨ੍ਹਾਂ ਨੇ ਤੋਸ਼ੇਖ਼ਾਨੇ ਦੇ ਸਾਰੇ ਸਾਮਾਨ ਦੀਆਂ ਬਕਾਇਦਾ ਲਿਸਟਾਂ ਬਣਾਈਆਂ ਤੇ ਹਰ ਚੀਜ਼ ਨੂੰ ਰੀਕਾਰਡ 'ਤੇ ਲਿਆਂਦਾ।

15 ਨਵੰਬਰ, 1920 ਨੂੰ 175 ਮੈਂਬਰਾਂ 'ਤੇ ਆਧਾਰਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਬਣਾਈ ਗਈ। ਸਰਕਾਰ ਵਲੋਂ ਨਾਮਜ਼ਦ 36 ਮੈਂਬਰੀ ਕਮੇਟੀ ਨੂੰ ਵੀ ਇਸ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਇਸ ਕਮੇਟੀ ਵਲੋਂ ਪੱਕੀ ਚੋਣ ਹੋਣ ਤੀਕ ਸ. ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ ਸ੍ਰੀ ਦਰਬਾਰ ਸਾਹਿਬ ਦੀ ਹੈਸੀਅਤ 'ਚ ਕੰਮ ਚਲਾਉਣ ਲਈ ਨਿਯੁਕਤ ਕੀਤਾ ਗਿਆ। ਇਸ ਤੋਂ ਸਪੱਸ਼ਟ ਹੈ ਕਿ ਸਰਬਰਾਹ ਸ. ਸੁੰਦਰ ਸਿੰਘ ਰਾਮਗੜ੍ਹੀਆ ਦਾ ਕਿਰਦਾਰ ਤੇ ਵਿਵਹਾਰ ਸਿੱਖ-ਸਿਧਾਂਤਾਂ ਤੇ ਰਹੁ-ਰੀਤਾਂ ਅਨੁਸਾਰੀ ਹੀ ਹੋਵੇਗਾ, ਨਹੀਂ ਤਾਂ ਇਨ੍ਹਾਂ ਨੂੰ ਵੀ ਪੁਜਾਰੀਆਂ ਦੇ ਨਾਲ ਹੀ ਚੱਲਦਾ ਕਰ ਦਿੱਤਾ ਜਾਂਦਾ। 16 ਨਵੰਬਰ, 1920 ਨੂੰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ, ਜਿਸ ਵਿਚ ਸ. ਸੁੰਦਰ ਸਿੰਘ ਜੀ ਮਜੀਠਾ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ ਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ। ਫ਼ਰਵਰੀ, 1921 'ਚ ਨਨਕਾਣਾ ਸਾਹਿਬ ਦਾ ਦੁਖਦਾਈ ਸਾਕਾ ਵਾਪਰ

ਗਿਆ। 21 ਫ਼ਰਵਰੀ, 1921 ਨੂੰ ਸਵੇਰ ਸਮੇਂ ਹੀ ਸ. ਸੁੰਦਰ ਸਿੰਘ ਰਾਮਗੜ੍ਹੀਆ ਤੇ ਸ. ਹਰਬੰਸ ਸਿੰਘ ਅਟਾਰੀ ਡਾਕਟਰਾਂ ਦੀ ਟੀਮ ਨਾਲ ਉਥੇ ਹਾਜ਼ਰ ਸਨ।

ਜੁਲਾਈ, 1921 'ਚ ਸ਼੍ਰੋਮਣੀ ਕਮੇਟੀ ਦੀ ਬਕਾਇਦਾ ਚੋਣ ਹੋਈ ਅਤੇ 14 ਅਗਸਤ, 1921 ਨੂੰ ਅਹੁਦੇਦਾਰ ਚੁਣੇ ਗਏ। ਇਸ ਚੋਣ ਸਮੇਂ ਬਾਬਾ ਖੜਕ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸ. ਸੁੰਦਰ ਸਿੰਘ ਰਾਮਗੜ੍ਹੀਆ ਮੀਤ ਪ੍ਰਧਾਨ ਅਤੇ ਸ. ਮਹਿਤਾਬ ਸਿੰਘ ਜਨਰਲ ਸਕੱਤਰ ਚੁਣੇ ਗਏ। ਰਾਮਗੜ੍ਹੀਏ ਸਰਦਾਰਾਂ ਵਾਸਤੇ ਇਹ ਇਕ ਵੱਡੀ ਪ੍ਰਾਪਤੀ ਸੀ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਾਸਤੇ ਚਾਰ ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿਚ ਸੁੰਦਰ ਸਿੰਘ ਜੀ ਵੀ ਮੁਖੀ ਦੇ ਰੂਪ 'ਚ ਸ਼ਾਮਿਲ ਸਨ। ਸਤੰਬਰ, 1921 ਈ. 'ਚ ਸ੍ਰੀ ਦਰਬਾਰ ਸਾਹਿਬ ਤੇ ਸਥਾਨਕ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਸਤੇ ਸਥਾਨਕ 9 ਮੈਂਬਰੀ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਵੀ ਸ. ਸੁੰਦਰ ਸਿੰਘ ਰਾਮਗੜ੍ਹੀਆ ਸਨ।

ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਗੁਰ-ਮਰਯਾਦਾ ਅਨੁਸਾਰ ਠੀਕ ਚੱਲ ਰਿਹਾ ਸੀ। ਸ. ਸੁੰਦਰ ਸਿੰਘ ਰਾਮਗੜ੍ਹੀਆ ਭਾਵੇਂ ਕਿ ਸਰਕਾਰ ਦੁਆਰਾ ਨਿਯੁਕਤ ਸਰਬਰਾਹ ਸਨ ਪਰ ਉਹ ਹਮੇਸ਼ਾ ਸਿੱਖੀ ਸਿਧਾਂਤ ਤੇ ਮਰਯਾਦਾ ਨੂੰ ਸਮਰਪਿਤ ਰਹੇ। ਨਵ-ਗਠਿਤ ਸ਼੍ਰੋਮਣੀ ਕਮੇਟੀ 'ਚ ਉਨ੍ਹਾਂ ਨੂੰ ਸਤਿਕਾਰਤ ਅਹੁਦਾ ਪ੍ਰਾਪਤ ਹੋਇਆ ਅਤੇ ਉਹ ਆਪਣੀ ਹਰ ਡਿਊਟੀ ਮਨ-ਬਚ-ਕਰਮ ਤੋਂ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸਮਰਪਿਤ ਹੋ, ਕਰ ਰਹੇ ਸਨ। 20 ਅਪ੍ਰੈਲ, 1921 ਨੂੰ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹਵਾਲੇ ਕਰ ਦਿੱਤਾ ਹੈ। ਤੋਸ਼ੇਖ਼ਾਨੇ ਦੀਆਂ ਚਾਬੀਆਂ ਸ. ਸੁੰਦਰ ਸਿੰਘ ਜੀ ਪਾਸ ਹੀ ਸਨ, ਜੋ ਉਸ ਸਮੇਂ ਮੀਤ ਪ੍ਰਧਾਨ ਤੇ ਸਰਬਰਾਹ ਵੀ ਸਨ। ਸਰਦਾਰ ਸਾਹਿਬ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਤੇ ਸਹਿਯੋਗੀ ਸਨ, ਇਸ ਕਰਕੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਉਨ੍ਹਾਂ ਪਾਸੋਂ ਲੈਣ ਦੀ ਲੋੜ ਹੀ ਨਾ ਸਮਝੀ ਗਈ। ਪਰ ਕੁਝ ਸਮੇਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਨੇ ਮੰਗ ਕੀਤੀ ਕਿ ਤੋਸ਼ੇਖ਼ਾਨੇ ਦੀਆਂ ਚਾਬੀਆਂ ਪ੍ਰਧਾਨ, ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੋਣੀਆਂ ਚਾਹੀਦੀਆਂ ਹਨ। ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਨੇ 29 ਅਕਤੂਬਰ, 1921 ਨੂੰ ਮਤਾ ਪਾਸ ਕਰ ਦਿੱਤਾ। ਇਹ ਖ਼ਬਰ ਡੀ.ਸੀ. ਅੰਮ੍ਰਿਤਸਰ ਪਾਸ ਵੀ ਪਹੁੰਚ ਗਈ। 7 ਨਵੰਬਰ, 1921 ਨੂੰ ਲਾਲਾ ਅਮਰਨਾਥ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਪੁਲਿਸ ਗਾਰਦ ਸਮੇਤ ਸ. ਸੁੰਦਰ ਸਿੰਘ ਰਾਮਗੜ੍ਹੀਆ ਦੇ ਮਕਾਨ 'ਤੇ ਗਿਆ ਤੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਦੀ ਮੰਗ ਕੀਤੀ। ਸ. ਸੁੰਦਰ ਸਿੰਘ ਜੀ ਨੇ ਚਾਬੀਆਂ ਵਸੂਲੀ ਪ੍ਰਾਪਤ ਕਰ ਕੇ ਦੇ ਦਿੱਤੀਆਂ ਅਤੇ ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕਰ ਦਿੱਤਾ। ਡੀ.ਸੀ. ਅੰਮ੍ਰਿਤਸਰ ਨੇ ਬਿਆਨ ਦਿੱਤਾ ਕਿ, ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪ੍ਰਤਿਨਿਧ ਜਮਾਤ ਨਹੀਂ। ਸਰਕਾਰ ਨੂੰ ਖ਼ਦਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਸਰਬਰਾਹ ਪਾਸੋਂ ਚਾਬੀਆਂ ਖੋਹ ਲਵੇਗੀ। ਇਸ ਲਈ ਸਰਕਾਰ ਨੂੰ ਮਜਬੂਰ ਹੋ ਕੇ ਸਰਬਰਾਹ ਤੋਂ ਚਾਬੀਆਂ ਲੈਣੀਆਂ ਪਈਆਂ।

ਅੰਗਰੇਜ਼ ਸਰਕਾਰ ਨੇ ਸ. ਸੁੰਦਰ ਸਿੰਘ ਰਾਮਗੜ੍ਹੀਏ ਦੀ ਥਾਂ ਇਕ ਆਪਣੇ ਵਫ਼ਾਦਾਰ ਕੈਪਟਨ ਬਹਾਦਰ ਸਿੰਘ ਨੂੰ ਸਰਬਰਾਹ ਨਿਯੁਕਤ ਕਰ ਦਿੱਤਾ। ਸ.

ਰਾਮਗੜ੍ਹੀਏ ਦਾ ਕਸੂਰ ਸਿਰਫ਼ ਇਹੀ ਸੀ ਕਿ ਉਹ ਪੰਥ ਨਾਲ ਵਫ਼ਾਦਾਰ ਹੋ ਕੇ ਸ਼੍ਰੋਮਣੀ ਕਮੇਟੀ ਨਾਲ ਚੱਲਦਾ ਸੀ। ਪਰ ਸਰਕਾਰ ਨੂੰ ਸਰਕਾਰ-ਭਗਤ, ਸਰਬਰਾਹ ਦੀ ਲੋੜ ਸੀ ਜੋ ਪੂਰੀ ਹੋ ਗਈ। ਸ਼੍ਰੋਮਣੀ ਕਮੇਟੀ ਨੇ 12 ਨਵੰਬਰ, 1921 ਨੂੰ ਫ਼ੈਸਲਾ ਕੀਤਾ ਕਿ ਨਵੇਂ ਸਰਬਰਾਹ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ 'ਚ ਦਖ਼ਲ ਨਹੀਂ ਦੇਣ ਦਿੱਤਾ ਜਾਵੇਗਾ। ਨਵੇਂ ਸਰਬਰਾਹ ਨੂੰ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦਾ ਚਾਰਜ ਵੀ ਨਾ ਦਿੱਤਾ ਗਿਆ। ਨਵਾਂ ਸਰਬਰਾਹ ਸਿੱਖ ਜਥੇਬੰਧਕ ਸ਼ਕਤੀ ਦਾ ਤੇਜ ਨਾ ਝੱਲ ਸਕਿਆ ਜਿਸ ਕਾਰਨ ਉਹ ਸਰੀਰਕ ਤੇ ਮਾਨਸਿਕ ਤੌਰ 'ਤੇ ਸਖ਼ਤ ਬੀਮਾਰ ਹੋ ਗਿਆ, ਅਖ਼ੀਰ ਵਿਚਾਰੇ ਨੂੰ ਅਸਤੀਫ਼ਾ ਦੇਣਾ ਪਿਆ।

21 ਨਵੰਬਰ, 1921 ਨੂੰ ਸ਼੍ਰੋਮਣੀ ਕਮੇਟੀ ਨੇ ਚਾਬੀਆਂ ਦਾ ਮੋਰਚਾ ਲਗਾ ਦਿੱਤਾ ਜੋ 17 ਜਨਵਰੀ, 1922 ਨੂੰ ਸਫਲ ਤੇ ਸੰਪੂਰਨ ਹੋਇਆ, ਜਦ ਡੀ.ਸੀ. ਅੰਮ੍ਰਿਤਸਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਸਾਹਿਬ ਨੂੰ ਖ਼ੁਦ ਆ ਕੇ ਚਾਬੀਆਂ ਭੇਟ ਕੀਤੀਆਂ। ਉਸ ਸਮੇਂ ਸ. ਸੁੰਦਰ ਸਿੰਘ ਰਾਮਗੜ੍ਹੀਆ ਅਤੇ ਹੋਰ ਪਤਵੰਤੇ ਸਿੱਖ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਰੀਕਾਰਡ ਅਤੇ ਇਕੱਤ੍ਰਤਾ ਘਰ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ 'ਚ ਪ੍ਰਧਾਨਗੀ ਪਦ 'ਤੇ ਸ਼ੋਭਨੀਕ ਰਹੇ ਗੁਰਸਿੱਖਾਂ ਦੀ ਸੂਚੀ 'ਚ ਸ. ਸੁੰਦਰ ਸਿੰਘ ਰਾਮਗੜ੍ਹੀਏ ਦਾ ਨਾਂ ਤੀਸਰੇ ਥਾਂ 'ਤੇ ਅੰਕਤ ਹੈ। ਇਸੇ ਤਰ੍ਹਾਂ ਇਹ 19 ਫ਼ਰਵਰੀ, 1922 ਤੋਂ 16 ਜੂਨ, 1923 ਤੀਕ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਪਦਵੀ 'ਤੇ ਸੁਸ਼ੋਭਿਤ ਰਹੇ।

ਇਸ ਤੋਂ ਇਲਾਵਾ ਸਰਦਾਰ ਸਾਹਿਬ ਕੁਝ ਸਮਾਂ ਜ਼ਿਲ੍ਹਾ ਅੰਮ੍ਰਿਤਸਰ ਦੇ ਅੱਵਲ ਦਰਜਾ ਆਨਰੇਰੀ ਮੈਜਿਸਟ੍ਰੇਟ ਵੀ ਰਹੇ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਦੀ ਪ੍ਰਮੁੱਖ ਸ਼ਖ਼ਸੀਅਤ ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ 47 ਸਾਲ ਦੀ ਉਮਰ 'ਚ 7 ਅਪ੍ਰੈਲ, 1926 ਨੂੰ ਦਿਲ ਦਾ ਦੌਰਾ ਪੈ ਜਾਣ ਕਾਰਨ ਗੁਰਪੁਰੀ ਪਿਆਨਾ ਕਰ ਗਏ।

ਸ. ਸੁੰਦਰ ਸਿੰਘ ਰਾਮਗੜ੍ਹੀਆ ਤੇ ਉਨ੍ਹਾਂ ਦੇ ਪਰਿਵਾਰ ਦੀ ਇਕ ਹੀ ਯਾਦਗਾਰ ਬਾਕੀ ਹੈ, ਜਿਸ ਦੀ ਇਬਾਰਤ ਇਸ ਤਰ੍ਹਾਂ ਹੈ : ਇਹ ਸੁਫ਼ੇਦ ਜ਼ਮੀਨ ਸਮਾਧਾਂ ਰਾਮਗੜ੍ਹੀਏ ਜਿਸਦਾ ਖੇਤਰਫਲ 1786-08 ਵਰਗ ਗਜ਼ ਹੈ, ਸ. ਤਰਲੋਚਨ ਸਿੰਘ ਸਪੁੱਤਰ ਸ. ਬਿਸ਼ਨ ਸਿੰਘ ਰਾਮਗੜ੍ਹੀਆ, ਸ. ਮਹਿੰਦਰ ਸਿੰਘ ਸਪੁੱਤਰ ਸ. ਸੁੰਦਰ ਸਿੰਘ ਰਾਮਗੜ੍ਹੀਆ, ਸਰਦਾਰਨੀ ਮਨਮੋਹਨ ਕੌਰ ਸੁਪਤਨੀ ਸ. ਨਰਿੰਦਰ ਸਿੰਘ ਜੀ ਰਾਮਗੜ੍ਹੀਆ ਨੇ ਹਿਬਾ ਕਰਕੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਨਵੀਂ ਇਮਾਰਤ ਬਣਨ ਲਈ ਉਕਤ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਸਤਿਕਾਰ ਨਾਲ ਅਰਪਨ ਕੀਤੀ। ਇਸ ਜ਼ਮੀਨ 'ਚ ਹੇਠ ਲਿਖੇ ਰਾਮਗੜ੍ਹੀਏ ਸਰਦਾਰਾਂ ਦੀਆਂ ਸਮਾਧਾਂ ਸਨ। ਸ. ਜੋਧ ਸਿੰਘ ਰਾਮਗੜ੍ਹੀਆ ਤੋਂ ਲੈ ਕੇ ਸ. ਸੁੰਦਰ ਸਿੰਘ ਰਾਮਗੜ੍ਹੀਆ ਸਮੇਤ ਕੁਲ 13 ਯਾਦਗਾਰ ਸਮਾਧਾਂ ਸਨ। ਸ. ਸੁੰਦਰ ਸਿੰਘ ਜੀ ਰਾਮਗੜ੍ਹੀਏ ਦੀ ਯਾਦਗਾਰ ਵਜੋਂ ਹੁਣ ਕੇਵਲ ਇਹ ਸਿਲ ਹੀ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਬਾਕੀ ਹੈ।

•

4

ਸਰਦਾਰ ਬਹਾਦਰ ਮਹਿਤਾਬ ਸਿੰਘ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਪਦਵੀ 'ਤੇ ਸ਼ੋਭਨੀਕ ਰਹੇ, ਦਰਵੇਸ਼, ਦਾਨਸ਼ਮੰਦ, ਦੂਰਦਰਸ਼ੀ, ਸਿੱਖ ਵਿਚਾਰਧਾਰਾ ਨੂੰ ਸਮਰਪਿਤ, ਉਘੇ ਸਿੱਖ ਵਕੀਲ ਸ. ਮਹਿਤਾਬ ਸਿੰਘ ਦਾ ਜਨਮ ਸ. ਹਜ਼ੂਰ ਸਿੰਘ ਤੇ ਬੀਬੀ ਕਰਮ ਕੌਰ ਦੇ ਘਰ 1879 ਈ. 'ਚ ਪਿੰਡ ਹਡਾਲੀ, ਜ਼ਿਲ੍ਹਾ ਸ਼ਾਹਪੁਰ ਪੱਛਮੀ ਪੰਜਾਬ 'ਚ ਹੋਇਆ। ਅਜੇ ਕੇਵਲ ਚਾਰ ਸਾਲ ਦੇ ਸਨ ਕਿ ਇਨ੍ਹਾਂ ਦੇ ਪਿਤਾ ਜੀ ਗੁਰਪੁਰੀ ਪਿਆਨਾ ਕਰ ਗਏ। ਅਰੰਭਕ ਵਿੱਦਿਆ ਇਨ੍ਹਾਂ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਭੇਰੇ ਦੇ ਮਿਡਲ ਸਕੂਲ ਤੋਂ ਮਿਡਲ ਪਾਸ ਕਰ 1895 ਈ.'ਚ ਦਸਵੀਂ ਸੈਂਟਰਲ ਮਾਡਲ ਸਕੂਲ, ਲਾਹੌਰ ਤੋਂ ਪਾਸ ਕੀਤੀ। ਉਚੇਰੀ ਪੜ੍ਹਾਈ 'ਚ ਰੁਚੀ ਹੋਣ 'ਤੇ ਪਰਿਵਾਰਕ ਸਥਿਤੀ ਠੀਕ ਹੋਣ ਕਾਰਨ ਇਹ ਵਕਾਲਤ ਦੀ ਪੜ੍ਹਾਈ ਕਰਨ ਇੰਗਲੈਂਡ ਚਲੇ ਗਏ। ਤਿੰਨ ਸਾਲ ਬਾਅਦ ਸ. ਮਹਿਤਾਬ ਸਿੰਘ ਬੈਰਿਸਟਰ-ਇਨ-ਲਾਅ ਬਣ ਪੰਜਾਬ ਪਰਤੇ ਅਤੇ ਸ਼ਾਹਪੁਰ ਜ਼ਿਲ੍ਹਾ ਕਚਹਿਰੀ 'ਚ ਵਕਾਲਤ ਸ਼ੁਰੂ ਕਰ ਦਿੱਤੀ। ਥੋੜ੍ਹੇ ਸਮੇਂ ਬਾਅਦ ਹੀ 1910 ਈ. 'ਚ ਇਨ੍ਹਾਂ ਸਰਕਾਰੀ ਵਕੀਲ ਬਣ ਫ਼ਿਰੋਜ਼ਪੁਰ ਤੇ ਲਾਹੌਰ 'ਚ ਸੇਵਾ ਕੀਤੀ। ਇਨ੍ਹਾਂ ਦੀ ਦਿਆਨਤਦਾਰੀ ਤੇ ਸੇਵਾ ਨੂੰ ਸਨਮੁਖ ਰੱਖਦਿਆਂ ਅੰਗਰੇਜ਼ ਸਰਕਾਰ ਨੇ ਕਈ ਮਾਣ-ਸਨਮਾਨ ਦਿੱਤੇ, ਜਿਨ੍ਹਾਂ ਵਿਚ ਸਰਦਾਰ ਸਾਹਿਬ ਤੇ ਸਰਦਾਰ ਬਹਾਦਰ ਦੀ ਉਪਾਧੀ ਵੀ ਸ਼ਾਮਿਲ ਸੀ।

ਸ਼ਾਹਪੁਰ 'ਚ ਵਕਾਲਤ ਕਰਨ ਸਮੇਂ ਇਨ੍ਹਾਂ ਨੇ ਖ਼ਾਲਸਾ ਸਕੂਲ ਤੇ ਗੁਰਦੁਆਰਾ ਬਣਾਉਣ 'ਚ ਵਡੇਰਾ ਯੋਗਦਾਨ ਪਾਇਆ। ਚੀਫ਼ ਖ਼ਾਲਸਾ ਦੀਵਾਨ ਤੇ ਹੋਰ ਸਮਾਜਿਕ ਜਥੇਬੰਦੀਆਂ ਦੇ ਮੈਂਬਰ ਰਹੇ ਸ. ਮਹਿਤਾਬ ਸਿੰਘ ਜੀ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਸ਼ਾਮਿਲ ਹੋਣ ਤੋਂ ਪਹਿਲਾਂ 1919 ਈ. 'ਚ ਪੰਜਾਬ ਕੌਂਸਲ ਦੇ ਮੈਂਬਰ ਚੁਣੇ ਗਏ। 1920 ਈ. ਵਿਚ ਸ. ਮਹਿਤਾਬ ਸਿੰਘ ਜੀ ਪੰਜਾਬ ਕੌਂਸਲ ਦੇ ਡਿਪਟੀ ਚੇਅਰਮੈਨ ਬਣ ਗਏ। ਕ੍ਰਿਪਾਨ ਬਾਰੇ ਹੋਏ ਫ਼ੈਸਲੇ ਬਾਰੇ ਸ. ਮਹਿਤਾਬ ਸਿੰਘ ਜੀ ਨੇ ਪੰਜਾਬ ਕੌਂਸਲ 'ਚ ਸੁਆਲ ਪੁੱਛਿਆ ਕਿ ਸਰਕਾਰ ਦੀ ਕ੍ਰਿਪਾਨ ਬਾਰੇ ਪਾਲਿਸੀ ਕੀ ਹੈ ? ਸ. ਸੁੰਦਰ ਸਿੰਘ ਮਜੀਠੀਏ ਨੇ ਜੁਆਬ ਦਿੱਤਾ ਕਿ, ਸਿੱਖ ਵਾਸਤੇ ਕ੍ਰਿਪਾਨ ਸਭ ਬੰਦਸ਼ਾਂ ਤੋਂ ਮੁਕਤ ਹੈ। ਇਹ ਰਿਆਇਤ ਸਿੱਖਾਂ ਨੂੰ 1914 ਈ. ਵਿਚ ਦਿੱਤੀ ਗਈ ਸੀ। ਸ. ਮਹਿਤਾਬ ਸਿੰਘ ਜੀ ਨੇ ਧਾਰਮਿਕ ਰੁਚੀਆਂ ਕਾਰਨ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਨਨਕਾਣਾ ਸਾਹਿਬ ਦੇ ਦੁਖਦਾਈ ਸਾਕੇ ਸਮੇਂ ਸ. ਮਹਿਤਾਬ ਸਿੰਘ ਜੀ ਵਿਸ਼ੇਸ਼

ਫ਼ੌਜੀ ਗੱਡੀ 'ਚ ਸਵਾਰ ਹੋ ਕੇ ਨਨਕਾਣਾ ਸਾਹਿਬ ਪਹੁੰਚ ਗਏ। 20 ਫ਼ਰਵਰੀ, 1921 ਨੂੰ ਦੁਖਦਾਈ ਸਾਕਾ ਵਾਪਰ ਗਿਆ। 22 ਫ਼ਰਵਰੀ ਨੂੰ ਗਵਰਨਰ ਪੰਜਾਬ ਆਪ ਮੌਕੇ 'ਤੇ ਪਹੁੰਚ ਗਏ ਤਾਂ ਸਾਰੇ ਹਾਲਾਤ ਤੋਂ ਜਾਣੂੰ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਸ. ਹਰਬੰਸ ਸਿੰਘ ਅਟਾਰੀ ਤੇ ਸ. ਮਹਿਤਾਬ ਸਿੰਘ ਸਨ।

ਨਨਕਾਣਾ ਸਾਹਿਬ ਦੇ ਦੁਖਦਾਈ ਸਾਕੇ ਤੋਂ ਪਿੱਛੋਂ ਸਿੱਖ ਮਿਸ਼ਨਰੀ ਸੁਸਾਇਟੀ ਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਕਾਇਮ ਕਰਨ 'ਚ ਸ. ਮਹਿਤਾਬ ਸਿੰਘ ਜੀ ਦੀ ਦੂਰਦਰਸ਼ੀ ਸੋਚ ਹੀ ਕੰਮ ਕਰਦੀ ਸੀ। ਸ. ਮਹਿਤਾਬ ਸਿੰਘ ਜੀ 1933 ਤੋਂ 1936 ਈ. ਤੀਕ ਗੁਰਦੁਆਰਾ ਨਨਕਾਣਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ। ਨਨਕਾਣਾ ਸਾਹਿਬ ਦੀ ਜ਼ਮੀਨ ਆਬਾਦ ਕਰਨ, ਬਾਗ਼ ਲਗਵਾਉਣ ਤੇ ਇਤਿਹਾਸਕ ਕਾਲੋਨੀ ਵਸਾਉਣ 'ਚ ਇਨ੍ਹਾਂ ਦੀ ਉਸਾਰੂ ਸੋਚ ਕੰਮ ਕਰਦੀ ਸੀ। ਇਨ੍ਹਾਂ ਦੀ ਹਿੰਮਤ ਸਦਕਾ ਹੀ ਨਨਕਾਣਾ ਸਾਹਿਬ ਦੀ ਮਾਇਆ ਨਾਲ ਗੁਰੂ ਨਾਨਕ ਖ਼ਾਲਸਾ ਕਾਲਜ, ਬੰਬਈ ਸ਼ੁਰੂ ਕੀਤਾ ਗਿਆ ਜੋ ਕਿ ਅੱਜ ਵੀ ਸਫਲਤਾ ਪੂਰਵਕ ਚੱਲ ਰਿਹਾ ਹੈ।

7 ਨਵੰਬਰ, 1920 ਈ. 'ਚ ਅੰਗਰੇਜ਼ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਖੋਹੇ ਜਾਣ ਦੇ ਰੋਸ ਵਜੋਂ ਇਨ੍ਹਾਂ ਨੇ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ।

28 ਅਗਸਤ, 1921 ਨੂੰ ਸ. ਮਹਿਤਾਬ ਸਿੰਘ ਲਾਹੌਰ ਹਲਕੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪਹਿਲੀ ਚੋਣ ਸਮੇਂ ਮੈਂਬਰ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪਹਿਲੀ ਹੋਈ ਅਹੁਦੇਦਾਰਾਂ ਦੀ ਚੋਣ ਸਮੇਂ ਇਨ੍ਹਾਂ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਚਾਬੀਆਂ ਦੇ ਮੋਰਚੇ ਸਮੇਂ 12 ਨਵੰਬਰ, 1921 ਨੂੰ ਅੰਮ੍ਰਿਤਸਰ 'ਚ ਭਾਰੀ ਅਕਾਲੀ ਕਾਨਫ਼ਰੰਸ ਹੋਈ, ਜਿਸ ਵਿਚ ਸ. ਮਹਿਤਾਬ ਸਿੰਘ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਤੋਸ਼ੇਖ਼ਾਨੇ ਦੀਆਂ ਚਾਬੀਆਂ ਖੋਹ ਕੇ ਅੰਗਰੇਜ਼ ਸਰਕਾਰ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਦੇਣ ਦੇ ਬਚਨ ਤੋਂ ਫਿਰ ਗਈ ਹੈ।

ਡੀ.ਸੀ. ਅੰਮ੍ਰਿਤਸਰ ਨੇ ਐਲਾਨ ਕੀਤਾ ਕਿ 26 ਨਵੰਬਰ, 1921 ਨੂੰ ਤੋਸ਼ੇਖ਼ਾਨੇ ਦੀਆਂ ਚਾਬੀਆਂ ਤੇ ਸਿੱਖ ਸਥਿਤੀ ਬਾਰੇ ਅਜਨਾਲੇ 'ਚ ਦਰਬਾਰ ਲੱਗੇਗਾ। ਸ਼੍ਰੋਮਣੀ ਅਕਾਲੀ ਦਲ ਨੇ ਵੀ ਫ਼ੈਸਲਾ ਕੀਤਾ ਕਿ ਉਸ ਸਮੇਂ ਹੀ ਉਥੇ ਧਾਰਮਿਕ ਦੀਵਾਨ ਕੀਤਾ ਜਾਵੇਗਾ। ਬਾਬਾ ਖੜਕ ਸਿੰਘ ਜੀ ਪ੍ਰਧਾਨ ਤੇ ਸ. ਮਹਿਤਾਬ ਸਿੰਘ ਜਨਰਲ ਸਕੱਤਰ, ਸ਼੍ਰੋਮਣੀ ਕਮੇਟੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 29 ਨਵੰਬਰ, 1921 ਨੂੰ ਅਜਨਾਲੇ ਵਿਚ ਹੀ ਮਿਸਟਰ ਕਾਨਰ ਦੀ ਅਦਾਲਤ 'ਚ ਮੁਕੱਦਮਾ ਪੇਸ਼ ਹੋਇਆ। ਸ. ਮਹਿਤਾਬ ਸਿੰਘ ਜੀ ਦਾ ਬਿਆਨ ਬੜਾ ਜ਼ਿੰਮੇਵਾਰੀ ਵਾਲਾ ਸੀ। ਗੁਰਦੁਆਰਾ ਕਮੇਟੀ ਨੇ ਜਿਹੜੇ ਦੀਵਾਨ ਕੀਤੇ ਹਨ, ਮੈਂ ਪੂਰੀ ਤਰ੍ਹਾਂ ਉਨ੍ਹਾਂ ਲਈ ਜ਼ਿੰਮੇਵਾਰ ਹਾਂ। ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਖੋਹੇ ਜਾਣ ਨਾਲ ਸਿੱਖ ਪੰਥ ਦੀ ਨਿਰਾਦਰੀ ਹੋਈ ਹੈ ਅਤੇ ਸਿੱਖ ਜਜ਼ਬਾਤ ਭੜਕ ਉਠੇ ਹਨ। ਮੈਂ ਹਕੂਮਤ ਦੀ ਇਸ ਕਾਰਵਾਈ

ਨੂੰ ਅਤਿਅੰਤ ਮੂਰਖਤਾ ਵਾਲੀ ਸਮਝਦਾ ਹਾਂ। ਜਦ ਤੀਕ ਸਿੱਖਾਂ ਵਿਚ ਜਾਨ ਹੈ, ਅਸੀਂ ਹਕੂਮਤ ਨੂੰ ਆਪਣੇ ਧਾਰਮਿਕ ਕੰਮ ਵਿਚ ਦਖ਼ਲ ਦੇਣ ਦੀ ਆਗਿਆ ਨਹੀਂ ਦੇਵਾਂਗੇ। ਇਨ੍ਹਾਂ ਨੂੰ ਇਸ ਕੇਸ ਵਿਚ ਛੇ ਮਹੀਨੇ ਦੀ ਕੈਦ ਤੇ 1000/- ਰੁਪਏ ਨਕਦ ਜੁਰਮਾਨਾ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਰੀਕਾਰਡ ਮੁਤਾਬਿਕ ਸ. ਮਹਿਤਾਬ ਸਿੰਘ ਜੀ 16 ਜੁਲਾਈ, 1922 ਤੋਂ 27 ਅਪ੍ਰੈਲ, 1925 ਤੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਪਦ 'ਤੇ ਸੁਸ਼ੋਭਿਤ ਰਹੇ।

ਅਗਸਤ, 1922 'ਚ ਗੁਰੂ ਕੇ ਬਾਗ਼ ਦਾ ਮੋਰਚਾ ਸ਼ੁਰੂ ਹੋ ਗਿਆ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਸ. ਮਹਿਤਾਬ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਬਿਆਨ 'ਚ ਕਿਹਾ ਕਿ ਗੁਰੂ ਕੇ ਬਾਗ਼ ਉੱਤੇ 31 ਜਨਵਰੀ, 1923 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਹੈ। ਸਾਡੇ ਪ੍ਰਬੰਧ ਅਧੀਨ ਗੁਰਦੁਆਰੇ 'ਚੋਂ ਗੁਰੂ ਕੇ ਲੰਗਰ ਵਾਸਤੇ ਬਾਲਣ ਲਈ ਲੱਕੜਾਂ ਕੱਟਣਾ ਕੋਈ ਜੁਰਮ ਨਹੀਂ। ਅੰਗਰੇਜ਼ ਸਰਕਾਰ ਨੇ 26 ਅਗਸਤ, 1922 ਨੂੰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 75 ਮੈਂਬਰ ਗ੍ਰਿਫ਼ਤਾਰ ਕਰ ਲਏ। ਗੁਰੂ ਕੇ ਬਾਗ਼ ਦਾ ਮੋਰਚਾ ਸਿਖਰ 'ਤੇ ਪਹੁੰਚ ਗਿਆ। ਇਸ ਮੋਰਚੇ ਨੇ ਸਾਰੇ ਦੇਸ਼ ਤੇ ਪੰਥ ਨੂੰ ਨਵੀਂ ਜਾਗਰਤੀ ਬਖ਼ਸ਼ੀ। ਅਖ਼ੀਰ ਅੰਗਰੇਜ਼ ਸਾਮਰਾਜ ਨੂੰ ਸਿੱਖ ਜਥੇਬੰਦਕ ਸ਼ਕਤੀ ਅੱਗੇ ਗੋਡੇ ਟੇਕਣੇ ਪਏ। ਖ਼ਾਲਸੇ ਦੀ ਇਸ ਮੈਦਾਨ ਵਿਚ ਵੀ ਫ਼ਤਹਿ ਹੋਈ।

ਜੂਨ, 1923 ਈ. ਵਿਚ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਅਰੰਭ ਕੀਤੀ ਗਈ। ਕਾਰ ਸੇਵਾ ਅਰੰਭ ਕਰਨ ਵਾਸਤੇ ਖ਼ਾਲਸਾਈ ਜਾਹੋ-ਜਲਾਲ ਨਾਲ; ਗੁਰਦੁਆਰਾ ਪਿਪਲੀ ਸਾਹਿਬ ਤੋਂ ਨਗਰ ਕੀਰਤਨ ਆਰੰਭ ਕੀਤਾ ਗਿਆ। ਕਾਰ-ਸੇਵਾ ਕਰਨ-ਕਰਾਉਣ ਵਿਚ ਸ. ਮਹਿਤਾਬ ਸਿੰਘ ਦੀ ਸੋਚ-ਸ਼ਕਤੀ ਨੇ ਵਧੇਰੇ ਕਾਰਜ ਕੀਤਾ।

ਸ. ਮਹਿਤਾਬ ਸਿੰਘ ਜੀ ਗੁਰਦੁਆਰਾ ਮਰਯਾਦਾ ਦੇ ਆਪ ਪਾਬੰਦ ਸਨ ਅਤੇ ਤਨਦੇਹੀ ਨਾਲ ਸੇਵਾ ਕਰਨ ਵਾਲੇ ਮੁਲਾਜ਼ਮਾਂ ਨੂੰ ਮਾਣ-ਸਨਮਾਨ ਵੀ ਦਿੰਦੇ ਸਨ। ਇਕ ਵਾਰ ਰਾਤ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ ਪਰ ਕਿਵਾੜ ਬੰਦ ਹੋ ਚੁੱਕੇ ਸਨ। ਦਰਸ਼ਨੀ ਡਿਉਢੀ 'ਤੇ ਹਾਜ਼ਰ ਸੇਵਾਦਾਰ ਨੂੰ ਕਹਿਣ ਲੱਗੇ ਕਿ ਅਸੀਂ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਅੰਦਰ ਜਾਣਾ ਹੈ। ਸੇਵਾਦਾਰ ਨੇ ਕਿਹਾ, "ਕਿਵਾੜ ਬੰਦ ਹੋ ਚੁੱਕੇ ਹਨ, ਆਪ ਜੀ ਹੁਣ ਅੰਦਰ ਨਹੀਂ ਜਾ ਸਕਦੇ।"

ਆਪ ਕਹਿਣ ਲੱਗੇ, "ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹਾਂ!" ਸੇਵਾਦਾਰ ਦਾ ਉੱਤਰ ਬੜਾ ਬੇਬਾਕੀ ਵਾਲਾ ਸੀ—ਬੇਸ਼ਕ ਹੋਵੋ, ਪਰ ਮਰਯਾਦਾ ਦੀ ਉਲੰਘਣ ਨਹੀਂ ਕੀਤੀ ਜਾ ਸਕਦੀ। ਆਪ ਵਾਪਸ ਆ ਗਏ। ਦੂਸਰੇ ਦਿਨ ਉਸ ਸੇਵਾਦਾਰ ਨੂੰ ਬੁਲਾ ਕੇ ਵਿਸ਼ੇਸ਼ ਸਨਮਾਨ-ਸਤਿਕਾਰ ਦਿੱਤਾ।

ਗੁਰਦੁਆਰਾ ਕਾਨੂੰਨ 1925 ਬਣਾਉਣ 'ਚ ਸ. ਮਹਿਤਾਬ ਸਿੰਘ ਜੀ ਨੇ ਪੂਰੀ ਦਿਲਚਸਪੀ ਲਈ। ਗੁਰਦੁਆਰਾ ਕਾਨੂੰਨ ਪਾਸ ਹੋਣ ਸਮੇਂ ਇਹ ਹੋਰ ਅਕਾਲੀ ਆਗੂਆਂ ਨਾਲ ਲਾਹੌਰ ਜੇਲ੍ਹ 'ਚ ਨਜ਼ਰਬੰਦ ਸਨ। ਅੰਗ੍ਰੇਜ਼ ਸਰਕਾਰ ਨੇ ਸ਼ਰਤ ਰੱਖ ਦਿੱਤੀ ਕਿ ਜਿਹੜੇ ਆਗੂ ਗੁਰਦੁਆਰਾ ਕਾਨੂੰਨ ਨੂੰ ਮੰਨ ਲੈਣਗੇ, ਉਨ੍ਹਾਂ ਨੂੰ ਬਿਨਾਂ ਦੇਰੀ ਰਿਹਾ

ਕੀਤਾ ਜਾਵੇਗਾ। ਸ. ਮਹਿਤਾਬ ਸਿੰਘ ਸਮਝੌਤਾਵਾਦੀ ਸਨ ਤੇ ਹਰ ਜੇਲ੍ਹ ਯਾਤਰਾ ਸਮੇਂ ਉਹ ਰਿਹਾਈ ਲਈ ਕਾਹਲੇ ਰਹਿੰਦੇ ਸਨ। 25 ਜਨਵਰੀ, 1926 ਨੂੰ 20 ਅਕਾਲੀ ਆਗੂ, ਗੁਰਦੁਆਰਾ ਕਾਨੂੰਨ ਨੂੰ ਪ੍ਰਵਾਨ ਕਰਦੇ ਹੋਏ ਰਿਹਾ ਹੋ ਗਏ। ਇਨ੍ਹਾਂ ਵਿਚ ਸ. ਮਹਿਤਾਬ ਸਿੰਘ ਜੀ ਵੀ ਸ਼ਾਮਿਲ ਸਨ। ਸਰਦਾਰ ਜੀ ਨੇ ਜੇਲ੍ਹ ਤੋਂ ਬਾਹਰ ਆ ਕੇ ਬਿਆਨ ਦਿੱਤਾ ਕਿ ਅਸੀਂ ਪੰਥ ਦੀ ਹੇਠੀ ਕਰਕੇ ਨਹੀਂ ਆਏ। ਇਸ ਤਰ੍ਹਾਂ ਕੁਝ ਅਕਾਲੀ ਆਗੂ ਤਾਂ ਰਿਹਾ ਹੋ ਗਏ ਪਰ ਬਾਕੀ ਸਰਕਾਰੀ ਸ਼ਰਤਾਂ ਨੂੰ ਮੰਨਣਾ ਗੁਨਾਹ ਸਮਝਦੇ ਸਨ। ਇਹ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀ ਸਿਖਰ ਸੀ। ਅਕਾਲੀ ਆਗੂ ਦੋ ਧੜਿਆਂ 'ਚ ਵੰਡੇ ਗਏ, ਗੁਰਦੁਆਰਾ ਕਾਨੂੰਨ ਅਨੁਸਾਰ ਕੰਮ ਕਰਨ ਵਾਲੇ ਧੜੇ ਦੀ ਅਗਵਾਈ ਸ. ਮਹਿਤਾਬ ਸਿੰਘ ਕਰ ਰਹੇ ਸਨ।

12 ਅਕਤੂਬਰ, 1923 ਨੂੰ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੇ ਇਸ ਦੀ ਖੜਗ ਭੁਜਾ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਜਥੇਬੰਦੀਆਂ ਕਰਾਰ ਦੇ ਦਿੱਤਾ ਤੇ ਸਮੁੱਚੀ ਸਿੱਖ ਲੀਡਰਸ਼ਿਪ ਨੂੰ ਜੇਲ੍ਹੀਂ ਬੰਦ ਕਰ ਦਿੱਤਾ।

ਜੂਨ, 1926 'ਚ ਸ਼੍ਰੋਮਣੀ ਕਮੇਟੀ ਦੀਆਂ ਪਹਿਲੀ ਵਾਰ ਸਿੱਖ ਗੁਰਦੁਆਰਾ ਕਾਨੂੰਨ, 1925 ਅਨੁਸਾਰ ਚੋਣਾਂ ਹੋਈਆਂ। ਸ. ਮਹਿਤਾਬ ਸਿੰਘ ਜੀ ਆਪ ਤਾਂ ਚੱਕ ਨੰ: 14 ਸਰਗੋਧੇ ਤੋਂ ਚੋਣ ਜਿੱਤ ਗਏ, ਪਰ ਇਨ੍ਹਾਂ ਦੀ ਪਾਰਟੀ ਦੇ ਕੇਵਲ 26 ਮੈਂਬਰ ਹੀ ਚੋਣ ਜਿੱਤ ਸਕੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੂਰਨ ਬਹੁਮਤ ਪ੍ਰਾਪਤ ਹੋਇਆ।

ਪਾਰਟੀ ਹਾਰ ਨੂੰ ਸਨਮੁਖ ਰੱਖਦਿਆਂ ਸ. ਮਹਿਤਾਬ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣਾ ਛੱਡ ਦਿੱਤਾ। ਪਹਿਲਾਂ ਤਾਂ ਇਹ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਵਜੋਂ ਕਾਰਜਸ਼ੀਲ ਰਹੇ ਪਰ ਫਿਰ ਇਸ ਕੰਮ ਤੋਂ ਵੀ ਫ਼ਤਹਿ ਬੁਲਾ ਗਏ। ਪਾਰਟੀ ਰਾਜਨੀਤੀ ਤੋਂ ਤੰਗ ਆ ਕੇ ਇਨ੍ਹਾਂ ਨੇ ਦੋਬਾਰਾ ਵਕਾਲਤ ਸ਼ੁਰੂ ਕਰ ਦਿੱਤੀ ਤੇ ਖ਼ੂਬ ਨਾਮਣਾ ਖੱਟਿਆ।

1928 ਈ. 'ਚ 'ਸਾਈਮਨ ਕਮਿਸ਼ਨ ਵਾਪਸ ਜਾਉ' ਦੇ ਸੰਘਰਸ਼ ਵਿਚ ਵੀ ਇਨ੍ਹਾਂ ਸਰਗਰਮੀ ਨਾਲ ਹਿੱਸਾ ਲਿਆ ਅਤੇ ਦਸੰਬਰ, 1928 'ਚ ਕਲਕੱਤਾ ਵਿਖੇ ਹੋਏ ਸਰਬ ਪਾਰਟੀ ਸੰਮੇਲਨ 'ਚ ਵੀ ਸ. ਮਹਿਤਾਬ ਸਿੰਘ ਸ਼ਾਮਿਲ ਹੋਏ।

1926 ਈ. 'ਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮੇਂ ਇਹ ਮੈਂਬਰ ਚੁਣੇ ਗਏ ਸਨ। 8 ਅਕਤੂਬਰ, 1926 ਈ. ਨੂੰ ਅੰਤ੍ਰਿੰਗ ਕਮੇਟੀ ਦੀ ਚੋਣ ਸਮੇਂ ਸ. ਮਹਿਤਾਬ ਸਿੰਘ ਜੀ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। 9 ਜੂਨ, 1930 ਨੂੰ ਹੋਈ ਅਹੁਦੇਦਾਰਾਂ ਦੀ ਚੋਣ ਵਿਚ ਸ. ਮਹਿਤਾਬ ਸਿੰਘ ਜੀ ਫਿਰ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। 9 ਮਾਰਚ, 1930 ਨੂੰ ਸ਼੍ਰੋਮਣੀ ਕਮੇਟੀ ਦੀ ਹੋਈ ਜਨਰਲ ਇਕੱਤ੍ਰਤਾ ਸਮੇਂ ਸ. ਮਹਿਤਾਬ ਸਿੰਘ ਵਿਰੁੱਧ 18 ਦੇ ਮੁਕਾਬਲੇ 41 ਵੋਟਾਂ ਨਾਲ ਮਤਾ ਪਾਸ ਵੀ ਕੀਤਾ ਗਿਆ।

23 ਮਈ, 1939 ਨੂੰ ਲਾਹੌਰ ਹਾਈ ਕੋਰਟ 'ਚ ਕਿਸੇ ਕੇਸ 'ਚ ਬਹਿਸ ਕਰਦਿਆਂ ਸ. ਮਹਿਤਾਬ ਸਿੰਘ ਜੀ ਨੂੰ ਐਸਾ ਦਿਲ ਦਾ ਦੌਰਾ ਪਿਆ ਕਿ ਉਹ ਹਮੇਸ਼ਾ ਵਾਸਤੇ ਸੰਸਾਰ ਨੂੰ ਅਲਵਿਦਾ ਕਹਿ ਕੇ, ਗੁਰੂ-ਚਰਨਾਂ 'ਚ ਜਾ ਬਿਰਾਜੇ।

•

5

ਸ. ਮੰਗਲ ਸਿੰਘ ਜੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ, ਰੋਜ਼ਾਨਾ *ਅਕਾਲੀ ਪੱਤ੍ਰਿਕਾ* ਦੇ ਪਹਿਲੇ ਸੰਪਾਦਕ, *ਹਿੰਦੁਸਤਾਨ ਟਾਈਮਜ਼* ਅਖ਼ਬਾਰ ਦੇ ਬਾਨੀ, ਸਿੱਖ-ਪਾਰਲੀਮੈਂਟਰੀਅਨ ਸ. ਮੰਗਲ ਸਿੰਘ ਦਾ ਜਨਮ 15 ਮਾਰਚ, 1892 ਈ. 'ਚ ਜ਼ੈਲਦਾਰ ਕਪੂਰ ਸਿੰਘ ਅਤੇ ਮਾਤਾ ਕਿਸ਼ਨ ਕੌਰ ਦੇ ਘਰ ਪਿੰਡ ਗਿੱਲ, ਲੁਧਿਆਣਾ 'ਚ ਹੋਇਆ। ਅੰਗਰੇਜ਼ ਸਰਕਾਰ ਨੇ ਜ਼ੈਲਦਾਰ ਕਪੂਰ ਸਿੰਘ ਨੂੰ ਦੋ ਮੁਰੱਬੇ ਜ਼ਮੀਨ, ਚੱਕ ਨੰ: 208 ਜ਼ਿਲ੍ਹਾ ਲਾਇਲਪੁਰ 'ਚ ਅਲਾਟ ਕੀਤੀ ਸੀ। ਇਹ ਜ਼ਮੀਨ ਨਹਿਰੀ ਪਾਣੀ ਦੇ ਅਧੀਨ ਸੀ। ਸ. ਕਪੂਰ ਸਿੰਘ ਖੇਤੀਬਾੜੀ ਕਰਨ ਵਾਸਤੇ ਆਪਣਾ ਜੱਦੀ ਪਿੰਡ ਗਿੱਲ ਛੱਡ ਕੇ ਲਾਇਲਪੁਰ ਜ਼ਿਲ੍ਹੇ 'ਚ ਵੱਸ ਗਏ। ਇਨ੍ਹਾਂ ਨੇ ਦਸਵੀਂ ਦਾ ਇਮਤਿਹਾਨ ਖ਼ਾਲਸਾ ਹਾਈ ਸਕੂਲ, ਲਾਇਲਪੁਰ ਤੋਂ ਪਾਸ ਕਰ ਕੇ ਐਫ਼.ਏ. ਗੌਰਮਿੰਟ ਕਾਲਜ, ਲਾਹੌਰ ਤੋਂ ਕੀਤੀ। ਸਕੂਲ 'ਚ ਸਰਦਾਰ ਸਾਹਿਬ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੇ ਵਿਦਿਆਰਥੀ ਸਨ। ਉਚੇਰੀ ਵਿੱਦਿਆ ਲਈ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦਾਖ਼ਲਾ ਲਿਆ। 1914 ਈ. 'ਚ ਪਹਿਲਾ ਵਿਸ਼ਵ ਯੁੱਧ ਛਿੜ ਪਿਆ; ਜਿਸ ਕਾਰਨ ਇਨ੍ਹਾਂ ਨੂੰ ਕਾਲਜ ਦੀ ਪੜ੍ਹਾਈ ਅੱਧ ਵਿਚਕਾਰ ਹੀ ਛੱਡਣੀ ਪਈ ਤੇ 1917 ਈ. 'ਚ ਵਿਸ਼ਵ ਯੁੱਧ 'ਚ ਭਾਰਤੀ ਸਿਗਨਲ ਕੋਰ ਦੇ ਫ਼ੌਜੀ ਵਜੋਂ ਸ਼ਾਮਿਲ ਹੋਏ। ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਮਿਸਟਰ ਵਾਦਨ ਨੇ 125 ਨੌਜੁਆਨ ਫ਼ੌਜ 'ਚ ਭਰਤੀ ਕਰਾਏ, ਜਿਨ੍ਹਾਂ 'ਚ ਸ. ਮੰਗਲ ਸਿੰਘ ਵੀ ਸ਼ਾਮਿਲ ਸਨ। ਵਿਸ਼ਵ ਯੁੱਧ ਸਮੇਂ ਇਨ੍ਹਾਂ ਨੂੰ ਮੌਜੂਦਾ ਇਰਾਕ ਤੇ ਯੂਰਪ ਵਿਚ ਬਤੌਰ ਭਾਰਤੀ ਸਿਪਾਹੀ ਲੜਨਾ ਪਿਆ। ਵਿਸ਼ਵ ਯੁੱਧ ਦੀ ਸਮਾਪਤੀ 'ਤੇ 1919 ਈ. 'ਚ ਇਹ ਦੇਸ ਪਰਤੇ। ਅੰਗਰੇਜ਼ ਸਰਕਾਰ ਨੇ ਵਿਸ਼ਵ ਯੁੱਧ 'ਚ ਸ. ਮੰਗਲ ਸਿੰਘ ਵਲੋਂ ਪਾਏ ਯੋਗਦਾਨ ਨੂੰ ਸਨਮੁੱਖ ਰੱਖਦਿਆਂ ਬੀ.ਏ. ਦੀ ਆਨਰੇਰੀ ਡਿਗਰੀ ਤੇ ਤਹਿਸੀਲਦਾਰ ਦੀ ਸਰਵਿਸ ਦੇ ਕੇ ਮਾਣ-ਸਨਮਾਨ ਕੀਤਾ। ਇਸ ਸਮੇਂ ਹੀ ਪੰਜਾਬ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜ਼ੋਰ ਨਾਲ ਚੱਲ ਰਹੀ ਸੀ। ਸਿੱਖ-ਸਿਧਾਂਤਾਂ, ਗੁਰਮਤਿ-ਵਿਚਾਰਧਾਰਾ ਤੇ ਰਹਿਤ ਮਰਯਾਦਾ ਦੀ ਜਾਣਕਾਰੀ-ਸੋਝੀ ਪ੍ਰਾਪਤ ਕਰ ਸ. ਮੰਗਲ ਸਿੰਘ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਕੁੱਦ ਪਏ। ਧਾਰਮਿਕ ਰੁਚੀ ਤੇ ਸਮਰਪਣ ਭਾਵਨਾ ਨੇ ਇਨ੍ਹਾਂ ਨੂੰ ਤਹਿਸੀਲਦਾਰ ਦੀ ਸੇਵਾ ਤਿਆਗਣ ਲਈ ਮਜਬੂਰ ਕਰ ਦਿੱਤਾ। ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਸਿੱਖ ਆਗੂਆਂ ਦੀ ਪ੍ਰੇਰਨਾ

ਸਦਕਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਘਰ-ਘਰ ਪਹੁੰਚਾਉਣ ਤੇ ਪ੍ਰਚਾਰ-ਪ੍ਰਸਾਰ ਲਈ 1920 ਈ. 'ਚ ਰੋਜ਼ਾਨਾ *ਅਕਾਲੀ ਪੱਤ੍ਰਿਕਾ* ਅਖ਼ਬਾਰ ਸ਼ੁਰੂ ਕੀਤੀ, ਜਿਸ ਦੇ ਇਹ ਬਾਨੀ ਸੰਪਾਦਕ ਸਨ।

ਅੰਗਰੇਜ਼ ਸਰਕਾਰ ਤੋਂ ਸਨਮਾਨਿਤ ਸ. ਮੰਗਲ ਸਿੰਘ ਨੇ ਅੰਗਰੇਜ਼ ਸਰਕਾਰ ਦੀਆਂ ਸਿੱਖ ਮਾਰੂ ਨੀਤੀਆਂ, ਮਹੰਤਾਂ ਤੇ ਪੁਜਾਰੀਆਂ ਦੀਆਂ ਕਾਲੀਆਂ ਕਰਤੂਤਾਂ ਦੇ ਵਿਰੁੱਧ ਬੇਖ਼ੌਫ਼ ਹੋ ਲਿਖਿਆ, ਜਿਸ ਕਾਰਨ ਇਨ੍ਹਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਇਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਤੇ 1000/- ਰੁਪਏ ਨਗਦ ਜੁਰਮਾਨੇ ਦੀ ਸਜ਼ਾ ਦਿੱਤੀ ਗਈ ਪਰ 1923 ਈ. 'ਚ ਸਰਕਾਰ ਨੇ ਇਨ੍ਹਾਂ ਨੂੰ ਰਿਹਾ ਕਰ ਦਿੱਤਾ।

ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਅੰਗਰੇਜ਼ ਹਕੂਮਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਐਲਾਨ ਕਰਾਰ ਦੇ ਕੇ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਮੈਂਬਰਾਂ ਤੇ ਅਕਾਲੀ ਆਗੂਆਂ ਨੂੰ ਜੇਲ੍ਹ 'ਚ ਬੰਦ ਕਰ ਦਿੱਤਾ। ਇਨ੍ਹਾਂ ਨੇ ਜੁਲਾਈ, 1924 ਈ. 'ਚ ਅੰਗਰੇਜ਼ੀ ਅਖ਼ਬਾਰ *ਹਿੰਦੁਸਤਾਨ ਟਾਈਮਜ਼* ਸ਼ੁਰੂ ਕੀਤਾ, ਜਿਸਦਾ ਪਹਿਲਾ ਪਰਚਾ 8 ਸਤੰਬਰ, 1924 ਨੂੰ ਪਾਠਕਾਂ ਹੱਥ ਪਹੁੰਚਿਆ। ਮਿਸਟਰ ਕੇ.ਅੰਗ. ਪਾਨੀਕਾਰ ਇਸ ਦੇ ਪਹਿਲੇ ਸੰਪਾਦਕ ਸਨ ਪਰ ਅਫ਼ਸੋਸ ਉਸ ਸਮੇਂ ਸ. ਮੰਗਲ ਸਿੰਘ ਤੇ ਹੋਰ ਸਿੱਖ ਆਗੂ ਇਸ ਨੂੰ ਜਾਰੀ ਨਾ ਰੱਖ ਸਕੇ। ਇਹ ਅਖ਼ਬਾਰ ਇਨ੍ਹਾਂ ਨੂੰ 1926 ਈ. 'ਚ ਪੰਡਿਤ ਮਦਨ ਮੋਹਣ ਮਾਲਵੀਆ ਨੂੰ ਵੇਚਣਾ ਪਿਆ। 1924-1925 ਈ. 'ਚ ਸਰਦਾਰ ਸਾਹਿਬ ਸਰਬ ਹਿੰਦ ਕਾਂਗਰਸ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਰਹੇ। 27 ਅਪ੍ਰੈਲ, 1925 ਨੂੰ ਸ. ਮੰਗਲ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈਸੀਅਤ 'ਚ ਸ. ਮੰਗਲ ਸਿੰਘ ਨੇ ਗੁਰਦੁਆਰਾ ਕਾਨੂੰਨ ਬਣਾਉਣ 'ਚ ਪੂਰਨ ਸਹਿਯੋਗ ਤੇ ਸਮਰਥਨ ਦਿੱਤਾ। ਅਸਲ ਵਿਚ ਗੁਰਦੁਆਰਾ ਕਾਨੂੰਨ ਦੀ ਸ਼ਰਤ ਨੂੰ ਮੰਨਣ ਤੇ ਨਾ ਮੰਨਣ ਦੇ ਵਿਸ਼ੇ 'ਤੇ ਸਿੱਖ ਨੇਤਾ ਅਤੇ ਸ਼ਕਤੀ ਦੋ ਧੜਿਆਂ 'ਚ ਵੰਡੀ ਗਈ। ਸ. ਮੰਗਲ ਸਿੰਘ ਗੁਰਦੁਆਰਾ ਕਾਨੂੰਨ ਦੇ ਹੱਕ ਵਿਚ ਸਨ।

ਜੂਨ, 1926 ਈ. 'ਚ ਸਿੱਖ ਗੁਰਦੁਆਰਾ ਕਾਨੂੰਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀਆਂ ਪਹਿਲੀਆਂ ਚੋਣਾਂ ਸਮੇਂ ਸ. ਮੰਗਲ ਸਿੰਘ ਜੀ ਇਸ ਦੇ ਮੈਂਬਰ ਚੁਣੇ ਗਏ। ਉਸ ਸਮੇਂ ਚੋਣਾਂ ਗੁਰਦੁਆਰਾ ਸੈਂਟਰਲ ਬੋਰਡ ਦੇ ਨਾਂ ਥੱਲੇ ਲੜੀਆਂ ਗਈਆਂ। 4 ਸਤੰਬਰ, 1926 ਨੂੰ ਗੁਰਦੁਆਰਾ ਸੈਂਟਰਲ ਬੋਰਡ ਦੀ ਪਹਿਲੀ ਇਕੱਤ੍ਰਤਾ ਟਾਊਨ ਹਾਲ, ਅੰਮ੍ਰਿਤਸਰ ਵਿਖੇ ਡੀ.ਸੀ. ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਈ। ਪਹਿਲੀ ਇਕੱਤ੍ਰਤਾ ਦੀ ਚੇਅਰਮੈਨ ਦੀ ਚੋਣ ਸਮੇਂ ਸ. ਮੰਗਲ ਸਿੰਘ ਨੂੰ 83 ਵੋਟ ਤੇ ਇਨ੍ਹਾਂ ਦੇ ਵਿਰੋਧੀ ਨੂੰ 53 ਵੋਟ ਪ੍ਰਾਪਤ ਹੋਏ। ਸ. ਮੰਗਲ ਸਿੰਘ ਜੀ ਇਸ ਇਕੱਤ੍ਰਤਾ ਦੇ ਚੇਅਰਮੈਨ ਤਾਂ ਚੁਣੇ ਗਏ ਪਰ ਹੋਈ ਚੇਅਰਮੈਨ ਦੀ ਚੋਣ ਤੋਂ ਅਕਾਲੀ ਏਕਤਾ ਤੇ ਇਤਫ਼ਾਕ ਦੀ ਝਲਕ ਸਪੱਸ਼ਟ ਦਿਖਾਈ ਦੇਂਦੀ ਹੈ ? ਸ. ਮੰਗਲ ਸਿੰਘ ਦੀ ਚੇਅਰਮੈਨੀ ਅਧੀਨ ਗੁਰਦੁਆਰਾ ਸੈਂਟਰਲ ਬੋਰਡ ਦੇ 14 ਮੈਂਬਰ ਨਾਮਜ਼ਦ ਕੀਤੇ ਗਏ।

2 ਅਕਤੂਬਰ, 1926 ਨੂੰ ਸੈਂਟਰਲ ਗੁਰਦੁਆਰਾ ਬੋਰਡ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਚੁਣਨ ਵਾਸਤੇ ਇਕੱਤ੍ਰਤਾ ਹੋਈ। ਇਸ ਇਕੱਤ੍ਰਤਾ ਦੀ ਪ੍ਰਧਾਨਗੀ ਲਈ ਵੀ ਸ. ਮੰਗਲ ਸਿੰਘ ਦੇ ਨਾਂ ਨੂੰ ਪ੍ਰਵਾਨਗੀ ਮਿਲੀ। ਇਸ ਦਿਨ ਦੀ ਇਕੱਤ੍ਰਤਾ ਸਮੇਂ ਸਭ ਤੋਂ ਪਹਿਲਾਂ ਦੋ ਸ਼ੋਕ-ਮਤੇ ਪੇਸ਼ ਕੀਤੇ ਗਏ। ਪਹਿਲੇ ਮਤੇ 'ਚ ਅਕਾਲੀ ਆਗੂ ਸ. ਤੇਜਾ ਸਿੰਘ ਜੀ ਸੁਮੰਦਰੀ ਦੇ ਅਕਾਲ ਚਲਾਣੇ 'ਤੇ ਸ਼ੋਕ-ਮਤਾ ਕਰ ਕੇ ਸ਼ਰਧਾ-ਸਤਿਕਾਰ ਭੇਟ ਕੀਤਾ ਗਿਆ। ਦੂਸਰਾ ਸ਼ੋਕ-ਮਤਾ ਮੈਂਬਰ ਸ. ਦਸੌਂਧਾ ਸਿੰਘ ਕਟਾਣੀ ਕਲਾ ਦੇ ਅਕਾਲ ਚਲਾਣੇ ਸੰਬੰਧੀ ਕੀਤਾ ਗਿਆ। ਇਸ ਇਕੱਤ੍ਰਤਾ 'ਚ ਹੀ ਸ. ਮੰਗਲ ਸਿੰਘ ਨੇ ਸ. ਹਜ਼ਾਰਾ ਸਿੰਘ ਜਾਮਰਾਏ ਦਾ ਅਸਤੀਫ਼ਾ ਪੇਸ਼ ਕੀਤਾ ਜਿਨ੍ਹਾਂ ਨੂੰ 4 ਸਤੰਬਰ, 1926 ਨੂੰ ਨਾਮਜ਼ਦ ਕੀਤਾ ਗਿਆ ਸੀ। ਇਸ ਖ਼ਾਲੀ ਥਾਂ 'ਤੇ ਮਾਸਟਰ ਤਾਰਾ ਸਿੰਘ ਜੀ ਨੂੰ ਗੁਰਦੁਆਰਾ ਸੈਂਟਰਲ ਬੋਰਡ ਦੇ ਮੈਂਬਰ ਨਾਮਜ਼ਦ ਕੀਤਾ ਗਿਆ, ਜੋ ਉਸ ਸਮੇਂ ਪਤਵੰਤੇ ਦਰਸ਼ਕਾਂ 'ਚ ਬੈਠੇ ਸਨ।

ਨਵੇਂ ਅਹੁਦੇਦਾਰਾਂ ਦੀ ਚੋਣ ਸਮੇਂ ਬਾਬਾ ਖੜਕ ਸਿੰਘ ਜੀ ਸਰਬ-ਸੰਮਤੀ ਨਾਲ ਗੁਰਦੁਆਰਾ ਸੈਂਟਰਲ ਬੋਰਡ ਦੇ ਪ੍ਰਧਾਨ ਚੁਣੇ ਗਏ। ਬਾਬਾ ਖੜਕ ਸਿੰਘ ਜੀ ਉਸ ਸਮੇਂ ਵੀ ਜੇਲ੍ਹ ਵਿਚ ਸਨ। ਇਸ ਕਰਕੇ ਇਕੱਤ੍ਰਤਾ ਦੀ ਕਾਰਵਾਈ ਪ੍ਰਧਾਨ ਵਜੋਂ ਸ. ਮੰਗਲ ਸਿੰਘ ਜੀ ਨੇ ਹੀ ਚਲਾਈ। ਮੀਤ ਪ੍ਰਧਾਨ ਦੀ ਚੋਣ ਸਮੇਂ ਮਾਸਟਰ ਤਾਰਾ ਸਿੰਘ ਜੀ ਦੀ ਪੰਥ-ਪ੍ਰਸਤੀ ਨੂੰ ਸਨਮੁਖ ਰੱਖਦਿਆਂ ਉਨ੍ਹਾਂ ਨੂੰ ਮੀਤ ਪ੍ਰਧਾਨ ਚੁਣ ਲਿਆ ਗਿਆ। ਮਾਸਟਰ ਤਾਰਾ ਸਿੰਘ ਜੀ ਨੇ ਮੀਤ ਪ੍ਰਧਾਨ ਦੀ ਹੈਸੀਅਤ ਵਿਚ ਬਾਕੀ ਇਕੱਤ੍ਰਤਾ ਦੀ ਕਾਰਵਾਈ ਚਲਾਈ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਕੀਤੀ। 8 ਮੈਂਬਰੀ ਅੰਤ੍ਰਿੰਗ ਕਮੇਟੀ ਚੁਣੀ, ਜਿਸ ਵਿਚ ਸ. ਮੰਗਲ ਸਿੰਘ ਜੀ ਵੀ ਸ਼ਾਮਿਲ ਸਨ। ਇਸ ਤਰ੍ਹਾਂ ਸ. ਮੰਗਲ ਸਿੰਘ ਜੀ ਦੀ ਪ੍ਰਧਾਨਗੀ ਦਾ 2 ਅਕਤੂਬਰ, 1926, ਅੰਤਿਮ ਦਿਨ ਹੋ ਨਿਬੜਿਆ।

ਅੰਤ੍ਰਿੰਗ ਕਮੇਟੀ ਮੈਂਬਰ ਬਣ ਸ. ਮੰਗਲ ਸਿੰਘ ਨੇ ਇਹ ਮਤਾ ਪੇਸ਼ ਕੀਤਾ ਕਿ ਸੈਂਟਰਲ ਗੁਰਦੁਆਰਾ ਬੋਰਡ ਦੀ ਇਹ ਇਕੱਤ੍ਰਤਾ ਉਨ੍ਹਾਂ ਸੂਰਬੀਰਾਂ ਦੀ ਜਿਹੜੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਕੈਦ ਹੋ ਕੇ ਹੁਣ ਤਕ ਪੰਥ ਦੀ ਆਨ ਤੇ ਸ਼ਾਨ ਕਾਇਮ ਰੱਖਣ ਖ਼ਾਤਰ ਜੇਲ੍ਹ ਵਿਚ ਬੰਦ ਹਨ ਤੇ ਜਿਨ੍ਹਾਂ ਨੇ ਸਰਕਾਰ ਵਲੋਂ ਲਾਈਆਂ ਜ਼ਲੀਲ ਸ਼ਰਤਾਂ ਨੂੰ ਪ੍ਰਵਾਨ ਨਹੀਂ ਕੀਤਾ, ਨੂੰ ਦਿਲੋਂ ਵਧਾਈ ਦੇਂਦਾ ਹਾਂ। ਇਸ ਮਸਲੇ 'ਤੇ ਬਹੁਤ ਗਰਮਾ-ਗਰਮੀ ਹੋਈ ਪਰ ਬਹੁ-ਸੰਮਤੀ ਨਾਲ ਮਤਾ ਪਾਸ ਹੋ ਗਿਆ।

13 ਮਾਰਚ, 1927 ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਸਮੇਂ ਸ. ਮੰਗਲ ਸਿੰਘ ਜੀ ਨੇ ਸਿੱਖ ਕੈਦੀਆਂ ਦੀ ਰਿਹਾਈ ਦਾ ਮਤਾ ਪੇਸ਼ ਕੀਤਾ ਜੋ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਹ ਸਭ ਜਾਣਦੇ ਹਨ ਕਿ ਆਪਸੀ ਫੁੱਟ ਤੇ ਦੁਫੇੜ ਜਥੇਬੰਧਕ ਸ਼ਕਤੀ ਨੂੰ ਖੇਰੂੰ-ਖੇਰੂੰ ਕਰ ਦਿੰਦੀ ਹੈ। ਲਾਹੌਰ ਜੇਲ੍ਹ 'ਚ ਬੰਦ ਸਿੱਖ ਆਗੂਆਂ ਨੇ ਸ. ਮੰਗਲ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਸ. ਅਮਰ ਸਿੰਘ ਨੂੰ ਦਰਖ਼ਾਸਤ ਕਰਨ ਕਿ ਆਪਣਾ ਅਸਰ ਰਸੂਖ਼ ਵਰਤ ਕੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ 'ਚ ਚੰਗੇ ਸੰਬੰਧ ਕਾਇਮ ਕਰਨ ਅਤੇ ਜਿਸ ਕਿਸ ਦਾ ਵੀ ਨੁਕਸ ਹੈ,

ਉਹ ਦੂਰ ਕੀਤਾ ਜਾਵੇ। ਸ. ਮੰਗਲ ਸਿੰਘ ਜੀ ਵੀ ਇਸ ਮਸਲੇ 'ਤੇ ਪੂਰੀ ਪੂਰੀ ਕੋਸ਼ਿਸ਼ ਕਰਨ ਤਾਂ ਕਿ ਦੋਹਾਂ ਧਿਰਾਂ 'ਚ ਸੁਖਾਵੇਂ ਹਾਲਾਤ ਬਣ ਸਕਣ, ਜਿਸ 'ਤੇ ਸਫਲਤਾ ਨਿਰਭਰ ਹੈ।

ਸ. ਮੰਗਲ ਸਿੰਘ ਜੀ ਨੇ *ਅਕਾਲੀ* ਅਖ਼ਬਾਰ ਵਿਚ ਬੜੇ ਉਸਾਰੂ ਲੇਖ ਲਿਖੇ। ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਕਰਾਉਣ ਦੀ ਮੁਹਿੰਮ ਚਲਾਈ। ਇਨ੍ਹਾਂ ਦੇ ਇਸ ਯਤਨ ਨੂੰ ਭਰਪੂਰ ਹੁੰਗਾਰਾ ਵੀ ਮਿਲਿਆ। ਪੰਥਕ ਏਕਤਾ ਦੇ ਇਨ੍ਹਾਂ ਵਲੋਂ ਦਿੱਤੇ ਨਾਹਰੇ ਨੂੰ ਲੋਕਾਂ ਨੇ ਕਾਫ਼ੀ ਸਲਾਹਿਆ ਤੇ ਸਮਰਥਨ ਦਿੱਤਾ। ਸ. ਮੰਗਲ ਸਿੰਘ ਚੋਣ ਕਮੇਟੀ ਦੇ ਮੈਂਬਰ ਵੀ ਨਿਯੁਕਤ ਕੀਤੇ ਗਏ ਪਰ ਚੋਣਾਂ ਤੋਂ ਪਿੱਛੋਂ ਵੀ ਧੜੇਬੰਦੀ ਸਮਾਪਤ ਨਾ ਹੋ ਸਕੀ। ਪੰਥਕ ਭਲੇ ਹਿੱਤ ਇਨ੍ਹਾਂ ਨੂੰ ਇਕ ਵਾਰ ਮਹਾਤਮਾ ਗਾਂਧੀ ਪਾਸ ਵੀ ਭੇਜਣ ਦਾ ਫ਼ੈਸਲਾ ਕੀਤਾ ਗਿਆ ਤਾਂ ਕਿ ਸਰਦਾਰ ਜੀ ਮਹਾਤਮਾ ਗਾਂਧੀ ਨੂੰ ਪੰਥਕ ਸੰਕਟ ਤੋਂ ਜਾਣੂੰ ਕਰਾ ਕੇ ਹਮਦਰਦੀ ਤੇ ਸਹਿਯੋਗ ਪ੍ਰਾਪਤ ਕਰ ਸਕਣ।

8 ਅਕਤੂਬਰ, 1927 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਹੋਈ ਜਨਰਲ ਇਕੱਤ੍ਰਤਾ ਸਮੇਂ ਸ. ਮੰਗਲ ਸਿੰਘ ਇਕ ਵਾਰ ਫਿਰ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। 1928 ਈ. 'ਚ ਮੋਤੀ ਲਾਲ ਨਹਿਰੂ ਕਮੇਟੀ 'ਚ ਸ. ਮੰਗਲ ਸਿੰਘ ਜੀ ਸਿੱਖਾਂ ਦੇ ਪ੍ਰਤਿਨਿਧ ਵਜੋਂ ਸ਼ਾਮਿਲ ਸਨ। ਮਾਰਚ, 1928 ਈ. 'ਚ ਹੋਈ ਜਨਰਲ ਇਕੱਤ੍ਰਤਾ ਸਮੇਂ ਸ. ਮੰਗਲ ਸਿੰਘ ਜੀ ਨੇ ਪੰਚ ਖ਼ਾਲਸਾ ਦੀਵਾਨ ਤੇ ਗੁਰਮੁਖੀ ਕੋਰਸ ਖ਼ਿਲਾਫ਼ ਮਤਾ ਪੇਸ਼ ਕੀਤਾ, ਜੋ ਪ੍ਰਵਾਨ ਹੋ ਗਿਆ। 15 ਮਾਰਚ, 1929 ਈ. ਨੂੰ ਸ. ਮੰਗਲ ਸਿੰਘ ਜੀ ਦੀ ਤਜਵੀਜ਼ 'ਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਤੇ ਲੋਕ-ਕਲਿਆਣਕਾਰੀ ਕਾਰਜਾਂ ਵਾਸਤੇ ਗੁਰਮਤਿ ਪ੍ਰਚਾਰ ਫ਼ੰਡ, ਗੁਰਦੁਆਰਾ ਸੁਧਾਰ ਸੇਵਕ ਸਹਾਇਤਾ ਫ਼ੰਡ ਤੇ ਜਨਰਲ ਫ਼ੰਡ ਨਾਂ ਦੇ ਤਿੰਨ ਫ਼ੰਡ ਆਰੰਭ ਕੀਤੇ ਗਏ। ਇਸ ਇਕੱਤ੍ਰਤਾ ਸਮੇਂ ਹੀ ਸ. ਮੰਗਲ ਸਿੰਘ ਜੀ ਨੇ ਕ੍ਰਿਪਾਨ 'ਤੇ ਬੰਦਸ਼ ਹਟਾਉਣ ਲਈ ਮਤਾ ਪੇਸ਼ ਕੀਤਾ। 26 ਅਪ੍ਰੈਲ, 1930 ਨੂੰ ਸ. ਮੰਗਲ ਸਿੰਘ ਜੀ ਸਿਵਲ ਲਾਈਨ ਲੁਧਿਆਣਾ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਦੋਬਾਰਾ ਮੈਂਬਰ ਚੁਣੇ ਗਏ। 1930 ਈ. ਨੂੰ ਮਹਾਤਮਾ ਗਾਂਧੀ ਦੁਆਰਾ ਸ਼ੁਰੂ ਕੀਤੀ ਗਈ ਸਿਵਲ ਨਾ-ਫ਼ੁਰਮਾਨੀ ਲਹਿਰ 'ਚ ਵੀ ਸ. ਮੰਗਲ ਸਿੰਘ ਜੀ ਨੇ ਸਰਗਰਮੀ ਨਾਲ ਹਿੱਸਾ ਲਿਆ।

ਧੜੇ-ਬੰਦੀ ਤੇ ਆਪਸੀ ਫੁੱਟ ਕਾਰਨ, ਪੰਥਕ ਰਾਜਨੀਤੀ ਤੋਂ ਕਿਨਾਰਾ ਕਰ, ਸ. ਮੰਗਲ ਸਿੰਘ 1935 ਈ. ਤੋਂ 1945 ਈ. ਤੀਕ ਨਿਰੰਤਰ ਕੇਂਦਰੀ ਵਿਧਾਨ ਸਭਾ (ਲੋਕ ਸਭਾ) ਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵਲੋਂ ਮੈਂਬਰ ਨਾਮਜ਼ਦ ਹੁੰਦੇ ਰਹੇ। 1945 ਈ. 'ਚ ਸ. ਮੰਗਲ ਸਿੰਘ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਤਰਫ਼ੋਂ ਕੇਂਦਰੀ ਵਿਧਾਨ ਸਭਾ (ਲੋਕ ਸਭਾ) ਦੇ ਮੈਂਬਰ ਚੁਣੇ ਗਏ। ਇਸ ਵਾਰ ਇਹ ਯੋਜਨਾ ਕਮੇਟੀ ਦੇ ਮੈਂਬਰ ਵੀ ਨਾਮਜ਼ਦ ਕੀਤੇ ਗਏ। ਸਿੱਖ ਹਿੱਤਾਂ ਨੂੰ ਕੇਂਦਰੀ ਪੱਧਰ 'ਤੇ ਪੇਸ਼ ਕਰਨ 'ਚ ਇਨ੍ਹਾਂ ਨੇ ਚੋਖਾ ਹਿੱਸਾ ਪਾਇਆ। 1960 ਈ. ਤੋਂ ਸਿਹਤਯਾਬ ਨਾ ਰਹਿਣ ਕਾਰਨ ਸ. ਮੰਗਲ ਸਿੰਘ ਨੇ ਸਰਗਰਮ ਸਿੱਖ ਸਿਆਸਤ ਤੋਂ ਸੰਨਿਆਸ ਲੈ ਲਿਆ। 16 ਜੂਨ, 1982 'ਚ ਚੰਡੀਗੜ੍ਹ ਵਿਚ ਪਰਲੋਕ ਪਿਆਨਾ ਕਰ ਗਏ।

•

6

ਪੰਥ-ਰਤਨ ਮਾਸਟਰ ਤਾਰਾ ਸਿੰਘ ਜੀ

ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਹਿਲੇ ਸਕੱਤਰ, ਲੰਮੇਰਾ ਸਮਾਂ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਦਵੀ 'ਤੇ ਸ਼ੋਭਨੀਕ ਰਹੇ, ਉੱਘੇ ਧਾਰਮਿਕ-ਸਿਆਸੀ ਨੇਤਾ, ਸਿੱਖ ਸਾਹਿਤਕਾਰ, ਇਖ਼ਲਾਕ, ਈਮਾਨਦਾਰੀ ਤੇ ਸਿੱਖ ਆਚਰਣ ਦੀ ਜ਼ਿੰਦਾ ਮਿਸਾਲ, ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ ਜਨਮ 24 ਜੂਨ, 1885 ਨੂੰ ਪਿਤਾ ਬਖ਼ਸ਼ੀ ਗੋਪੀ ਚੰਦ ਤੇ ਮਾਤਾ ਮੂਲਾਂ ਦੇਵੀ ਦੇ ਘਰ ਪਿੰਡ ਹਰਿਆਲ, ਰਾਵਲਪਿੰਡੀ ਵਿਖੇ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਂ ਨਾਨਕ ਚੰਦ ਸੀ। ਪਰਿਵਾਰ ਧਾਰਮਿਕ ਜੀਵਨ ਜੀਉਣ ਵਾਲਾ ਸੀ। ਭਾਵੇਂ ਕਿ ਹਿੰਦੂ ਧਰਮ ਨਾਲ ਸੰਬੰਧਿਤ ਸਨ ਪਰ ਫਿਰ ਵੀ ਸਾਰਾ ਪਰਿਵਾਰ ਗੁਰੂ ਸਾਹਿਬਾਨ ਤੇ ਗੁਰਬਾਣੀ ਨਾਲ ਜੁੜੇ ਹੋਏ, ਗੁਰਮਤਿ ਵਿਚਾਰਧਾਰਾ ਦਾ ਅਦਬ-ਸਤਿਕਾਰ ਕਰਦੇ ਸਨ। ਆਪਣੇ ਪਿੰਡ ਦੇ ਮਦਰੱਸੇ ਤੋਂ ਮੁੱਢਲੀ ਵਿਦਿਆ-ਅੱਖਰ ਗਿਆਨ ਪ੍ਰਾਪਤ ਕਰ, ਮਾਸਟਰ ਜੀ ਮਿਸ਼ਨ ਹਾਈ ਸਕੂਲ, ਰਾਵਲਪਿੰਡੀ 'ਚ ਦਾਖ਼ਲ ਹੋਏ। ਵਿੱਦਿਆ ਪ੍ਰਾਪਤੀ ਦੀ ਅਮੁੱਕ ਜਗਿਆਸਾ ਸਦਕਾ, ਪੜ੍ਹਾਈ 'ਚ ਮੋਹਰੀ ਰਹਿ, ਵਜ਼ੀਫ਼ਾ ਪ੍ਰਾਪਤ ਕਰਦੇ ਰਹੇ। ਮਾਸਟਰ ਜੀ ਦੇ ਬਚਪਨ ਸਮੇਂ ਪਿੰਡ ਦੇ ਗੁਰਦੁਆਰੇ 'ਚ 'ਪੰਥ ਪ੍ਰਕਾਸ਼' ਦੀ ਕਥਾ-ਵਿਆਖਿਆ ਹੁੰਦੀ ਸੀ ਜਿਸ ਨੂੰ ਸੁਣਨ ਵਾਸਤੇ ਇਹ ਰੋਜ਼ਾਨਾ ਗੁਰੂ-ਘਰ ਜਾਂਦੇ। ਗੁਰਦੁਆਰੇ 'ਚੋਂ ਗੁਰਬਾਣੀ, ਸਿੱਖ ਇਤਿਹਾਸ ਦੀ ਵਡਮੁੱਲੀ, ਵਿਲੱਖਣ ਵਿਚਾਰਧਾਰਾ ਦੀ ਜਾਣਕਾਰੀ ਪ੍ਰਾਪਤ ਕਰ ਕੇ ਮਾਸਟਰ ਜੀ ਨੇ ਰੋਮ-ਰੋਮ ਤੋਂ ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਹੋਣ ਦਾ ਮਨ ਬਣਾ ਲਿਆ। ਛੁੱਟੀਆਂ ਸਮੇਂ ਇਨ੍ਹਾਂ ਨੇ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਖ਼ੂਬ ਪੜ੍ਹਿਆ, ਸਮਝਿਆ ਤੇ ਵਿਚਾਰਿਆ। ਇਨ੍ਹਾਂ ਦਿਨਾਂ 'ਚ ਮਹਾਨ ਸਿੱਖ ਸ਼ਖ਼ਸੀਅਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲੇ ਪ੍ਰਚਾਰ ਦੌਰੇ 'ਤੇ ਆਏ। ਬਾਬਾ ਜੀ ਪਾਸੋਂ ਗੁਰਮਤਿ ਵਿਚਾਰਧਾਰਾ ਬਾਰੇ ਸੁਣ ਕੇ ਮਾਸਟਰ ਜੀ ਇਤਨੇ ਪ੍ਰਭਾਵਿਤ ਹੋਏ ਕਿ ਦਸਵੀਂ 'ਚ ਪੜ੍ਹਦਿਆਂ 1902 ਈ. ਵਿਚ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਹੋ ਗਏ। ਸ਼ਾਇਦ ਉਸ ਸਮੇਂ ਕਿਸੇ ਨੂੰ ਇਹ ਖ਼ਿਆਲ ਨਾ ਹੋਵੇ ਕਿ ਨਾਨਕ ਚੰਦ ਤੋਂ ਤਾਰਾ ਸਿੰਘ ਬਣ, ਸਿੱਖੀ ਮਾਰਗ 'ਚ ਪ੍ਰਵੇਸ਼ ਕਰਨ ਵਾਲੇ ਨੌਜੁਆਨ ਨੇ ਸਿੱਖ ਧਰਮ ਤੇ ਰਾਜਨੀਤੀ 'ਚ ਧ੍ਰੂ ਤਾਰੇ ਵਾਂਗ ਚਮਕਣਾ ਹੈ।



ਪੰਥ-ਰਤਨ ਮਾਸਟਰ ਤਾਰਾ ਸਿੰਘ ਜੀ

ਹਿੰਦੂ ਪਰਿਵਾਰਾਂ 'ਚ ਉਸ ਸਮੇਂ ਇਕ ਚੰਗੀ ਪਰੰਪਰਾ ਵੀ ਸੀ ਕਿ ਆਪਣੇ ਬੱਚਿਆਂ ਵਿੱਚੋਂ ਇਕ ਬੱਚੇ ਨੂੰ ਸਿੱਖ ਸਜਾਉਂਦੇ ਸਨ ਪਰ ਮਾਸਟਰ ਤਾਰਾ ਸਿੰਘ ਦੇ ਪਰਿਵਾਰ ਦੇ ਮਾਮਲੇ 'ਚ ਵਿਸ਼ੇਸ਼ ਇਹ ਹੈ ਕਿ ਕੁਝ ਸਮੇਂ ਬਾਅਦ ਇਨ੍ਹਾਂ ਦੇ ਚਾਰੇ ਭਰਾ ਤੇ ਭੈਣ ਵੀ 'ਨਾਨਕ ਨਿਰਮਲ ਪੰਥ' ਦੇ ਪਾਂਧੀ ਬਣ ਗਏ। ਮਾਸਟਰ ਜੀ 1903 ਈ. ਵਿਚ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ 'ਚ ਦਾਖ਼ਲ ਹੋਏ। ਕਾਲਜ ਦੀ ਪੜ੍ਹਾਈ ਸਮੇਂ ਮਾਸਟਰ ਜੀ ਕਾਲਜ ਹਾਕੀ ਟੀਮ ਦੇ ਕਪਤਾਨ ਤੇ ਫੁਟਬਾਲ ਟੀਮ ਦੇ ਮੈਂਬਰ ਸਨ।

1907 ਈ. 'ਚ ਕਾਲਜ ਦੀ ਇਮਾਰਤ ਦੀ ਉਸਾਰੀ ਹੋ ਰਹੀ ਸੀ। ਮੇਜਰ ਹਿਲ ਨੇ ਕਾਰ ਸੇਵਾ ਪ੍ਰਤੀ ਅਪ-ਸ਼ਬਦ ਵਰਤ ਦਿੱਤੇ। ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ 'ਚ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ। ਅਖ਼ੀਰ ਮਹਾਰਾਜਾ ਨਾਭਾ ਖ਼ੁਦ ਅੰਮ੍ਰਿਤਸਰ ਆਏ ਤੇ ਉਨ੍ਹਾਂ ਨੇ ਮਸਲਾ ਹੱਲ ਕਰਵਾਇਆ। ਮਾਸਟਰ ਜੀ ਅਧਿਆਪਕ ਬਣ, ਕੌਮ ਉਸਾਰੀ ਕਰਨਾ ਚਾਹੁੰਦੇ ਸਨ। ਇਸ ਮਿਸ਼ਨ ਦੀ ਪੂਰਤੀ ਲਈ 1907 ਈ. 'ਚ ਉਨ੍ਹਾਂ ਨੇ ਬੀ.ਏ. ਕਰਨ ਉਪਰੰਤ ਟੀਚਰ ਟ੍ਰੇਨਿੰਗ ਕੋਰਸ ਵਿਚ ਦਾਖ਼ਲਾ ਲੈ ਲਿਆ। ਇਸ ਸਾਲ ਹੀ ਮਾਸਟਰ ਜੀ ਨੇ ਗ੍ਰਹਿਸਥ ਮਾਰਗ 'ਚ ਪ੍ਰਵੇਸ਼ ਕੀਤਾ। ਇਨ੍ਹਾਂ ਦਾ ਅਨੰਦ ਕਾਰਜ ਬੀਬੀ ਤੇਜ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਲੜਕੇ ਅਤੇ ਦੋ ਲੜਕੀਆਂ ਹੋਈਆਂ। ਇਨ੍ਹਾਂ ਦੀ ਇਕ ਲੜਕੀ 20 ਸਾਲ ਦੀ ਉਮਰ 'ਚ ਅਕਾਲ ਚਲਾਣਾ ਕਰ ਗਈ। ਇਨ੍ਹਾਂ ਦੇ ਦੋਨਾਂ ਲੜਕਿਆਂ ਦੇ ਘਰ ਕੋਈ ਔਲਾਦ ਨਹੀਂ ਹੋਈ। ਇਨ੍ਹਾਂ ਦੀ ਸਪੁੱਤਰੀ ਬੀਬੀ ਰਜਿੰਦਰ ਕੌਰ ਦੀਆਂ ਦੋ ਲੜਕੀਆਂ ਅਤੇ ਇਕ ਲੜਕਾ ਹੈ, ਜੋ ਮਾਸਟਰ ਜੀ ਦੀ ਵਿਰਾਸਤ ਨੂੰ ਸੰਭਾਲ ਰਹੇ ਹਨ। 1908 ਈ. 'ਚ ਮਾਸਟਰ ਜੀ ਨੇ ਟੀਚਰ ਟ੍ਰੇਨਿੰਗ ਦਾ ਸਰਟੀਫ਼ੀਕੇਟ ਪ੍ਰਾਪਤ ਕਰ ਕੇ ਸ. ਸੁੰਦਰ ਸਿੰਘ ਤੇ ਸ. ਬਿਸ਼ਨ ਸਿੰਘ ਨਾਲ ਮਿਲ ਕੇ ਲਾਇਲਪੁਰ ਖ਼ਾਲਸਾ ਹਾਈ ਸਕੂਲ ਅਰੰਭ ਕੀਤਾ, ਜਿਸ ਦੇ ਇਹ ਮੁੱਖ ਅਧਿਆਪਕ ਬਣੇ। ਕੇਵਲ 15/- ਰੁਪਏ ਮਾਸਿਕ ਮਾਣ ਭੱਤੇ 'ਤੇ ਇਨ੍ਹਾਂ ਨੇ ਇਹ ਸੇਵਾ ਸ਼ੁਰੂ ਕੀਤੀ। ਦੋ ਸਾਲਾਂ 'ਚ ਹੀ ਇਸ ਸਕੂਲ ਦਾ ਇਲਾਕੇ 'ਚ ਨਾਂ ਬਣ ਗਿਆ। ਸਕੂਲ 'ਚ ਪੜ੍ਹਾਉਣ ਸਦਕਾ ਹੀ ਇਨ੍ਹਾਂ ਦੇ ਨਾਂ ਨਾਲ 'ਮਾਸਟਰ' ਸ਼ਬਦ ਸਦੀਵੀ ਜੁੜ ਗਿਆ। ਇਹ ਸਕੂਲ ਕੇਵਲ ਵਿਦਿਆਰਥੀਆਂ ਨੂੰ ਅੱਖਰ-ਗਿਆਨ ਹੀ ਨਹੀਂ ਸੀ ਸਿਖਾਉਂਦਾ, ਸਗੋਂ ਜੀਵਨ-ਜਾਚ 'ਚ ਵੀ ਪ੍ਰਪੱਕ ਕਰਦਾ ਸੀ। ਇਸ ਸਦਕਾ ਇਹ ਸਿੱਖੀ ਦੇ ਸਕੂਲ ਵਜੋਂ ਪ੍ਰਸਿੱਧ ਹੋਇਆ। ਕੁਝ ਸਮੇਂ ਬਾਅਦ ਹੀ ਇਸ ਸਕੂਲ ਦੀਆਂ ਨਵੀਆਂ ਸ਼ਾਖ਼ਾਵਾਂ ਖੋਲ੍ਹੀਆਂ ਗਈਆਂ।

ਮਾਸਟਰ ਜੀ ਦੀ ਅਗਵਾਈ ਵਿਚ ਲਾਇਲਪੁਰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣ ਗਿਆ, ਜਿਸ ਦਾ ਮੂਲ ਮਨੋਰਥ ਸਿੱਖ ਵਿਰਸੇ ਤੇ ਵਿਰਾਸਤ ਤੋਂ ਸਮੁੱਚੀ ਕੌਮ ਨੂੰ ਜਾਗਰਤ ਕਰਨਾ ਸੀ। ਇਸ ਕਾਰਜ ਵਾਸਤੇ ਮਾਸਟਰ ਜੀ ਨੇ 'ਸੱਚਾ ਢੰਡੋਰਾ' ਨਾਮੀ ਹਫ਼ਤਾਵਾਰੀ ਪਰਚਾ ਸ਼ੁਰੂ ਕੀਤਾ। 1914 ਈ. 'ਚ ਮਾਸਟਰ ਜੀ ਲਾਇਲਪੁਰ ਤੋਂ ਕਲਰ ਖ਼ਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਲੱਗ ਗਏ ਪਰ ਦੋ ਸਾਲ ਬਾਅਦ ਹੀ ਮਾਸਟਰ ਜੀ ਨੇ ਆਪਣੇ ਸਕੂਲ 'ਚ ਫਿਰ ਸੇਵਾ ਸੰਭਾਲ ਲਈ।

ਗੁਰਦੁਆਰਾ ਰਕਾਬ ਗੰਜ ਦੀ ਕੰਧ ਅੰਗਰੇਜ਼ ਸਰਕਾਰ ਵੱਲੋਂ ਗਿਰਾਉਣ ਦੇ ਪ੍ਰਸਤਾਵ ਦਾ ਮਾਸਟਰ ਤਾਰਾ ਸਿੰਘ ਜੀ ਤੇ ਹੋਰ ਸਿੱਖ ਆਗੂਆਂ ਨੇ ਰਲ ਕੇ ਡੱਟ ਕੇ ਵਿਰੋਧ ਕੀਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਸ਼ਾਮਿਲ ਹੋ, ਹਰ ਮੋਰਚੇ 'ਚ ਮੋਹਰਲੀ ਕਤਾਰ 'ਚ ਖੜੇ ਹੋਏ। ਮਾਸਟਰ ਤਾਰਾ ਸਿੰਘ ਜੀ ਸਿਰ-ਕੱਢ ਚੋਟੀ ਦੇ ਧਾਰਮਿਕ, ਸਮਾਜਿਕ, ਰਾਜਸੀ ਆਗੂ ਵਜੋਂ ਧ੍ਰੂ ਤਾਰੇ ਵਾਂਗ ਚਮਕੇ।

15 ਨਵੰਬਰ, 1920 ਨੂੰ ਸਿੱਖਾਂ ਦੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ। ਮਾਸਟਰ ਤਾਰਾ ਸਿੰਘ ਜੀ ਦੀਆਂ ਧਾਰਮਿਕ, ਸਮਾਜਿਕ ਤੇ ਰਾਜਸੀ ਗਤੀਵਿਧੀਆਂ ਨੂੰ ਸਨਮੁਖ ਰੱਖਦਿਆਂ, ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਾਮਜ਼ਦ ਕਰ ਲਿਆ ਗਿਆ। ਇਨ੍ਹਾਂ ਨੂੰ ਇਸ ਸੰਸਥਾ ਦੇ ਪਹਿਲੇ ਸਕੱਤਰ ਹੋਣ ਦਾ ਵੀ ਮਾਣ ਪ੍ਰਾਪਤ ਹੋਇਆ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਲੋਕ ਲਹਿਰ ਬਣਾਉਣ 'ਚ ਮਾਸਟਰ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਿੱਖ ਸਿਧਾਂਤਾਂ, ਗੁਰਮਤਿ ਵਿਚਾਰਧਾਰਾ, ਸਿੱਖ ਇਤਿਹਾਸ, ਪਰੰਪਰਾਵਾਂ ਤੇ ਮਰਯਾਦਾ ਤੋਂ ਸਿੱਖਾਂ ਨੂੰ ਜਾਗਰਤ ਕਰਨ ਲਈ *ਅਕਾਲੀ ਤੇ ਪ੍ਰਦੇਸੀ* ਅਖ਼ਬਾਰ ਸ਼ੁਰੂ ਕੀਤੀ। ਮਾਸਟਰ ਜੀ ਨੇ ਆਪਣੇ ਸੰਪਾਦਕੀ ਲੇਖਾਂ 'ਚ ਮਹੰਤਾਂ-ਪੁਜਾਰੀਆਂ ਦੀ ਗੁੰਡਾਗਰਦੀ, ਅੰਗਰੇਜ਼ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਖ਼ੂਬ ਲਿਖਿਆ।

20 ਫ਼ਰਵਰੀ, 1921 ਨੂੰ ਨਨਕਾਣਾ ਸਾਹਿਬ ਦਾ ਦੁਖਦਾਈ ਸਾਕਾ ਵਾਪਰ ਗਿਆ। 3 ਮਾਰਚ, 1921 ਨੂੰ ਨਨਕਾਣਾ ਸਾਹਿਬ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਕਾਨਫ਼ਰੰਸ ਕੀਤੀ ਗਈ, ਜਿਸ ਵਿਚ ਸਿੱਖਾਂ ਨੂੰ ਸ਼ਹੀਦਾਂ ਦੇ ਸਤਿਕਾਰ ਅਤੇ ਅੰਗਰੇਜ਼ ਸਰਕਾਰ ਤੇ ਮਹੰਤਾਂ ਦੀ ਗੁੰਡਾਗਰਦੀ ਵਿਰੁੱਧ ਰੋਸ ਮੁਜ਼ਾਹਰਾ ਕਰਨ ਲਈ ਕਾਲੀਆਂ ਦਸਤਾਰਾਂ ਸਜਾਉਣ ਦਾ ਸੰਦੇਸ਼ ਦਿੱਤਾ ਗਿਆ। ਇਸ ਦੀਵਾਨ ਸਮੇਂ ਮਾਸਟਰ ਤਾਰਾ ਸਿੰਘ ਜੀ ਨੇ ਅਧਿਆਪਕ ਦੀ ਸੇਵਾ ਤੋਂ ਤਿਆਗ-ਪੱਤਰ ਦੇ ਕੇ ਆਪਣਾ ਸਮੁੱਚਾ ਜੀਵਨ ਸਿੱਖ ਕੌਮ ਨੂੰ ਸਮਰਪਿਤ ਕਰ ਦਿੱਤਾ।

ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਦੇ ਮੋਰਚੇ ਸਮੇਂ ਮਾਸਟਰ ਜੀ ਤੇ ਹੋਰ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਮਾਸਟਰ ਜੀ ਦੀ ਪੰਥਕ ਜੀਵਨ 'ਚ ਇਹ ਪਹਿਲੀ ਗ੍ਰਿਫ਼ਤਾਰੀ ਸੀ। 11 ਜਨਵਰੀ, 1922 ਨੂੰ ਸਾਰੇ ਅਕਾਲੀ ਆਗੂ ਰਿਹਾ ਕਰ ਦਿੱਤੇ ਗਏ। ਮਾਰਚ, 1922 'ਚ ਮਾਸਟਰ ਜੀ ਨੂੰ ਕ੍ਰਿਪਾਨ ਦੇ ਮੋਰਚੇ ਸਮੇਂ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। 16 ਅਗਸਤ, 1922 ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਦੇ ਸੰਬੰਧ 'ਚ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ, ਜਿਨ੍ਹਾਂ 'ਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ।

ਮਹਾਰਾਜਾ ਨਾਭਾ ਦੇ ਹੱਕ ਵਿਚ ਮਾਸਟਰ ਤਾਰਾ ਸਿੰਘ ਜੀ ਨੇ ਸਿੱਖ ਜਜ਼ਬਾਤਾਂ ਨੂੰ ਟੁੰਬਣ ਵਾਲੇ *ਅਕਾਲੀ ਤੇ ਪ੍ਰਦੇਸੀ* ਅਖ਼ਬਾਰ ਵਿਚ ਧੜੱਲੇਦਾਰ ਸੰਪਾਦਕੀ ਲੇਖ ਲਿਖੇ। ਮਾਸਟਰ ਜੀ ਵੱਲੋਂ ਪੇਸ਼ ਕੀਤੇ ਜਾਣ 'ਤੇ ਸ਼੍ਰੋਮਣੀ ਕਮੇਟੀ ਨੇ ਅਗਸਤ, 1923 ਈ. ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਉਤਾਰੇ ਜਾਣ ਦੇ ਵਿਰੋਧ ਵਿਚ ਗੁਰਮਤਾ

ਕੀਤਾ। 7 ਜਨਵਰੀ, 1924 ਨੂੰ ਅੰਗਰੇਜ਼ ਸਰਕਾਰ ਨੇ ਨਾਭਾ ਮੋਰਚਾ ਲਾਉਣ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਮਾਸਟਰ ਜੀ ਸਮੇਤ ਸਮੁੱਚੀ ਕਾਰਜਕਾਰਨੀ ਤੇ ਆਗੂਆਂ ਨੂੰ ਜੇਲ੍ਹੀਂ ਬੰਦ ਕਰ ਦਿੱਤਾ। ਇਸ ਮੋਰਚੇ ਸਮੇਂ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੇ ਹੋਏ ਪੰਡਿਤ ਜਵਾਹਰ ਲਾਲ ਨਹਿਰੂ ਤੇ ਏ.ਟੀ. ਕਿਦਵਈ ਨੂੰ ਵੀ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ।

ਸਿੱਖ ਗੁਰਦੁਆਰਾ ਐਕਟ 1925 ਸਰਕਾਰ ਨੇ ਪਾਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਪ੍ਰਤਿਨਿਧ ਸੰਸਥਾ ਤਸੱਵਰ ਕਰ ਲਿਆ। ਗੁਰਦੁਆਰਾ ਐਕਟ ਪਾਸ ਹੋਣ ਸਮੇਂ ਸ. ਤੇਜਾ ਸਿੰਘ ਸਮੁੰਦਰੀ ਸਮੇਤ ਮਾਸਟਰ ਤਾਰਾ ਸਿੰਘ, ਸਾਰੇ ਸਿੱਖ ਆਗੂ ਜੇਲ੍ਹ 'ਚ ਬੰਦ ਸਨ। ਕੁਝ ਸਿੱਖ ਨੇਤਾ ਤਾਂ ਸਰਕਾਰ ਦੀਆਂ ਸ਼ਰਤਾਂ ਪ੍ਰਵਾਨ ਕਰ ਕੇ ਰਿਹਾ ਹੋ ਗਏ ਪਰ ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਸਮੇਤ 19 ਸਿੱਖ ਨੇਤਾ ਸਰਕਾਰੀ ਸ਼ਰਤਾਂ ਨੂੰ ਕਿਸੇ ਕੀਮਤ 'ਤੇ ਮੰਨਣ ਨੂੰ ਤਿਆਰ ਨਹੀਂ ਸਨ। ਕੁਝ ਸਮੇਂ ਬਾਅਦ ਸਰਕਾਰ ਨੇ ਇਨ੍ਹਾਂ ਸਿੱਖ ਆਗੂਆਂ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ। ਜੂਨ, 1926 'ਚ ਸ਼੍ਰੋਮਣੀ ਕਮੇਟੀ ਦੀਆਂ ਪਹਿਲੀ ਵਾਰ ਆਮ ਚੋਣਾਂ ਹੋਈਆਂ। 2 ਅਕਤੂਬਰ, 1926 ਨੂੰ ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਾ ਸੈਂਟਰਲ ਬੋਰਡ ਦੀ ਪਹਿਲੀ ਇਕੱਤ੍ਰਤਾ ਹੋਈ। ਇਸ ਇਕੱਤ੍ਰਤਾ ਸਮੇਂ ਮਾਸਟਰ ਤਾਰਾ ਸਿੰਘ ਜੀ ਵਿਸ਼ੇਸ਼ ਦਰਸ਼ਕ ਵਜੋਂ ਸ਼ਾਮਿਲ ਸਨ। ਇਕੱਤ੍ਰਤਾ ਦੀ ਕਾਰਵਾਈ ਸ਼ੁਰੂ ਹੋਣ 'ਤੇ ਮਾਸਟਰ ਜੀ ਨੂੰ ਪਹਿਲੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨਾਮਜ਼ਦ ਕੀਤਾ ਗਿਆ। ਬਾਬਾ ਖੜਕ ਸਿੰਘ ਜੀ ਨੂੰ ਪ੍ਰਧਾਨ ਚੁਣ ਲਿਆ ਗਿਆ ਅਤੇ ਮਾਸਟਰ ਤਾਰਾ ਸਿੰਘ ਜੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਬਾਬਾ ਖੜਕ ਸਿੰਘ ਜੀ ਉਸ ਸਮੇਂ ਜੇਲ੍ਹ ਵਿਚ ਸਨ ਜਿਸ ਕਰਕੇ ਮਾਸਟਰ ਤਾਰਾ ਸਿੰਘ ਜੀ ਨੇ ਮੀਤ ਪ੍ਰਧਾਨ ਹੁੰਦਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਅਰੰਭ ਕੀਤੀ। ਪਹਿਲੀ ਇਕੱਤ੍ਰਤਾ ਸਮੇਂ ਹੀ ਸ. ਤੇਜਾ ਸਿੰਘ ਸਮੁੰਦਰੀ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਸ਼ੋਕ-ਮਤਾ ਪੇਸ਼ ਤੇ ਪ੍ਰਵਾਨ ਕੀਤਾ ਗਿਆ। ਇਸ ਤੋਂ ਉਪਰੰਤ ਗੁਰਦੁਆਰਾ ਸੈਂਟਰਲ ਬੋਰਡ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੀ ਹੋਵੇਗਾ, ਬਾਰੇ ਮਤਾ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਏਸੇ ਹੀ ਦਿਨ ਸ਼੍ਰੋਮਣੀ ਕਮੇਟੀ ਦੀ ਸਮੁੱਚੀ ਕਾਰਵਾਈ ਮਾਂ-ਬੋਲੀ ਪੰਜਾਬੀ ਵਿਚ ਕਰਨ ਸੰਬੰਧੀ ਇਤਿਹਾਸਕ ਫ਼ੈਸਲਾ ਕੀਤਾ ਗਿਆ। ਜਾਤ-ਪਾਤ, ਛੂਤ-ਛਾਤ ਦੇ ਵਿਤਕਰੇ-ਵਖਰੇਵੇਂ ਵਿਰੁੱਧ ਵੀ ਮਤਾ ਇਸ ਸਮੇਂ ਹੀ ਪਹਿਲੀ ਵਾਰ ਪਾਸ ਹੋਇਆ।

3 ਅਪ੍ਰੈਲ, 1927 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਉਚੇਚੀ ਬੈਠਕ ਹੋਈ ਜਿਸ ਵਿਚ ਪੰਥਕ ਝਗੜਿਆਂ ਤੇ ਧੜੇਬੰਦੀ ਨੂੰ ਖ਼ਤਮ ਕਰਨ ਵਾਸਤੇ ਤਿੰਨ ਸਬ-ਕਮੇਟੀਆਂ ਬਣਾਈਆਂ ਗਈਆਂ ਜਿਨ੍ਹਾਂ ਵਿੱਚੋਂ ਸਰਬ-ਸਾਂਝੇ ਪੰਥਕ ਮਸਲਿਆਂ ਅਤੇ ਖੇਤਰੀ ਝਗੜਿਆਂ ਦੇ ਨਿਪਟਾਰੇ ਵਾਸਤੇ ਬਣੀ ਸਬ-ਕਮੇਟੀ ਦੇ ਮਾਸਟਰ ਤਾਰਾ ਸਿੰਘ ਜੀ ਮੈਂਬਰ ਸਨ।

8 ਅਕਤੂਬਰ, 1927 ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਸਮੇਂ ਦੋਬਾਰਾ ਬਾਬਾ ਖੜਕ ਸਿੰਘ ਜੀ ਪ੍ਰਧਾਨ ਤੇ ਮਾਸਟਰ ਤਾਰਾ ਸਿੰਘ ਜੀ ਮੀਤ ਪ੍ਰਧਾਨ ਚੁਣੇ ਗਏ। ਇਸ ਮੀਟਿੰਗ ਸਮੇਂ ਬਾਬਾ ਅਤਰ ਸਿੰਘ ਜੀ ਮਸਤੂਆਣਾ ਤੇ ਭਾਈ ਹੀਰਾ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਅਕਾਲ ਚਲਾਣੇ 'ਤੇ ਸ਼ੋਕ ਮਤੇ ਕੀਤੇ ਗਏ।

ਫ਼ਰਵਰੀ, 1928 'ਚ ਆਲ ਪਾਰਟੀ ਕਾਨਫ਼ਰੰਸ ਬੰਬਈ ਵਿਚ ਹੋਈ, ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਸਿੱਖ ਪ੍ਰਤਿਨਿਧ ਵਜੋਂ ਸ਼ਾਮਿਲ ਹੋਏ। ਮਾਸਟਰ ਜੀ ਨੇ 'ਨਹਿਰੂ ਰੀਪੋਰਟ' ਦਾ ਡੱਟ ਕੇ ਵਿਰੋਧ ਕੀਤਾ, ਕਿਉਂਕਿ ਇਸ ਵਿਚ ਸਿੱਖ-ਹਿੱਤਾਂ ਦੀ ਅਣਦੇਖੀ ਕੀਤੀ ਗਈ ਸੀ। ਸਿੱਖ ਲੀਗ ਦੇ ਪ੍ਰਧਾਨ ਵਜੋਂ ਵੀ ਮਾਸਟਰ ਜੀ ਕਾਰਜਸ਼ੀਲ ਰਹੇ। ਕਾਂਗਰਸ ਪਾਰਟੀ ਨਾਲ ਸੰਬੰਧਾਂ ਦੇ ਮਾਮਲੇ 'ਚ ਮਾਸਟਰ ਤਾਰਾ ਸਿੰਘ ਜੀ ਜਥੇਦਾਰ ਗਰੁੱਪ ਦੇ ਆਗੂ ਬਣ ਗਏ। ਕਾਂਗਰਸ ਦੇ ਲਾਹੌਰ ਸੈਸ਼ਨ 'ਚ ਮਾਸਟਰ ਤਾਰਾ ਸਿੰਘ ਜੀ ਸ਼ਾਮਿਲ ਹੋਏ, ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ 'ਭਾਰਤ ਵਿਚ ਅਜਿਹਾ ਸੰਵਿਧਾਨ ਲਾਗੂ ਕੀਤਾ ਜਾਵੇਗਾ, ਜਿਹੜਾ ਘੱਟ-ਗਿਣਤੀਆਂ ਨੂੰ ਪ੍ਰਵਾਨ ਹੋਵੇਗਾ।'

1930 ਈ. ਤੀਕ ਮਾਸਟਰ ਤਾਰਾ ਸਿੰਘ ਜੀ ਦੀ ਈਮਾਨਦਾਰੀ, ਨਿਸ਼ਕਾਮ ਸੇਵਾ ਤੇ ਗੁਰੂ-ਪੰਥ ਨੂੰ ਸਮਰਪਿਤ ਭਾਵਨਾ ਸਦਕਾ ਸਮੁੱਚੀ ਸਿੱਖ ਕੌਮ ਨੇ ਉਨ੍ਹਾਂ ਨੂੰ ਨਿਰਵਿਵਾਦ ਸਿੱਖ ਨੇਤਾ ਪ੍ਰਵਾਨ ਕਰ ਲਿਆ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਬ-ਪ੍ਰਵਾਣਿਤ ਨੇਤਾ ਵਜੋਂ ਮਾਸਟਰ ਤਾਰਾ ਸਿੰਘ ਜੀ ਗੁਰਦੁਆਰਾ ਪ੍ਰਬੰਧ ਸੁਧਾਰ, ਸ਼੍ਰੋਮਣੀ ਅਕਾਲੀ ਦਲ, ਦੇਸ਼ ਦੀ ਅਜ਼ਾਦੀ, ਪੰਜਾਬੀ ਸੂਬੇ ਤੇ ਪੰਜਾਬੀ ਭਾਸ਼ਾ ਵਾਸਤੇ ਹਮੇਸ਼ਾ ਸੰਘਰਸ਼ਸ਼ੀਲ ਰਹੇ। ਕਈ ਵਾਰ ਜੇਲ੍ਹ ਯਾਤਰਾ ਕੀਤੀ ਪਰ ਹਰ ਵਾਰ ਮਾਸਟਰ ਜੀ ਦਰਵੇਸ਼ ਸਿੱਖ ਸਿਆਸਤਦਾਨ, ਸਿੱਖ ਨੇਤਾ ਵਜੋਂ ਅਲ੍ਹਾਣੀ ਮੰਜੀ 'ਤੇ ਬੈਠੇ ਕੁਝ ਲਿਖਦੇ ਦਿਖਾਈ ਦਿੰਦੇ ਹਨ।

ਮਾਸਟਰ ਤਾਰਾ ਸਿੰਘ ਜੀ ਸਿੱਖ ਗੁਰਦੁਆਰਾ ਐਕਟ 1925 ਲਾਗੂ ਹੋਣ ਤੋਂ ਬਾਅਦ 2 ਅਕਤੂਬਰ, 1826 ਤੋਂ 12 ਅਕਤੂਬਰ, 1930 ਤੀਕ ਮੀਤ ਪ੍ਰਧਾਨ (ਬਾਬਾ ਖੜਕ ਸਿੰਘ ਦੀ ਗ਼ੈਰ-ਹਾਜ਼ਰੀ 'ਚ ਪ੍ਰਧਾਨ) ਵਜੋਂ 12 ਅਕਤੂਬਰ, 1930 ਤੋਂ 17 ਜੂਨ, 1933; 13 ਜੂਨ, 1936 ਤੋਂ 19 ਨਵੰਬਰ, 1944; 4 ਅਪ੍ਰੈਲ, 1951 ਤੋ 5 ਅਕਤੂਬਰ, 1952; 17 ਫ਼ਰਵਰੀ, 1955 ਤੋਂ 21 ਮਈ, 1955; 16 ਅਕਤੂਬਰ, 1955 ਤੋਂ 16 ਨਵੰਬਰ, 1958; 7 ਮਾਰਚ, 1960 ਤੋਂ 30 ਅਪ੍ਰੈਲ, 1960; 10 ਮਾਰਚ, 1961 ਤੋਂ 11 ਮਾਰਚ, 1962 ਤੀਕ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਹੁਦੇ 'ਤੇ ਸੁਭਾਇਮਾਨ ਹੋ ਸੇਵਾ ਨਿਭਾਹੀ।

ਏਨਾ ਲੰਮੇਰਾ ਸਮਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਕਾਰਜਸ਼ੀਲ ਰਹੇ, ਮਾਸਟਰ ਤਾਰਾ ਸਿੰਘ ਜੀ ਦੀਆਂ ਪ੍ਰਾਪਤੀਆਂ ਨੂੰ ਇਕ ਲੇਖ ਵਿਚ ਕਲਮ-ਬੰਦ ਕਰ ਸਕਣਾ ਅਸੰਭਵ ਹੈ। ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਹੋਏ ਵਿਸ਼ੇਸ਼ ਕਾਰਜ 'ਚ ਸਿੱਖ ਕੈਦੀਆਂ ਦੀ ਰਿਹਾਈ 'ਤੇ ਵਧਾਈ, ਦਫ਼ਤਰੀ ਕੰਮ ਪੰਜਾਬੀ 'ਚ ਕਰਨ,

ਜਾਤ-ਪਾਤ ਤੋੜਨ, ਪੰਚ ਖ਼ਾਲਸਾ ਦੀਵਾਨ ਨੂੰ ਪੰਥ 'ਚੋਂ ਖਾਰਜ ਕਰਨ, ਮਹਾਰਾਜਾ ਨਾਭਾ ਨਾਲ ਹਮਦਰਦੀ, ਸ. ਤੇਜਾ ਸਿੰਘ ਭੁੱਚਰ ਨੂੰ ਮਾਫ਼ੀ, ਪ੍ਰੋ. ਤੇਜਾ ਸਿੰਘ ਦੀ ਨਾਮਜ਼ਦਗੀ, ਸ੍ਰੀ ਅਕਾਲ ਤਖ਼ਤ ਸਾਹਿਬ ਲਈ ਨਿਯਮ-ਉਪਨਿਯਮ, ਕੌਮੀ ਝੰਡੇ ਬਾਰੇ ਅਕਾਲੀ ਦਲ ਦਾ ਐਲਾਨ, ਧਰਮ ਪ੍ਰਚਾਰ ਕਮੇਟੀ ਦਾ ਮੁੱਢ, ਛੂਤ-ਛਾਤ ਵਿਰੁੱਧ ਮਤਾ, ਡਸਕੇ ਦੇ ਗੁਰਦੁਆਰੇ ਬਾਰੇ ਮਤਾ, ਸਹਿਜਧਾਰੀ ਸਿੱਖਾਂ ਬਾਰੇ, ਕਸ਼ਮੀਰ ਦੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਜਥੇਦਾਰ ਤੇ ਗ੍ਰੰਥੀਆਂ ਦੀ ਤਨਖ਼ਾਹ, ਰਹੁ-ਰੀਤ ਕਮੇਟੀ ਦੇ ਮੈਂਬਰਾਂ ਬਾਰੇ, ਫ਼ਿਰਕੇਦਾਰਾਨਾ ਫ਼ੈਸਲੇ ਬਾਰੇ ਵਿਰੋਧ, ਖ਼ਾਲਸਾ ਦਸਤਕਾਰੀ ਸਕੂਲ, ਲਾਹੌਰ ਵਿਚ ਕਾਲਜ, ਕਮਿਊਨਲ ਅਵਾਰਡ ਦਾ ਵਿਰੋਧ, ਕੂਕਿਆਂ ਵੱਲੋਂ ਛਾਪੇ ਟਰੈਕਟਾਂ ਦੀ ਜ਼ਬਤੀ, ਨਸ਼ਿਆਂ ਵਿਰੁੱਧ ਪ੍ਰਣ-ਪੱਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਖ਼ਾਲਸਾ ਰਹਿਤ ਮਰਯਾਦਾ ਦਾ ਖਰੜਾ, ਸਿੱਖਾਂ ਨੂੰ ਜਰਾਇਮ-ਪੇਸ਼ਾ ਕਰਾਰ ਦੇਣ ਵਿਰੁੱਧ ਮਤਾ, ਤਖ਼ਤਾਂ ਦੇ ਮੁਲਾਜ਼ਮ ਰਾਜਨੀਤੀ ਤੋਂ ਅਲੱਗ ਰਹਿਣ, ਗੁਰਦੁਆਰਾ ਸ਼ਹੀਦ ਗੰਜ ਲਾਹੌਰ ਦਾ ਮਾਮਲਾ, ਸਿੱਖ ਨੈਸ਼ਨਲ ਕਾਲਜ ਲਾਹੌਰ ਦੀ ਸਥਾਪਨਾ, ਸਿੱਖ ਰਾਜਾ ਪਤਿਤ ਨਹੀਂ ਹੋਣਾ ਚਾਹੀਦਾ, ਝਟਕੇ ਬਾਰੇ ਬਿੱਲ, ਆਰਥਿਕ, ਭਾਈਚਾਰਕ ਤੇ ਵਿੱਦਿਅਕ ਉੱਨਤੀ ਬਾਰੇ, ਮਰਦਮ ਸ਼ੁਮਾਰੀ ਤੇ ਸਿੱਖ, ਪਾਕਿਸਤਾਨ ਦੀ ਥੀਊਰੀ ਵਿਰੁੱਧ, ਫ਼ੌਜ 'ਚ ਸਿੱਖਾਂ ਵਾਸਤੇ ਲੋਹ-ਟੋਪ ਦਾ ਵਿਰੋਧ, ਨਾਮਧਾਰੀਆਂ ਦੇ ਪੱਤਰਾ ਪਾਠ ਦੇ ਵਿਰੋਧ, ਪੁਲਿਸ ਵਿਚ ਸਿੱਖ ਰਹਿਤ, ਧਾਰਮਿਕ ਮਾਸਿਕ ਪੱਤਰ, ਸਕੂਲਾਂ ਵਿਚ ਪੰਜਾਬੀ ਸਿਲੇਬਸ, ਮਹਾਤਮਾ ਗਾਂਧੀ ਦਾ ਮਰਨ ਵਰਤ ਖੁਲ੍ਹਾਉਣ, ਸਿੱਖ ਸੂਬੇ ਬਾਰੇ, ਸਤਿਆਰਥ ਪ੍ਰਕਾਸ਼ ਦੇ ਕੁਝ ਹਿੱਸੇ ਨਾ ਛਾਪਣ, ਸਿੱਖਾਂ 'ਤੇ ਪਾਬੰਦੀ ਹਟਾਉਣ, ਹੜ੍ਹ ਪੀੜਤਾਂ ਨਾਲ ਹਮਦਰਦੀ, ਗੁਰਦੁਆਰਾ ਦਾਤਾ ਬੰਦੀ ਛੋੜ, ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ, ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਯਾਤਰਾ ਦਾ ਅਰੰਭ, ਪੰਜਾਬੀ ਬੋਲੀ, ਲਿਪੀ ਤੇ ਪੰਜਾਬੀ ਸੂਬੇ, ਸਿੱਖ ਇਤਿਹਾਸ ਰੀਸਰਚ ਬੋਰਡ, ਮਿਸ਼ਨਰੀ ਕਾਲਜ, ਆਦਿ ਬਾਰੇ ਧਾਰਮਿਕ-ਇਤਿਹਾਸਕ ਮਹੱਤਤਾ ਵਾਲੇ, ਮਹੱਤਵਪੂਰਨ ਫ਼ੈਸਲੇ ਲਏ ਗਏ ਜਿਨ੍ਹਾਂ ਬਾਰੇ ਵਿਸਥਾਰ ਵਿਚ ਜਾਣਾ ਸਾਡੇ ਵਾਸਤੇ ਸੰਭਵ ਨਹੀਂ।

9 ਮਾਰਚ, 1930 ਨੂੰ ਮਾਸਟਰ ਜੀ ਦੀ ਪ੍ਰਧਾਨਗੀ ਸਮੇਂ ਇਨ੍ਹਾਂ ਵਿਰੁੱਧ ਇਕ ਮੈਂਬਰ ਨੇ ਮਤਾ ਪੇਸ਼ ਕੀਤਾ। ਮਾਸਟਰ ਜੀ ਨੇ ਕਿਹਾ ਕਿ ਭਾਵੇਂ ਕਿ ਇਸ ਮਤੇ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਪਰ ਕਿਉਂਕਿ ਇਹ ਮਤਾ ਮੇਰੇ ਨਾਲ ਸੰਬੰਧਿਤ ਹੈ, ਇਸ ਕਰਕੇ ਇਹ ਮਤਾ ਪੇਸ਼ ਕਰਨ ਦੀ ਆਗਿਆ ਹੈ। ਵੋਟਾਂ ਪੈਣ ਸਮੇਂ ਇਹ ਮਤਾ 13 ਦੇ ਮੁਕਾਬਲੇ 45 ਵੋਟਾਂ ਦੇ ਫ਼ਰਕ ਨਾਲ ਰੱਦ ਹੋ ਗਿਆ। 19 ਅਪ੍ਰੈਲ, 1931 ਨੂੰ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ 'ਚ ਸੈਂਟਰਲ ਸਿੱਖ ਲੀਗ ਦਾ ਨੌਂਵਾਂ ਇਜਲਾਸ ਲਾਹੌਰ 'ਚ ਹੋਇਆ, ਜਿਸ ਵਿਚ ਮਹਾਤਮਾ ਗਾਂਧੀ ਵੀ ਸ਼ਾਮਿਲ ਹੋਏ।

ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਅਧਿਆਪਕਾਂ ਨੇ 1933 ਈ. 'ਗੁਰਸੇਵਕ ਸਭਾ' ਬਣਾਈ। ਇਸ ਸਭਾ ਨੇ ਅਕਾਲੀ ਧੜੇਬੰਦੀ ਨੂੰ ਖ਼ਤਮ ਕਰਨ ਲਈ ਮਾਸਟਰ ਤਾਰਾ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਨੂੰ ਸਰਗਰਮ ਰਾਜਨੀਤੀ ਤੋਂ ਕੁਝ ਸਮਾਂ ਦੂਰ ਰਹਿਣ ਲਈ ਕਿਹਾ। ਮਾਸਟਰ ਜੀ ਨੇ 'ਗੁਰਸੇਵਕ ਸਭਾ' ਦਾ ਫ਼ੈਸਲਾ ਪ੍ਰਵਾਨ

ਕਰਦਿਆਂ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਸਰਬ ਹਿੰਦ ਸਿੱਖ ਮਿਸ਼ਨ ਦੇ ਅਹੁਦਿਆਂ ਤੇ ਮੈਂਬਰੀ ਤੋਂ ਤਿਆਗ-ਪੱਤਰ ਦੇ ਦਿੱਤਾ। ਇਸ ਤਰ੍ਹਾਂ ਮਾਸਟਰ ਜੀ ਜੂਨ, 1934 ਤੋਂ ਜਨਵਰੀ, 1935 ਤੀਕ ਸਰਗਰਮ ਸਿੱਖ ਸਿਆਸਤ ਤੋਂ ਦੂਰ ਰਹੇ। ਪਰ ਮਾਸਟਰ ਜੀ ਆਪਣੇ ਨਜ਼ਦੀਕੀ ਮਿੱਤਰ ਸ. ਸੇਵਾ ਸਿੰਘ ਜੀ ਠੀਕਰੀਵਾਲਾ ਦੇ ਅਕਾਲ ਚਲਾਣੇ ਦੀ ਖ਼ਬਰ ਪੜ੍ਹ ਕੇ ਫਿਰ ਪੰਜਾਬ ਆ ਗਏ। ਪਹਿਲੀ ਅਪ੍ਰੈਲ, 1935 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਕਾਰਜਕਾਰਨੀ ਦੀ ਮੀਟਿੰਗ 'ਚ ਫ਼ੈਸਲਾ ਕਰ ਕੇ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ 'ਚ ਪੂਰਨ ਭਰੋਸਾ ਪ੍ਰਗਟ ਕੀਤਾ। ਦੂਸਰੇ ਵਿਸ਼ਵ ਯੁੱਧ ਮਗਰੋਂ ਸ਼ਿਮਲੇ 'ਚ ਹੋਈ ਕਾਨਫ਼ਰੰਸ ਸਮੇਂ ਮਾਸਟਰ ਜੀ ਨੇ ਸਿੱਖਾਂ ਦੀ ਪ੍ਰਤਿਨਿਧਤਾ ਕੀਤੀ ਅਤੇ ਮੁਸਲਮ ਲੀਗ ਦੀ ਦੇਸ਼ ਵੰਡ ਦੀ ਮੰਗ ਦਾ ਡੱਟਵਾਂ ਵਿਰੋਧ ਕੀਤਾ ਅਤੇ ਸਿੱਖ ਸਿਧਾਂਤਾਂ, ਵਿਚਾਰਧਾਰਾ ਤੇ ਹਿੱਤਾਂ ਲਈ ਖ਼ੂਬ ਲੜੇ।

9 ਜੂਨ, 1930; 21 ਫ਼ਰਵਰੀ 1931; 9 ਅਪ੍ਰੈਲ 1944 ਨੂੰ ਮਾਸਟਰ ਤਾਰਾ ਸਿੰਘ ਜੀ ਦੀਆਂ ਸੇਵਾਵਾਂ ਦਾ ਸਤਿਕਾਰ ਤੇ ਸਨਮਾਨ ਅੰਤ੍ਰਿੰਗ ਕਮੇਟੀ 'ਚ ਵਿਸ਼ੇਸ਼ ਗੁਰਮਤੇ ਕਰ ਕੇ ਕੀਤਾ ਗਿਆ, ਪਰ 6 ਮਾਰਚ, 1949 ਨੂੰ ਇਨ੍ਹਾਂ ਦੇ ਵਿਰੋਧ ਵਿਚ ਅੰਤ੍ਰਿੰਗ ਕਮੇਟੀ 'ਚ ਮਤਾ ਕੀਤਾ ਗਿਆ। 1944 ਈ. ਵਿਚ ਮਾਸਟਰ ਤਾਰਾ ਸਿੰਘ ਜੀ ਨੇ ਅਕਾਲ ਰੈਜਮੈਂਟ ਖੜੀ ਕੀਤੀ। ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਮਾਗਮਾਂ ਸਮੇਂ 27 ਦਸੰਬਰ, 1953 ਨੂੰ ਮਾਸਟਰ ਤਾਰਾ ਸਿੰਘ ਜੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਬੋਲਣ ਦੀ ਆਗਿਆ ਨਾ ਦੇ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ।

28 ਮਈ, 1948 ਨੂੰ ਮਾਸਟਰ ਜੀ ਦੀ ਅਗਵਾਈ 'ਚ ਪੰਜਾਬੀ ਸੂਬੇ ਦੀ ਮੰਗ ਸ਼ੁਰੂ ਕੀਤੀ ਗਈ ਅਤੇ 10 ਮਈ, 1955 ਨੂੰ ਪੰਜਾਬੀ ਸੂਬੇ ਦੇ ਨਾਹਰੇ ਦਾ ਮੋਰਚਾ ਲੱਗਾ। ਮਈ, 1955 ਈ. 'ਚ ਪੰਜਾਬੀ ਸੂਬਾ ਜ਼ਿੰਦਾਬਾਦ ਦਾ ਨਾਹਰਾ ਲਾਉਣ 'ਤੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਜਾਬੀ ਸੂਬਾ ਕਨਵੈਨਸ਼ਨ ਕਰ ਕੇ ਪੰਜਾਬੀ ਸੂਬੇ ਦੀ ਮੰਗ ਕੀਤੀ ਤੇ ਮੋਰਚਾ ਲਾਇਆ।

28 ਅਕਤੂਬਰ, 1951 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਜਨਰਲ ਸਮਾਗਮ ਸਮੇਂ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੇ ਸੰਬੰਧ ਵਿਚ ਹੇਠ ਲਿਖੇ ਅਨੁਸਾਰ ਅੱਖਰ ਅਰਦਾਸ ਵਿਚ ਸ਼ਾਮਿਲ ਕੀਤੇ ਜਾਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

> ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ। ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ। *('ਗੁਰਦੁਆਰਾ ਗਜ਼ਟ', ਪੰਨਾ 38, ਨਵੰਬਰ, 1951)*

ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 25 ਜਨਵਰੀ, 1952 ਨੂੰ ਅਕਾਲ ਤਖ਼ਤ ਸਾਹਿਬ ਦੀ ਮੋਹਰ ਹੇਠ ਜਾਰੀ ਹੋਇਆ ਕਿ ਸਰਬੱਤ ਖ਼ਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਹੁਕਮ ਹੈ

ਕਿ ਅਰਦਾਸੇ ਵਿਚ ਹੇਠਾਂ (ਉਕਤ) ਲਿਖੇ ਸ਼ਬਦ ਸ਼ਾਮਿਲ ਸਮਝੇ ਜਾਣ। (ਗੁਰਦੁਆਰਾ ਗਜ਼ਟ ਫ਼ਰਵਰੀ, 1952)

ਮਾਸਟਰ ਤਾਰਾ ਸਿੰਘ ਜੀ 16 ਨਵੰਬਰ, 1957 ਨੂੰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਚੋਣ ਸਮੇਂ 3 ਵੋਟਾਂ ਨਾਲ ਪ੍ਰੇਮ ਸਿੰਘ ਲਾਲਪੁਰਾ ਤੋਂ ਚੋਣ ਹਾਰ ਗਏ, ਪਰ 7 ਮਾਰਚ, 1960 'ਚ ਫਿਰ ਸਰਬ-ਸੰਮਤੀ ਨਾਲ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੇ ਗਏ। ਮਾਸਟਰ ਤਾਰਾ ਸਿੰਘ ਕੁਝ ਸਮਾਂ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਮੈਂਬਰ ਵੀ ਰਹੇ। ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਬਹੁਤਾ ਸਮਾਂ ਨਾਮਜ਼ਦ ਮੈਂਬਰ ਵਜੋਂ ਕਾਰਜਸ਼ੀਲ ਰਹੇ। 29 ਨਵੰਬਰ, 1961 ਨੂੰ ਮਾਸਟਰ ਤਾਰਾ ਸਿੰਘ ਜੀ ਤੇ ਵਰਕਿੰਗ ਕਮੇਟੀ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਨਖ਼ਾਹ ਸੁਣਾਈ ਜੋ ਇਨ੍ਹਾਂ ਖਿੜੇ ਮੱਥੇ ਪ੍ਰਵਾਨ ਕੀਤੀ। 22 ਨਵੰਬਰ, 1967 ਨੂੰ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ। 12 ਫ਼ਰਵਰੀ, 1968 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਸਮੇਂ ਮਾਸਟਰ ਤਾਰਾ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਸ਼ੋਕ-ਮਤਾ ਕੀਤਾ ਗਿਆ।

ਸਿੱਖ ਕੌਮ ਦੀ ਵਿਲੱਖਣ ਹੋਂਦ ਹਸਤੀ ਤੇ ਪਹਿਚਾਣ ਲਈ ਮਾਸਟਰ ਜੀ ਜੀਵਨ ਭਰ ਸੰਘਰਸ਼ਸ਼ੀਲ ਰਹੇ। ਸਿੱਖ ਧਾਰਮਿਕ, ਸਮਾਜਿਕ, ਰਾਜਸੀ ਤੇ ਆਰਥਿਕ ਮਸਲਿਆਂ ਨੂੰ ਸੁਲਝਾਉਣ ਵਾਸਤੇ ਜੋ ਸ਼ਕਤੀ ਤੇ ਸਮਰੱਥਾ ਅਕਾਲ ਪੁਰਖ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਬਖ਼ਸ਼ੀ ਸੀ, ਉਸ ਦਾ ਕੋਈ ਮੁਕਾਬਲਾ ਨਹੀਂ। ਅੱਜ ਵੀ ਮਾਸਟਰ ਤਾਰਾ ਸਿੰਘ ਜੀ ਦਾ ਨਾਂ ਸਿੱਖ ਧਰਮ, ਸਮਾਜ 'ਚ ਬੜੇ ਅਦਬ-ਸਤਿਕਾਰ ਨਾਲ ਲਿਆ ਜਾਂਦਾ ਹੈ। ਇਕ ਉਦਾਹਰਣ ਦੇਣੀ ਯੋਗ ਹੋਵੇਗੀ, ਗੁਰਪੁਰਵਾਸੀ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਹਮੇਸ਼ਾ ਮਾਸਟਰ ਜੀ ਦਾ ਨਾਂ ਸ੍ਰੀਮਾਨ ਪੰਥ ਰਤਨ, ਮਾਸਟਰ ਤਾਰਾ ਸਿੰਘ ਜੀ ਕਰਕੇ ਲਿਆ ਕਰਦੇ ਸਨ। ਮਾਸਟਰ ਜੀ ਦੇ ਸਤਿਕਾਰ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਜਨਰਲ ਚੋਣ ਸਮੇਂ ਜਦ ਬੀਬੀ ਕਿਰਨਜੋਤ ਕੌਰ ਦਾ ਨਾਂ ਜਰਨਲ ਸਕੱਤਰ ਵਜੋਂ ਪੇਸ਼ ਹੋਇਆ ਤਾਂ ਟੌਹੜਾ ਸਾਹਿਬ ਨੇ ਕਿਹਾ ਸੀ, ਕਿਉਂਕਿ ਬੀਬਾ ਕਿਰਨਜੋਤ ਕੌਰ ਸ੍ਰੀਮਾਨ ਪੰਥ ਰਤਨ, ਮਾਸਟਰ ਤਾਰਾ ਸਿੰਘ ਜੀ ਦੀ ਦੋਹਤਰੀ ਹੈ, ਇਸ ਲਈ ਅਸੀਂ ਇਸ ਦੇ ਵਿਰੋਧ ਵਿਚ ਉਮੀਦਵਾਰ ਖੜਾ ਨਹੀਂ ਕਰਾਂਗੇ। ਅਸੀਂ ਵੀ ਇਸ ਨਾਂ ਦੀ ਹਮਾਇਤ ਕਰਦੇ ਹਾਂ। ਜਿਸ ਸਦਕਾ ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਚੋਣ ਸਰਬ-ਸੰਮਤੀ ਨਾਲ ਬੀਬਾ ਕਿਰਨਜੋਤ ਕੌਰ ਚੁਣੇ ਗਏ ਜੋ ਹੁਣ ਤੀਕ ਇਕ ਚੇਤੰਨ ਮੈਂਬਰ ਵਜੋਂ ਕਾਰਜਸ਼ੀਲ ਹਨ। ਮਾਸਟਰ ਤਾਰਾ ਸਿੰਘ ਜੀ ਦੀ ਯਾਦ 'ਚ ਉਨ੍ਹਾਂ ਦੇ ਨਾਂ 'ਤੇ ਸਕੂਲ, ਕਾਲਜ, ਹਸਪਤਾਲ ਤੇ ਲਾਇਬਰੇਰੀਆਂ ਸਥਾਪਤ ਹਨ। ਭਾਰਤ ਦੀ ਪਾਰਲੀਮੈਂਟ ਦੇ ਵਿਹੜੇ ਵਿਚ ਉਨ੍ਹਾਂ ਦਾ ਆਦਮ ਕੱਦ ਬੁੱਤ ਵੀ ਸਥਾਪਤ ਕੀਤਾ ਗਿਆ ਹੈ। ਪੰਜਾਬੀ ਸੂਬੇ ਦੀ ਪ੍ਰਾਪਤੀ ਵਾਸਤੇ ਉਨ੍ਹਾਂ ਲੰਮਾ ਸਮਾਂ ਭੁੱਖ ਹੜਤਾਲ ਵੀ ਕੀਤੀ। ਮਾਂ-ਬੋਲੀ ਪੰਜਾਬੀ ਦੀ ਸੇਵਾ 'ਚ ਵੀ ਮਾਸਟਰ ਤਾਰਾ ਸਿੰਘ ਜੀ ਨੇ ਚੋਖਾ ਹਿੱਸਾ

ਪਾਇਆ। ਮਾਸਟਰ ਜੀ ਆਪਣੇ ਸਮੇਂ ਦੇ ਉੱਘੇ ਸਾਹਿਤਕਾਰ ਤੇ ਪੱਤਰਕਾਰ ਸਨ। ਸਾਹਿਤਕਾਰ ਵਜੋਂ ਉਨ੍ਹਾਂ ਨੇ ਦੋ ਨਾਵਲ, ਤਿੰਨ ਲੇਖ ਸੰਗ੍ਰਹਿ, ਸਫ਼ਰਨਾਮਾ, ਸਵੈ-ਜੀਵਨੀ ਆਦਿ ਪੁਸਤਕਾਂ ਲਿਖੀਆਂ। ਪੱਤਰਕਾਰ ਵਜੋਂ *ਸੱਚ ਦਾ ਢੰਡੋਰਾ, ਅਕਾਲੀ ਤੇ ਪ੍ਰਦੇਸੀ, ਜਥੇਦਾਰ* ਆਦਿ ਹਫ਼ਤਾਵਾਰੀ ਅਖ਼ਬਾਰਾਂ ਸ਼ੁਰੂ ਕੀਤੀਆਂ। 1949 ਈ. ਵਿਚ ਮਾਸਟਰ ਜੀ ਨੇ ਪੰਥਕ ਮੈਗਜ਼ੀਨ *ਸੰਤ ਸਿਪਾਹੀ* ਸ਼ੁਰੂ ਕੀਤੀ ਜੋ ਨਿਰੰਤਰ ਜਾਰੀ ਹੈ। ਮਾਸਟਰ ਤਾਰਾ ਸਿੰਘ ਜੀ ਇਕ ਵਾਹਦ ਨੇਤਾ ਸਨ ਜਿਨ੍ਹਾਂ ਤੋਂ ਅੰਗਰੇਜ਼ ਹਾਕਮ, ਹਿੰਦੂ ਤੇ ਮੁਸਲਮ ਨੇਤਾ ਭੈਅ ਖਾਂਦੇ ਸਨ। ਧਰਮ ਤੇ ਰਾਜਨੀਤੀ 'ਚ ਉਨ੍ਹਾਂ ਨੇ ਸੁਆਰਥ ਤੇ ਲਾਲਚ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਕਿਹਾ ਜਾਂਦਾ ਹੈ ਕਿ ਮਾਸਟਰ ਜੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸਮੇਂ ਪੈੱਨ ਦੀ ਸਿਆਹੀ ਵੀ ਦਫ਼ਤਰੀ ਨਹੀਂ ਸਨ ਵਰਤਦੇ, ਬਾਕੀ ਫ਼ਜ਼ੂਲ-ਖ਼ਰਚੀ ਤਾਂ ਦੂਰ ਦੀ ਗੱਲ!

•


7

ਸ. ਗੋਪਾਲ ਸਿੰਘ ਕੌਮੀ

ਅਕਾਲ ਦੇ ਪੁਜਾਰੀ ਅਕਾਲੀ, ਨਿਸ਼ਕਾਮ ਪੰਥ-ਸੇਵਕ, ਧਾਰਮਿਕ, ਸਮਾਜਿਕ, ਰਾਜਸੀ ਕਦਰਾਂ-ਕੀਮਤਾਂ ਦੇ ਪਹਿਰੇਦਾਰ, ਸ. ਗੋਪਾਲ ਸਿੰਘ ਕੌਮੀ ਦਾ ਜਨਮ ਭਾਈ ਹੇਮ ਸਿੰਘ ਦੇ ਘਰ 1897 ਈ. ਨੂੰ ਪਿੰਡ ਗੜ੍ਹ ਫ਼ਤਹਿਸ਼ਾਹ ਲਾਇਲਪੁਰ ਵਿਖੇ ਹੋਇਆ। ਅੱਖਰ-ਗਿਆਨ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ, ਖ਼ਾਲਸਾ ਹਾਈ ਸਕੂਲ, ਲਾਇਲਪੁਰ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਦਾਖ਼ਲ ਹੋ ਗਏ। ਖ਼ਾਲਸਾ ਕਾਲਜ ਉਸ ਸਮੇਂ ਅੰਗਰੇਜ਼-ਭਗਤਾਂ ਦੇ ਹੀ ਅਧੀਨ ਸੀ ਜਿਸ ਕਰਕੇ ਇਨ੍ਹਾਂ ਨੇ ਖ਼ਾਲਸਾ ਕਾਲਜ ਛੱਡ, ਨੈਸ਼ਨਲ ਕਾਲਜ, ਲਾਹੌਰ ਤੋਂ 1921 ਈ. 'ਚ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਸਮੇਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਪੂਰੇ ਜੋਸ਼ ਨਾਲ ਚੱਲ ਰਹੀ ਸੀ। ਇਨ੍ਹਾਂ ਦਾ ਮਿਲਾਪ ਉੱਘੇ ਸਿੱਖ ਨੇਤਾ ਸ. ਤੇਜਾ ਸਿੰਘ ਜੀ ਸਮੁੰਦਰੀ ਨਾਲ ਹੋਇਆ। ਬਸ ਫਿਰ ਕੀ ਸੀ, ਤਨ-ਮਨ ਤੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਕੁੱਦ ਪਏ। 15 ਨਵੰਬਰ, 1920 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਿਰਜਣਾ ਸਮੇਂ ਇਨ੍ਹਾਂ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ। 13 ਅਕਤੂਬਰ, 1923 ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਤੇ ਸਤੰਬਰ, 1926 ਤੀਕ ਜੇਲ੍ਹ 'ਚ ਬੰਦ ਰਹੇ।

ਗੁਰਦੁਆਰਾ ਨਨਕਾਣਾ ਸਾਹਿਬ ਦੇ ਸਾਕੇ ਤੇ ਗੁਰੂ ਕੇ ਬਾਗ਼ ਦੇ ਮੋਰਚੇ 'ਚ ਕੌਮੀ ਜੀ ਨੇ ਅੱਗੇ ਹੋ ਕੇ ਹਿੱਸਾ ਲਿਆ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਇਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਤੇ ਦੋ ਹਜ਼ਾਰ ਰੁਪਏ ਨਗਦ ਜੁਰਮਾਨੇ ਦੀ ਸਜ਼ਾ ਸੁਣਾਈ ਗਈ। 1926 ਈ. ਵਿਚ ਸ. ਗੋਪਾਲ ਸਿੰਘ ਕੌਮੀ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਇਨ੍ਹਾਂ ਨੂੰ ਦੋ ਸਾਲ ਦੀ ਸਜ਼ਾ ਤੇ ਇਕ ਹਜ਼ਾਰ ਰੁਪਏ ਨਕਦ ਜੁਰਮਾਨਾ ਭਰਨ ਦੀ ਸਜ਼ਾ ਦਿੱਤੀ ਗਈ। ਜੇਲ੍ਹ ਵਿਚ ਲੰਮਾ ਸਮਾਂ ਕੈਦ ਰਹਿਣ ਕਾਰਨ ਕੁਝ ਅਕਾਲੀ ਆਗੂ ਮਜਬੂਰ ਹੋ ਗਏ ਸਨ। ਇਨ੍ਹਾਂ ਆਗੂਆਂ ਨੂੰ ਇਹ ਵੀ ਫ਼ਿਕਰ ਸੀ ਕਿ ਇਹ ਕੈਦ, ਆਉਣ ਵਾਲੇ ਸਮੇਂ ਕਿਸੇ ਨੂੰ ਜੱਜ, ਸੁਪ੍ਰਿੰਟੈਂਡੈਂਟ, ਇੰਸਪੈਕਟਰ ਆਦਿ ਬਣਨ ਵਿਚ ਰੁਕਾਵਟ ਹੋ ਸਕਦੀ ਸੀ। ਇਨ੍ਹਾਂ ਹਾਲਾਤਾਂ ਨੂੰ ਵੇਖ ਕੇ ਹੀ ਸ. ਗੋਪਾਲ ਸਿੰਘ ਕੌਮੀ ਨੇ ਵਿਅੰਗ 'ਚ ਇਹ ਟੱਪਾ ਗਾਉਣਾ ਸ਼ੁਰੂ ਕਰ ਦਿੱਤਾ ਸੀ :

ਕੀ ਖੱਟਿਆ ਕਮੇਟੀ ਵਿਚ ਆ ਕੇ ਜ਼ਿੰਦਗੀ ਨੂੰ ਰੋਗ ਲਾ ਲਿਆ ! ਮੇਰੀ ਤੌਬਾ !!



ਸ. ਗੋਪਾਲ ਸਿੰਘ ਕੌਮੀ

ਕਿਲ੍ਹੇ ਵਿਚ ਕੈਦ ਆਗੂ ਸਿੱਖ ਗੁਰਦੁਆਰਾ ਕਾਨੂੰਨ 1925 ਦੇ ਮਸਲੇ 'ਤੇ ਦੋ ਧੜਿਆਂ 'ਚ ਵੰਡੇ ਗਏ। ਸਿੱਖ ਗੁਰਦੁਆਰਾ ਕਾਨੂੰਨ ਸਭ ਨੂੰ ਪ੍ਰਵਾਨ ਸੀ ਪਰ ਸ਼ਰਤਾਂ ਸਹਿਤ ਰਿਹਾਈ ਸਾਰਿਆਂ ਨੂੰ ਪ੍ਰਵਾਨ ਨਹੀਂ ਸੀ। ਸ. ਗੋਪਾਲ ਸਿੰਘ ਕੌਮੀ ਨੇ ਸ਼ਰਤਾਂ ਨੂੰ ਮੰਨ ਕੇ ਰਿਹਾਈ ਨੂੰ ਅਪ੍ਰਵਾਨ ਕਰ ਦਿੱਤਾ।

ਬੱਬਰ ਅਕਾਲੀ ਲਹਿਰ ਨੂੰ ਦਬਾਉਣ ਵਾਸਤੇ ਸਰਕਾਰ ਨੇ ਹੁਸ਼ਿਆਰਪੁਰ ਤੇ ਜਲੰਧਰ ਜ਼ਿਲ੍ਹਿਆਂ ਵਿਚ ਬਹੁਤ ਸਖ਼ਤੀ ਵਰਤੀ। ਬੱਬਰ ਅਕਾਲੀ ਲਹਿਰ ਸਮੇਂ ਸ. ਗੋਪਾਲ ਸਿੰਘ ਕੌਮੀ ਪਹਿਲੀ ਵਾਰ ਬਿਲਗਾ ਪਿੰਡ ਤੋਂ ਗ੍ਰਿਫ਼ਤਾਰ ਕੀਤੇ ਗਏ। ਬੱਬਰ ਅਕਾਲੀਆਂ 'ਤੇ ਹੋਏ ਤਸ਼ੱਦਦ ਦੀ ਪੜਤਾਲ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਪੜਤਾਲੀਆ ਕਮੇਟੀ ਬਣਾਈ, ਜਿਸ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਸ਼੍ਰੋਮਣੀ ਕਮੇਟੀ ਨੇ ਸਰਕਾਰ ਦੀ ਇਸ ਧੱਕੇਸ਼ਾਹੀ ਦਾ ਡੱਟਵਾਂ ਵਿਰੋਧ ਕੀਤਾ ਅਤੇ ਐਲਾਨ ਕੀਤਾ ਕਿ ਦੁਆਬੇ 'ਚ ਹੋਏ ਸਰਕਾਰੀ ਜ਼ੁਲਮੋਂ-ਤਸ਼ੱਦਦ ਦੀ ਪੜਤਾਲ ਜ਼ਰੂਰ ਕਰੇਗੀ। ਪੜਤਾਲ ਕਰਨ ਲਈ ਸ. ਸਰਮੁਖ ਸਿੰਘ ਝਬਾਲ, ਸ. ਗੋਪਾਲ ਸਿੰਘ ਕੌਮੀ, ਸ. ਗੁਰਚਰਨ ਸਿੰਘ ਵਕੀਲ, ਸ. ਭਾਗ ਸਿੰਘ ਕਨੇਡੀਅਨ ਅਤੇ ਸ. ਰਾਮ ਸਿੰਘ ਆਧਾਰਿਤ ਪੰਜ ਮੈਂਬਰੀ ਸਬ-ਕਮੇਟੀ ਨਿਯੁਕਤ ਹੋਈ। ਲੋਕ ਏਨੇ ਡਰੇ ਹੋਏ ਸਨ ਕਿ ਪੜਤਾਲੀਆ ਕਮੇਟੀ ਪਾਸ ਵੀ ਨਹੀਂ ਸਨ ਆਉਂਦੇ ਅਤੇ ਅਜੇ ਪੜਤਾਲ ਕਾਰਜ ਅਧੂਰਾ ਹੀ ਸੀ ਕਿ ਪੁਲਿਸ ਨੇ ਇਸ ਸਬ-ਕਮੇਟੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

'ਸਾਈਮਨ ਕਮਿਸ਼ਨ ਗੋ ਬੈਕ' ਦੇ ਸੰਗਰਾਮ ਸਮੇਂ ਸ. ਗੋਪਾਲ ਸਿੰਘ ਕੌਮੀ ਨੇ ਲਾਲਾ ਲਾਜਪਤ ਰਾਏ ਨਾਲ ਲਾਠੀਆਂ ਖਾਧੀਆਂ ਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੀਆਂ ਵਾਲੀ ਜੇਲ੍ਹ 'ਚ ਬੰਦ ਕਰ ਦਿੱਤਾ। ਇਸ ਜੇਲ੍ਹ ਯਾਤਰਾ ਸਮੇਂ ਇਨ੍ਹਾਂ ਦਾ ਮੇਲ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨਾਲ ਹੋਇਆ। ਅੰਗਰੇਜ਼ ਸਰਕਾਰ ਦੀ ਧੱਕੇਸ਼ਾਹੀ ਦੇ ਵਿਰੁੱਧ ਇਨ੍ਹਾਂ ਨੇ ਜੇਲ੍ਹ ਅੰਦਰ 64 ਦਿਨ ਲਗਾਤਾਰ ਭੁੱਖ ਹੜਤਾਲ ਕੀਤੀ।

1933 ਈ. ਨੂੰ ਸ਼੍ਰੋਮਣੀ ਕਮੇਟੀ ਦੀ ਹੋਈ ਜਨਰਲ ਚੋਣ ਸਮੇਂ ਸ. ਗੋਪਾਲ ਸਿੰਘ ਕੌਮੀ, ਟਾਂਡਿਆਂ ਵਾਲਾ, ਜ਼ਿਲ੍ਹਾ ਲਾਇਲਪੁਰ ਤੋਂ ਮੈਂਬਰ ਚੁਣੇ ਗਏ। 8 ਅਪ੍ਰੈਲ, 1933 ਨੂੰ ਗੁਰਦੁਆਰਾ ਐਕਟ ਅਨੁਸਾਰ ਹੋਈ ਪਹਿਲੀ ਜਨਰਲ ਇਕੱਤ੍ਰਤਾ ਸਮੇਂ ਸ. ਗੋਪਾਲ ਸਿੰਘ ਕੌਮੀ ਹਾਜ਼ਰ ਸਨ। ਇਸ ਇਕੱਤ੍ਰਤਾ ਦੇ ਚੇਅਰਮੈਨ ਦੀ ਚੋਣ ਸਮੇਂ ਸ. ਗੋਪਾਲ ਸਿੰਘ ਕੌਮੀ ਨੇ ਸ. ਮੰਗਲ ਸਿੰਘ ਦਾ ਨਾਮ ਪੇਸ਼ ਕੀਤਾ, ਜੋ ਮੀਟਿੰਗ 'ਚ ਸਾਰੇ ਮੈਂਬਰਾਂ ਨੇ ਪ੍ਰਵਾਨ ਕਰ ਲਿਆ। 17 ਜੂਨ, 1933 ਨੂੰ 12 ਵਜੇ ਗੁਰਦੁਆਰਾ ਕਾਨੂੰਨ ਅਨੁਸਾਰ ਪੰਜਾਬ ਸਰਕਾਰ ਦੇ ਸੱਦੇ 'ਤੇ ਟਾਊਨ ਹਾਲ, ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤ੍ਰਤਾ ਹੋਈ, ਜਿਸ ਵਿਚ 142 ਮੈਂਬਰ ਹਾਜ਼ਰ ਸਨ। ਇਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਦਾ ਮਤਾ ਪੇਸ਼ ਹੋਇਆ। ਗਿਆਨੀ ਸ਼ੇਰ ਸਿੰਘ ਦੀ ਤਜਵੀਜ਼ 'ਤੇ ਸ. ਅਮਰ ਸਿੰਘ ਜੀ ਸ਼ੇਰਿ-ਪੰਜਾਬ ਦੀ ਤਾਈਦ 'ਤੇ ਪ੍ਰਧਾਨ ਦੇ ਅਹੁਦੇ ਲਈ ਬਾਬਾ ਖੜਕ ਸਿੰਘ ਦਾ ਨਾਂ ਪੇਸ਼ ਹੋਇਆ, ਜਿਸ 'ਤੇ ਕੁਝ ਮੈਂਬਰਾਂ ਨੇ ਇਤਰਾਜ਼ ਕੀਤਾ। ਫਿਰ ਮਾਸਟਰ ਤਾਰਾ ਸਿੰਘ ਜੀ ਦੀ ਤਜਵੀਜ਼ 'ਤੇ ਸ. ਨਰਿੰਜਣ ਸਿੰਘ ਦੀ ਤਾਈਦ 'ਤੇ ਸ. ਗੋਪਾਲ ਸਿੰਘ (ਕੌਮੀ) ਬੀ.ਏ. ਦਾ ਨਾਂ ਪੇਸ਼ ਹੋਇਆ, ਜਿਸਦਾ ਕਿਸੇ

ਮੈਂਬਰ, ਸ਼੍ਰੋਮਣੀ ਕਮੇਟੀ ਵਲੋਂ ਵੀ ਵਿਰੋਧ ਨਾ ਹੋਣ ਕਰਕੇ ਕੌਮੀ ਸਾਹਿਬ, ਸ਼੍ਰੋਮਣੀ ਕਮੇਟੀ ਦੇ ਸਰਬ-ਸੰਮਤੀ ਨਾਲ ਪ੍ਰਧਾਨ ਚੁਣੇ ਗਏ। ਇਸ ਤਰ੍ਹਾਂ ਸ. ਗੋਪਾਲ ਸਿੰਘ ਕੌਮੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਸ਼ੋਭਨੀਕ ਹੋ ਗਏ ਤੇ ਉਨ੍ਹਾਂ ਮੀਤ ਪ੍ਰਧਾਨ ਦੇ ਨਾਂ ਦੀ ਤਜਵੀਜ਼ ਮੰਗੀ, ਜਿਸ 'ਤੇ ਜਥੇਦਾਰ ਤੇਜਾ ਸਿੰਘ ਅਕਰਪੁਰੀ ਮੀਤ ਪ੍ਰਧਾਨ ਚੁਣੇ ਗਏ। ਇਸ ਤੋਂ ਉਪਰੰਤ 10 ਮੈਂਬਰੀ ਅੰਤ੍ਰਿੰਗ ਕਮੇਟੀ ਚੁਣੀ ਗਈ, ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਦਾ ਨਾਂ ਵੀ ਸ਼ਾਮਿਲ ਸੀ। ਇਸ ਤੋਂ ਬਾਅਦ ਇਹ ਇਕੱਤ੍ਰਤਾ ਸਰਬ-ਸੰਮਤੀ ਨਾਲ ਅਗਲੇ ਦਿਨ ਦੁਪਹਿਰ 11 ਵਜੇ ਤੀਕ ਮੁਲਤਵੀ ਕਰ ਦਿੱਤੀ ਗਈ।

18 ਜੂਨ, 1933 ਨੂੰ ਮਿੱਥੇ ਸਮੇਂ ਅਤੇ ਸਥਾਨ 'ਤੇ ਜਨਰਲ ਇਕੱਤ੍ਰਤਾ ਸ. ਗੋਪਾਲ ਸਿੰਘ ਕੌਮੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਆਰੰਭ ਹੋਈ, ਜਿਸ ਵਿਚ 135 ਮੈਂਬਰ ਹਾਜ਼ਰ ਸਨ। ਪ੍ਰਧਾਨ ਸਾਹਿਬ ਦੀ ਆਗਿਆ 'ਤੇ ਗੁਰਦੁਆਰਾ ਐਕਟ ਅਨੁਸਾਰ ਲੋਕਲ ਕਮੇਟੀਆਂ, ਗੁਰਦੁਆਰਾ ਕਮੇਟੀ ਤਰਨ ਤਾਰਨ ਸਾਹਿਬ, ਗੁਰਦੁਆਰਾ ਕਮੇਟੀ ਮੁਕਤਸਾਰ ਸਾਹਿਬ, ਗੁਰਦੁਆਰਾ ਕਮੇਟੀ ਅਨੰਦਪੁਰ ਸਾਹਿਬ, ਗੁਰਦੁਆਰਾ ਕਮੇਟੀ ਪੰਜਾ ਸਾਹਿਬ, ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ, ਗੁਰਦੁਆਰਾ ਕਮੇਟੀ ਲਾਹੌਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਚੋਣ ਕੀਤੀ ਗਈ।

ਇਸ ਕਾਰਵਾਈ ਤੋਂ ਬਾਅਦ ਗਿਆਨੀ ਕਰਤਾਰ ਸਿੰਘ ਲਾਇਲਪੁਰੀ ਨੇ ਅੰਤ੍ਰਿੰਗ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਫਿਰ ਸ. ਗੋਪਾਲ ਸਿੰਘ ਕੌਮੀ ਨੇ ਵੀ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇ ਦਿੱਤਾ ਤੇ ਉਨ੍ਹਾਂ ਦੀ ਥਾਂ ਜਮਾਦਾਰ ਪ੍ਰਤਾਪ ਸਿੰਘ ਸ਼ੰਕਰ ਪ੍ਰਧਾਨ ਸ਼੍ਰੋਮਣੀ ਕਮੇਟੀ ਚੁਣੇ ਗਏ। ਇਸ ਤਰ੍ਹਾਂ ਹੁਣ ਤੀਕ ਦੇ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਦੇ ਸਭ ਤੋਂ ਘੱਟ ਸਮੇਂ ਭਾਵ ਕੇਵਲ 23-24 ਘੰਟੇ ਦੇ ਸਮੇਂ ਤਕ ਸ. ਗੋਪਾਲ ਸਿੰਘ ਕੌਮੀ ਪ੍ਰਧਾਨ ਦੇ ਪਦ 'ਤੇ ਸ਼ੋਭਨੀਕ ਰਹੇ। ਇਨ੍ਹਾਂ ਦੇ ਅਸਤੀਫ਼ਾ ਦੇਣ ਦੇ ਕਾਰਨਾਂ ਦਾ ਕਿਤਿਓਂ ਵੀ ਪਤਾ ਨਹੀਂ ਲੱਗ ਸਕਿਆ।

29 ਅਕਤੂਬਰ, 1933 ਨੂੰ ਹੋਈ ਜਨਰਲ ਇਕੱਤ੍ਰਤਾ ਸਮੇਂ ਸ. ਗੋਪਾਲ ਸਿੰਘ ਕੌਮੀ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਨਾਮਜ਼ਦ ਹੋਏ। 10 ਅਗਸਤ, 1934 ਨੂੰ ਸ. ਜਗਤ ਸਿੰਘ ਵਾਸੂ ਦੀ ਤਜਵੀਜ਼ 'ਤੇ ਸ. ਗੋਪਾਲ ਸਿੰਘ ਕੌਮੀ ਦੀ ਤਾਈਦ ਨਾਲ ਮਹੱਤਵਪੂਰਨ ਗੁਰਮਤਾ ਪਾਸ ਹੋਇਆ ਕਿ ਸ਼੍ਰੋਮਣੀ ਕਮੇਟੀ ਦੀ ਇਕ ਇਕੱਤ੍ਰਤਾ ਦੇ ਖ਼ਿਆਲ ਵਿਚ ਕਿਸੇ ਇਕ ਆਦਮੀ ਨੂੰ ਸਮੁੱਚੇ ਪੰਥ ਦਾ ਡਿਕਟੇਟਰ ਮੰਨਣਾ ਗੁਰਮਤਿ ਦੇ ਅਸੂਲਾਂ, ਪੰਥਕ ਰਵਾਇਤਾਂ ਤੇ ਪੰਚਾਇਤੀ ਰਿਵਾਜ ਦੇ ਖ਼ਿਲਾਫ਼ ਹੈ ਅਤੇ ਅਜਿਹਾ ਕਰਨਾ ਜਿਸ ਤਰ੍ਹਾਂ ਕੱਲ੍ਹ ਇਕ ਸੱਜਣ ਸ. ਖੜਕ ਸਿੰਘ ਜੀ ਸੰਬੰਧੀ ਡਿਕਟੇਟਰ ਹੋਣ ਦਾ ਐਲਾਨ ਕਰ ਰਹੇ ਸਨ, ਸਿੱਖੀ ਦੀ ਸ਼ਾਨ ਦੇ ਵਿਰੁੱਧ ਹੈ।

ਸ. ਗੋਪਾਲ ਸਿੰਘ ਕੌਮੀ ਨੇ ਇਸ ਮੀਟਿੰਗ ਸਮੇਂ ਇਹ ਵੀ ਸਪੱਸ਼ਟ ਕੀਤਾ ਕਿ ਜਿਸ ਮਸਲੇ ਬਾਬਤ ਰੂਲਿੰਗ ਹੋ ਚੁੱਕੀ ਹੈ, ਉਸ ਬਾਬਤ ਮੁੜ ਵਿਚਾਰ ਨਹੀਂ ਹੋ ਸਕਦੀ। ਇਨ੍ਹਾਂ ਦੀ ਤਜਵੀਜ਼ 'ਤੇ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਭੁਚਾਲ ਕਾਰਨ ਪੁੱਜੇ ਨੁਕਸਾਨ ਬਾਰੇ ਸਹਾਇਤਾ ਲਈ ਮਤਾ ਕੀਤਾ ਗਿਆ। 21 ਅਕਤੂਬਰ, 1934 ਨੂੰ ਸ. ਗੋਪਾਲ ਸਿੰਘ ਕੌਮੀ ਫਿਰ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ।

1942 ਈ. 'ਭਾਰਤ ਛੱਡੋ ਅੰਦੋਲਨ' ਸਮੇਂ ਕੌਮੀ ਜੀ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ, ਇਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਸੁਣਾਈ ਗਈ ਜੋ ਇਨ੍ਹਾਂ ਮੀਆਂਵਾਲੀ, ਮੁਲਤਾਨ, ਅੰਬਾਲਾ ਤੇ ਸਿਆਲਕੋਟ ਜੇਲ੍ਹ ਵਿਚ ਕੱਟੀ। ਕੁਲ ਮਿਲਾ ਕੇ ਲਗਭਗ 13 ਸਾਲ ਇਨ੍ਹਾਂ ਆਪਣੇ ਜੀਵਨ ਦਾ ਕੀਮਤੀ ਸਮਾਂ ਜੇਲ੍ਹ 'ਚ ਬਿਤਾਇਆ ਪਰ ਕਦੇ ਵੀ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ, ਹਮੇਸ਼ਾ ਸੱਚ ਤੇ ਸਿਧਾਂਤ ਦਾ ਸਾਥ ਦਿੱਤਾ। ਸਰਦਾਰ ਸਾਹਿਬ ਸਾਰੀ ਉਮਰ ਜਬਰ-ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਲੜਦੇ ਰਹੇ, ਪਹਿਲਾਂ ਮਹੰਤਾਂ-ਪੁਜਾਰੀਆਂ ਦੀ ਗੁੰਡਾਗਰਦੀ ਤੇ ਫਿਰ ਅੰਗਰੇਜ਼ ਸਾਮਰਾਜ ਦੀ ਤਾਨਾਸ਼ਾਹੀ ਵਿਰੁੱਧ। ਧਾਰਮਿਕ, ਰਾਜਸੀ ਕਦਰਾਂ-ਕੀਮਤਾਂ ਦੀ ਬਹਾਲੀ ਲਈ ਹਮੇਸ਼ਾ ਸੰਘਰਸ਼ਸ਼ੀਲ ਰਹੇ ਕੌਮੀ ਜੀ ਦੀ ਧਰਮ ਪਤਨੀ ਬੀਬੀ ਸਤਵੰਤ ਕੌਰ ਇਨ੍ਹਾਂ ਦੀ ਜੇਲ੍ਹ ਯਾਤਰਾ ਦੌਰਾਨ ਹੀ ਅਕਾਲ ਚਲਾਣਾ ਕਰ ਗਈ। ਸ. ਗੋਪਾਲ ਸਿੰਘ ਕੌਮੀ ਕਲਮ ਦੇ ਧਨੀ ਸਨ। ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਕੌਮੀ ਜੀ ਨੇ *ਅਜ਼ਾਦ ਅਕਾਲੀ* ਅਖ਼ਬਾਰ ਸ਼ੁਰੂ ਕੀਤਾ ਪਰ ਅੰਗਰੇਜ਼ ਸਰਕਾਰ ਨੇ ਕੁਝ ਸਮੇਂ ਬਾਅਦ ਹੀ ਇਸ 'ਤੇ ਪਾਬੰਦੀ ਲਗਾ ਦਿੱਤੀ। ਇਨ੍ਹਾਂ ਇਕ ਟਰੈਕਟ ਕਮਿਊਨਿਜ਼ਮ, ਰਿਲੀਜਨ ਐਂਡ ਸਿਵਲ ਲਿਬਰਟੀ, ਕੁੰਦਨ ਏਜੰਸੀ ਲਾਹੌਰ ਤੋਂ 1942 'ਚ (24 ਪੇਜ) ਪ੍ਰਕਾਸ਼ਿਤ ਕਰਵਾਇਆ।

ਸਾਈਮਨ ਕਮਿਸ਼ਨ ਦੇ ਭਾਰਤ ਆਉਣ ਸਮੇਂ ਸ. ਗੋਪਾਲ ਸਿੰਘ ਕੌਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ। ਹਰੇਕ ਕੌਮੀ ਧਾਰਮਿਕ, ਸਮਾਜਿਕ ਤੇ ਰਾਜਸੀ ਸੰਘਰਸ਼ ਸਮੇਂ ਸ. ਗੋਪਾਲ ਸਿੰਘ ਕੌਮੀ ਨੇ ਅਹਿਮ ਹਿੱਸਾ ਪਾਇਆ। 1947 ਈ. 'ਚ ਇਨ੍ਹਾਂ ਨੇ ਅਕਾਲੀ ਦਲ ਤੋਂ ਕਿਨਾਰਾ ਕਰ ਲਿਆ ਅਤੇ ਕਾਂਗਰਸ ਪਾਰਟੀ ਦੇ ਮੈਂਬਰ ਬਣ ਗਏ। ਪੰਡਿਤ ਨਹਿਰੂ ਨੇ ਇਨ੍ਹਾਂ ਨੂੰ ਮੁੜ ਵਸੇਬਾ ਕਮੇਟੀ ਦਾ ਮੁਖੀ ਬਣਾਇਆ। ਨਵੀਂ ਚੁਣੀ ਸ਼੍ਰੋਮਣੀ ਕਮੇਟੀ ਦੀ ਪਹਿਲੀ ਜਨਰਲ ਇਕੱਤ੍ਰਤਾ 7 ਫ਼ਰਵਰੀ, 1955 ਨੂੰ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ ਸ. ਗੋਪਾਲ ਸਿੰਘ ਕੌਮੀ ਦਿੱਲੀ ਤੋਂ ਮੈਂਬਰ ਨਾਮਜ਼ਦ ਕੀਤੇ ਗਏ। ਇਸ ਦਿਨ ਹੀ ਇਹ ਅੰਤ੍ਰਿੰਗ ਕਮੇਟੀ ਦੇ ਮੈਂਬਰ ਵੀ ਚੁਣੇ ਗਏ। 7 ਮਾਰਚ, 1960 ਤੇ 29 ਨਵੰਬਰ, 1963 ਨੂੰ ਹੋਏ ਜਨਰਲ ਸਮਾਗਮਾਂ ਸਮੇਂ ਵੀ ਸ. ਗੋਪਾਲ ਸਿੰਘ ਕੌਮੀ ਸ਼੍ਰੋਮਣੀ ਕਮੇਟੀ ਦੇ ਨਾਮਜ਼ਦ ਮੈਂਬਰ ਵਜੋਂ ਹਾਜ਼ਰ ਹੋਏ। ਕੌਮੀ ਜੀ ਕਾਂਗਰਸ ਦੀ ਨੀਤੀ ਨਾਲ ਸਹਿਮਤ ਨਾ ਰਹਿ ਸਕੇ ਤੇ 1962 ਈ. 'ਚ ਮੁੜ ਅਕਾਲੀ ਦਲ 'ਚ ਸ਼ਾਮਿਲ ਹੋ ਗਏ। ਪੰਜਾਬ ਵਿਧਾਨ ਸਭਾ ਦੀ ਚੋਣ ਸਮੇਂ ਇਹ ਜਲੰਧਰ ਛਾਉਣੀ ਹਲਕੇ ਤੋਂ ਐਮ.ਐਲ.ਏ. ਵੀ ਚੁਣੇ ਗਏ।

1965 ਈ. ਵਿਚ ਕੌਮੀ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੁਝ ਭਾਗ ਹਿੰਦੀ 'ਚ ਅਨੁਵਾਦ ਕਰ ਕੇ ਆਪਣੀ ਕੌਮੀ ਪ੍ਰੈਸ, ਜਲੰਧਰ ਤੋਂ ਪ੍ਰਕਾਸ਼ਿਤ ਕਰਵਾਏ। ਬੋਲਾਂ 'ਚ ਬੇਬਾਕ, ਕਲਮ ਦੇ ਧਨੀ ਸ. ਗੋਪਾਲ ਸਿੰਘ ਕੌਮੀ ਨੂੰ ਦੇਸ਼ ਅਤੇ ਕੌਮ ਦੀ ਕੀਤੀ ਸੇਵਾ ਬਦਲੇ 15 ਅਗਸਤ, 1972 ਨੂੰ ਤਾਮਰ ਪੱਤਰ ਭੇਂਟ ਕਰ ਕੇ ਸਨਮਾਨਿਤ ਕੀਤਾ ਗਿਆ।

ਦੇਸ਼ ਭਗਤ ਸ. ਗੋਪਾਲ ਸਿੰਘ ਕੌਮੀ 'ਤੇ ਦੇਸ਼ ਦੀ ਵੰਡ ਸਮੇਂ ਜੋ ਮਾਨਵੀ ਕਦਰਾਂ-ਕੀਮਤਾਂ ਦਾ ਘਾਣ, ਨਿਰਦੋਸ਼ਾਂ ਦਾ ਕਤਲੇਆਮ ਤੇ ਗੁੰਡਾ-ਗਰਦੀ ਦਾ ਨਾਚ ਹੋਇਆ,

ਨੇ ਬਹੁਤ ਬੁਰਾ ਅਸਰ ਪਾਇਆ। ਦੂਸਰਾ, ਸਮੇਂ ਸਿਰ ਸੱਚ ਬੋਲਣ ਦੀ ਆਦਤ ਇਨ੍ਹਾਂ ਨੂੰ ਕਾਫ਼ੀ ਮਹਿੰਗੀ ਪਈ। ਕੌਮੀ ਸਾਹਿਬ ਨਿਰਸੁਆਰਥ, ਨਿਸ਼ਕਾਮ ਸੇਵਾ ਭਾਵਨਾ ਵਾਲੇ ਅਕਾਲ ਦੇ ਪੁਜਾਰੀ ਅਕਾਲੀ ਸਨ। ਸੰਘਰਸ਼ਮਈ ਜੀਵਨ ਹੋਣ ਕਾਰਨ ਇਨ੍ਹਾਂ ਨੂੰ ਬਹੁਤ ਸਮਾਂ ਘਰ ਤੋਂ ਬਾਹਰ ਰਹਿਣਾ ਪੈਂਦਾ ਸੀ। ਘਰ ਪਰਿਵਾਰ ਦੀ ਦੇਖ-ਭਾਲ ਇਨ੍ਹਾਂ ਦਾ ਹੋਣਹਾਰ ਵੱਡਾ ਸਪੁੱਤਰ ਸ. ਕਰਤਾਰ ਸਿੰਘ ਕੌਮੀ ਕਰਦਾ। ਅਚਾਨਕ ਕਰਤਾਰ ਸਿੰਘ ਕੌਮੀ ਅਕਾਲ ਚਲਾਣਾ ਕਰ ਗਏ, ਜਿਸ ਦੀ ਮੌਤ ਦਾ ਗਹਿਰਾ ਸਦਮਾ ਬਜ਼ੁਰਗ ਪਿਤਾ ਨੂੰ ਪਹੁੰਚਿਆ। ਸਰੀਰਕ ਤੌਰ 'ਤੇ ਕਮਜ਼ੋਰ, ਮਾਨਸਿਕ ਤੌਰ 'ਤੇ ਪਰੇਸ਼ਾਨ ਸ. ਗੋਪਾਲ ਸਿੰਘ ਕੌਮੀ ਨੇ ਹਰ ਤਰ੍ਹਾਂ ਦੀਆਂ ਧਾਰਮਿਕ, ਸਮਾਜਿਕ, ਰਾਜਸੀ ਗਤੀ-ਵਿਧੀਆਂ ਤੋਂ ਸੰਨਿਆਸ ਲੈ ਲਿਆ। ਕੁਝ ਸਮਾਂ ਬਿਮਾਰ ਰਹਿਣ ਉਪਰੰਤ 16 ਮਈ, 1975 ਨੂੰ ਸ. ਗੋਪਾਲ ਸਿੰਘ ਕੌਮੀ ਜਲੰਧਰ 'ਚ ਗੁਰਪੁਰੀ ਪਿਆਨਾ ਕਰ ਗਏ। ਡਾ. ਸਾਧੂ ਸਿੰਘ ਹਮਦਰਦ ਨੇ ਸ਼ਰਧਾ-ਸਤਿਕਾਰ ਵਜੋਂ ਵਿਸ਼ੇਸ਼ ਲੇਖ ਲਿਖ ਕੇ ਕੌਮੀ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ।

28 ਮਈ, 1975 ਨੂੰ ਸ. ਗੋਪਾਲ ਸਿੰਘ ਕੌਮੀ ਦੀ ਅੰਤਿਮ ਅਰਦਾਸ ਸਮੇਂ ਗਿਆਨੀ ਜ਼ੈਲ ਸਿੰਘ ਜੀ ਮੁੱਖ-ਮੰਤਰੀ ਪੰਜਾਬ, ਨੇ ਸ਼ਰਧਾ-ਸਤਿਕਾਰ ਭੇਟ ਕਰਦਿਆਂ ਐਲਾਨ ਕੀਤਾ ਕਿ ਰੈਣਕ ਬਜ਼ਾਰ, ਜਲੰਧਰ 'ਚ ਸ. ਗੋਪਾਲ ਸਿੰਘ ਕੌਮੀ ਦਾ ਆਦਮ ਕੱਦ ਬੁੱਤ ਸਥਾਪਤ ਕੀਤਾ ਜਾਵੇਗਾ ਅਤੇ ਸਪੋਰਟਸ ਕਾਲਜ ਦਾ ਨਾਂ ਬਦਲ ਕੇ ਇਨ੍ਹਾਂ ਦੇ ਨਾਂ 'ਤੇ ਰੱਖਿਆ ਜਾਵੇਗਾ। 24 ਮਾਰਚ, 2004 ਨੂੰ ਸ. ਗੋਪਾਲ ਸਿੰਘ ਕੌਮੀ ਦਾ ਬੁੱਤ ਸਥਾਪਤ ਕਰ ਕੇ ਸਰਕਾਰ ਨੇ ਦੇਸ਼ ਭਗਤ ਦੀ ਕੁਰਬਾਨੀ ਦੀ ਰਿਣ ਪੂਰਤੀ ਕੀਤੀ! ਸਪੋਰਟਸ ਕਾਲਜ ਦੇ ਨਾਂ ਦਾ ਵਾਇਦਾ ਅਜੇ ਤੀਕ ਵੀ ਵਫ਼ਾ ਨਹੀਂ ਹੋਇਆ!! 10 ਜੂਨ, 1975 ਨੂੰ ਅੰਤ੍ਰਿੰਗ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀ ਇਕੱਤ੍ਰਤਾ ਸਮੇਂ ਸ. ਗੋਪਾਲ ਸਿੰਘ ਕੌਮੀ ਦੇ ਅਕਾਲ ਚਲਾਣੇ 'ਤੇ ਦੁਖ ਤੇ ਸ਼ੋਕ ਦਾ ਪ੍ਰਗਟਾਵਾ ਮਤਾ ਨੰਬਰ 360 ਰਾਹੀਂ ਕਰਦਿਆਂ, ਕੌਮੀ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ। ਕੌਮੀ ਜੀ ਦੀ ਤਸਵੀਰ ਕੇਂਦਰੀ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

14 ਦਸੰਬਰ, 2007 ਨੂੰ ਸ਼੍ਰੋਮਣੀ ਅਕਾਲੀ ਦਲ ਦੇ 88ਵੇਂ ਸਥਾਪਨਾ ਦਿਵਸ ਸਮਾਗਮ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਪਰਕਾਸ਼ ਸਿੰਘ ਬਾਦਲ ਨੇ ਸ. ਗੋਪਾਲ ਸਿੰਘ ਕੌਮੀ ਦੀਆਂ ਸੇਵਾਵਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ। ਸ. ਜੋਗਿੰਦਰ ਸਿੰਘ ਕੌਮੀ ਸਾਬਕਾ ਆਈ.ਏ.ਐਸ. ਨੇ ਆਪਣੇ ਸਤਿਕਾਰਤ ਪਿਤਾ ਦੀ ਵਿਰਾਸਤ ਨੂੰ ਸੰਭਾਲਣ ਵਾਸਤੇ 711-ਮਾਡਲ ਟਾਊਨ, ਜਲੰਧਰ ਵਿਖੇ ਗੋਪਾਲ ਸਿੰਘ ਕੌਮੀ ਫ਼ਾਊਂਡੇਸ਼ਨ ਸਥਾਪਤ ਕੀਤੀ ਹੈ।

•

8

ਸ. ਪ੍ਰਤਾਪ ਸਿੰਘ ਸ਼ੰਕਰ

ਸਾਬਕਾ ਵਿਦੇਸ਼ ਮੰਤਰੀ ਭਾਰਤ ਸਰਕਾਰ ਸ. ਸਵਰਨ ਸਿੰਘ ਜੀ ਦੇ ਸਤਿਕਾਰਤ ਪਿਤਾ ਸ. ਪ੍ਰਤਾਪ ਸਿੰਘ ਜੀ ਸ਼ੰਕਰ ਵਿੱਦਿਆ ਪ੍ਰੇਮੀ, ਨਿਸ਼ਕਾਮ ਪੰਥ ਸੇਵਕ, ਸੀਤਲ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਜਨਮ ਸ. ਗੰਡਾ ਸਿੰਘ ਦੇ ਘਰ ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਇਨ੍ਹਾਂ ਦੇ ਦੋ ਭਰਾ ਸ. ਹਰਨਾਮ ਸਿੰਘ ਤੇ ਸ. ਰੂਪ ਸਿੰਘ ਸਨ। ਦਸਵੀਂ ਕਰਨ ਉਪਰੰਤ ਉਹ ਸੈਨਾ 'ਚ ਭਰਤੀ ਹੋ ਗਏ। ਪਹਿਲਾਂ ਪਹਿਲਾਂ ਇਨ੍ਹਾਂ ਬਰਮਾ ਆਰਮੀ ਵਿਚ ਸੇਵਾ ਕੀਤੀ ਤੇ ਫਿਰ 32 ਸੈਲਰਜ਼ ਆਰਮੀ ਕੋਰ 'ਚ ਸੇਵਾ ਕੀਤੀ। 1921 ਈ. 'ਚ ਬਤੌਰ ਜਮਾਦਾਰ ਖ਼ੁਦ ਸੇਵਾ-ਮੁਕਤੀ ਪ੍ਰਾਪਤ ਕੀਤੀ ਤਾਂ ਕਿ ਆਪਣੇ ਪਰਿਵਾਰ ਦੀ ਪਾਲਣਾ ਤੇ ਵਿੱਦਿਆ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕਰ ਸਕਣ। ਸੇਵਾ-ਮੁਕਤੀ ਲੈਣ ਸਮੇਂ ਪੰਜਾਬ 'ਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਪੂਰੇ ਜੋਬਨ 'ਤੇ ਚੱਲ ਰਹੀ ਸੀ। ਆਰਮੀ ਸੇਵਾ ਛੱਡ ਕੇ ਅਕਾਲ ਦੇ ਪੁਜਾਰੀ ਅਕਾਲੀ ਦਲ 'ਚ ਨਿਸ਼ਕਾਮ ਸੇਵਕ ਭਰਤੀ ਹੋ ਗਏ। ਅਕਾਲੀ ਦਲ ਵੱਲੋਂ ਹੀ ਸ. ਪ੍ਰਤਾਪ ਸਿੰਘ ਜੀ ਸ਼ੰਕਰ ਪਹਿਲੀ ਵਾਰ 1924 ਈ. 'ਚ ਐਮ.ਐਲ.ਸੀ. ਬਣੇ।

ਦੂਸਰੀ ਵਾਰ ਸਰਦਾਰ ਸਾਹਿਬ 1927 ਈ. 'ਚ ਐਮ. ਐਲ. ਸੀ. ਚੁਣੇ ਗਏ। ਪਰ 1927 ਈ. 'ਚ ਹੀ ਅਕਾਲੀ ਦਲ ਦਾ ਹੁਕਮ ਮੰਨ ਕੇ ਪਾਰਟੀ ਦੇ ਸਾਰੇ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ।

ਆਪਣੇ ਪਿੰਡ ਵਿਚ ਸਮਾਜ ਸੁਧਾਰਕ ਤੇ ਵਿੱਦਿਆ ਪ੍ਰੇਮੀ ਹੋਣ ਕਾਰਨ ਇਨ੍ਹਾਂ ਦਾ ਬਹੁਤ ਆਦਰ ਮਾਣ ਸੀ। ਸ. ਪ੍ਰਤਾਪ ਸਿੰਘ ਸ਼ੰਕਰ ਨੇ ਸਰਦਾਰ ਬਹਾਦਰ ਸ. ਨਰਿੰਦਰ ਸਿੰਘ ਜੀ ਨਾਲ ਮਿਲ ਕੇ ਪਿੰਡ ਵਿਚ ਪਹਿਲਾ ਸਕੂਲ ਅਰੰਭ ਕੀਤਾ।

ਇਨ੍ਹਾਂ ਦਾ ਵਿਆਹ ਬੀਬੀ ਬਸੰਤ ਕੌਰ ਨਾਲ ਪੁਆਦੜੀ ਪਿੰਡ 'ਚ ਹੋਇਆ। ਇਨ੍ਹਾਂ ਦੇ ਤਿੰਨ ਬੱਚੇ ਬੀਬੀ ਕਰਤਾਰ ਕੌਰ, ਸ. ਨਰਿੰਦਰ ਸਿੰਘ ਅਤੇ ਸ. ਸਵਰਨ ਸਿੰਘ (ਸਾਬਕਾ ਵਿਦੇਸ਼ ਮੰਤਰੀ) ਸਨ। ਸ. ਸਵਰਨ ਸਿੰਘ ਜੀ ਦੀਆਂ ਚਾਰ ਬੇਟੀਆਂ ਹੀ ਸਨ ਜਿਨ੍ਹਾਂ 'ਚੋਂ ਡਾ. ਪਰਮਜੀਤ ਕੌਰ ਗੁੜਗਾਓਂ ਵਿਖੇ ਸੇਵਾ ਕਰ ਰਹੇ ਹਨ। ਡਾ. ਪਰਮਜੀਤ ਕੌਰ ਦੇ ਦੱਸਣ ਅਨੁਸਾਰ ਸ. ਪ੍ਰਤਾਪ ਸਿੰਘ ਜੀ 1954-55 'ਚ ਹੀ ਅਕਾਲ ਚਲਾਣਾ ਕਰ ਗਏ।

26 ਅਪ੍ਰੈਲ, 1930 ਨੂੰ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਉਪਰੰਤ ਜਨਰਲ



ਸ. ਪ੍ਰਤਾਪ ਸਿੰਘ ਸ਼ੰਕਰ

ਇਕੱਤ੍ਰਤਾ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ 14 ਮੈਂਬਰ ਵੋਟਾਂ ਰਾਹੀਂ ਨਾਮਜ਼ਦ ਕੀਤੇ ਗਏ ਜਿਨ੍ਹਾਂ ਵਿਚ ਸ. ਪ੍ਰਤਾਪ ਸਿੰਘ ਸ਼ੰਕਰ (ਜਮਾਂਦਾਰ) ਦਾ ਨਾਂ ਵੀ ਸ਼ਾਮਿਲ ਸੀ। ਇਸ ਤਰ੍ਹਾਂ ਸ. ਪ੍ਰਤਾਪ ਸਿੰਘ (ਜਮਾਂਦਾਰ) ਸ਼ੰਕਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣ ਗਏ। 9 ਜੂਨ, 1930 ਨੂੰ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਸਮੇਂ ਸ. ਪ੍ਰਤਾਪ ਸਿੰਘ ਸ਼ੰਕਰ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ।

17 ਜੂਨ, 1933 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤ੍ਰਤਾ ਸਮੇਂ ਸ. ਗੋਪਾਲ ਸਿੰਘ ਕੌਮੀ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। 18 ਜੂਨ, 1933 ਨੂੰ ਸ. ਗੋਪਾਲ ਸਿੰਘ ਕੌਮੀ ਦੀ ਪ੍ਰਧਾਨਗੀ ਹੇਠ ਦੋਬਾਰਾ ਜਨਰਲ ਇਕੱਤ੍ਰਤਾ ਹੋਈ ਜਿਸ ਵਿਚ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਕੌਮੀ ਜੀ ਦੀ ਥਾਂ ਸ. ਪ੍ਰਤਾਪ ਸਿੰਘ ਜੀ ਸ਼ੰਕਰ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। ਜਨਰਲ ਇਕੱਤ੍ਰਤਾ ਦੀ ਬਾਕੀ ਕਾਰਵਾਈ ਸ. ਪ੍ਰਤਾਪ ਸਿੰਘ ਜੀ ਸ਼ੰਕਰ ਨੇ ਚਲਾਈ। ਇਸ ਸਮੇਂ ਮਤਾ ਕੀਤਾ ਗਿਆ ਕਿ ਅਜਿਹਾ ਕੋਈ ਵੀ ਸੰਵਿਧਾਨ ਜਿਹੜਾ ਫ਼ਿਰਕੇਦਾਰੀ ਪੁਰ ਆਧਾਰਿਤ ਹੋਵੇ, ਸਿੱਖ ਕੌਮ ਪ੍ਰਵਾਨ ਨਹੀਂ ਕਰੇਗੀ ਅਤੇ ਪੰਥ ਅਜਿਹੀ ਰਾਜ ਬਣਤਰ ਅੱਗੇ ਜੋ ਫ਼ਿਰਕੇਦਾਰੀ ਦੀ ਬਿਨਾਅ ਪੁਰ ਹੋਵੇ, ਸਿਰ ਨਹੀਂ ਝੁਕਾਵੇਗਾ। ਦੂਸਰੇ ਮਹੱਤਵਪੂਰਨ ਮਤੇ ਵਿਚ ਕੂਕਿਆਂ ਵੱਲੋਂ ਛਾਪੇ ਇਕ ਟਰੈਕਟ ਨੂੰ ਜ਼ਬਤ ਕਰਨ ਦਾ ਫ਼ੈਸਲਾ ਹੋਇਆ।

ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਦੂਸਰਾ ਜਨਰਲ ਸਮਾਗਮ 29 ਅਕਤੂਬਰ, 1933 ਨੂੰ ਹੋਇਆ ਜਿਸ ਵਿਚ 118 ਮੈਂਬਰ ਹਾਜ਼ਰ ਸਨ। ਇਸ ਇਕੱਤ੍ਰਤਾ ਸਮੇਂ ਦੋ ਸ਼ੋਕ ਮਤਿਆਂ ਤੋਂ ਇਲਾਵਾ ਇਹ ਮਤਾ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦਾ ਹਰ ਇਕ ਮੈਂਬਰ ਪ੍ਰਣ ਕਰੇਗਾ ਕਿ **ਮੈਂ ਸ਼ਰਾਬ, ਭੰਗ ਅਤੇ ਅਫ਼ੀਮ ਨਹੀਂ ਪੀਂਦਾ ਜਾਂ ਖਾਂਦਾ, ਮੈਂ ਬਾਣੀ ਪੜ੍ਹਿਆ ਕਰਾਂਗਾ। ਜਿਹੜਾ ਮੈਂਬਰ ਇਹ ਪ੍ਰਣ ਪੱਤਰ ਨਹੀਂ ਭਰੇਗਾ, ਉਹ ਸ਼੍ਰੋਮਣੀ ਕਮੇਟੀ ਦੀ ਕਾਰਵਾਈ 'ਚ ਹਿੱਸਾ ਨਹੀਂ ਲੈ ਸਕੇਗਾ।** ਇਸ ਕਾਰਜ ਵਾਸਤੇ 5 ਮੈਂਬਰੀ ਸਬ-ਕਮੇਟੀ ਵੀ ਬਣਾਈ ਗਈ।

ਉੱਤਰ ਪ੍ਰਦੇਸ਼ ਵਿਚ ਸਿੱਖੀ ਪ੍ਰਚਾਰ ਕਰਨ ਅਤੇ ਕਸ਼ਮੀਰ 'ਚ ਹੋਏ ਫ਼ਸਾਦਾਂ ਦੀ ਵਿਰੋਧਤਾ ਵੀ ਇਕ ਮਤੇ 'ਚ ਕੀਤੀ ਗਈ। ਇਸ ਦਿਨ ਹੀ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਕਮੇਟੀ ਦੀ ਚੋਣ ਕੀਤੀ ਗਈ ਤੇ ਸ. ਗੋਪਾਲ ਸਿੰਘ ਕੌਮੀ ਨੂੰ ਅੰਤ੍ਰਿੰਗ ਕਮੇਟੀ ਮੈਂਬਰ ਲਿਆ ਗਿਆ। ਇਸ ਮੀਟਿੰਗ ਸਮੇਂ ਹੀ ਜ਼ਿਲ੍ਹੇਵਾਰ ਕਮੇਟੀਆਂ ਤੇ ਗੁਰਦੁਆਰਾ ਪੜਤਾਲੀਆ ਕਮਿਸ਼ਨ ਬਣਾਉਣ ਦਾ ਫ਼ੈਸਲਾ ਹੋਇਆ।

ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਹੀ ਉਚੇਚਾ ਜਨਰਲ ਸਮਾਗਮ 30 ਦਸੰਬਰ, 1933 ਨੂੰ ਹੋਇਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ 91 ਮੈਂਬਰਾਂ ਤੋਂ ਇਲਾਵਾ ਵੱਖ-ਵੱਖ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ, ਅਕਾਲੀ ਜਥਿਆਂ, ਪ੍ਰਚਾਰਕਾਂ, ਅਖ਼ਬਾਰਾਂ ਦੇ ਸੰਪਾਦਕ, ਸਿੱਖ ਰਹੁ-ਰੀਤ ਕਮੇਟੀ ਦੇ ਮੈਂਬਰ ਮਿਲਾ ਕੇ 170 ਮੈਂਬਰ ਹਾਜ਼ਰ ਹੋਏ। ਇਸ ਵਿਚ 'ਸਿੱਖ ਰਹਿਤ ਮਰਯਾਦਾ' ਦਾ ਖਰੜਾ ਪ੍ਰੋ. ਤੇਜਾ ਸਿੰਘ

ਕਨਵੀਨਰ ਨੇ ਪੇਸ਼ ਕੀਤਾ, ਜਿਸ 'ਤੇ ਦੋ ਦਿਨ ਵਿਚਾਰ-ਚਰਚਾ ਹੁੰਦੀ ਰਹੀ ਪਰ ਸਹਿਮਤੀ ਨਾ ਬਣਨ 'ਤੇ ਇਹ ਮੀਟਿੰਗ ਮੁਲਤਵੀ ਕਰ ਦਿੱਤੀ ਗਈ।

10 ਮਾਰਚ, 1934 ਨੂੰ ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਜਨਰਲ ਇਕੱਤ੍ਰਤਾ ਸਮੇਂ 132 ਮੈਂਬਰ ਹਾਜ਼ਰ ਸਨ। ਇਨ੍ਹਾਂ ਵਿੱਚੋਂ 100 ਮੈਂਬਰਾਂ ਨੇ ਨਸ਼ਿਆਂ ਵਿਰੁੱਧ ਪ੍ਰਣ-ਪੱਤਰ ਭਰ ਦਿੱਤੇ ਪਰ ਬਾਕੀ 32 ਮੈਂਬਰਾਂ ਨੇ ਪ੍ਰਣ-ਪੱਤਰ ਨਹੀਂ ਭਰੇ। ਉਨ੍ਹਾਂ ਬਾਰੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਦਿੱਤਾ ਕਿ ਇਹ ਮੀਟਿੰਗ ਸਮੇਂ ਬੈਠ ਤਾਂ ਸਕਦੇ ਹਨ ਪਰ ਬੋਲ ਨਹੀਂ ਸਕਦੇ।

ਸ. ਪ੍ਰਤਾਪ ਸਿੰਘ ਦੀ ਪ੍ਰਧਾਨਗੀ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਦੀ ਪ੍ਰਸੰਸਾ ਕੀਤੀ ਗਈ ਅਤੇ ਇਸ ਦੇ ਮੁਕਾਬਲੇ ਕੋਈ ਹੋਰ ਧੜਾ ਖੜਾ ਕਰਨਾ ਜਥੇਬੰਦੀ ਲਈ ਹਾਨੀਕਾਰਕ ਮੰਨਿਆ ਗਿਆ। ਸ. ਪ੍ਰਤਾਪ ਸਿੰਘ ਸ਼ੰਕਰ 18 ਜੂਨ, 1933 ਤੋਂ ਨਿਰੰਤਰ 13 ਜੂਨ, 1936 ਤੀਕ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਸਤਿਕਾਰਤ ਅਹੁਦੇ 'ਤੇ ਬਿਰਾਜਮਾਨ ਰਹੇ। 13 ਜੂਨ, 1936 ਤੋਂ 9 ਮਾਰਚ, 1946 ਤੀਕ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਵਜੋਂ ਵੀ ਨਿਰੰਤਰ ਸੇਵਾ ਨਿਬਾਹੀ। 9 ਮਾਰਚ, 1946 ਨੂੰ ਸ. ਮੋਹਨ ਸਿੰਘ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ ਸਮੇਂ ਸ. ਪ੍ਰਤਾਪ ਸਿੰਘ ਜੀ ਨੇ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਤੇ ਇਨ੍ਹਾਂ ਦੀ ਥਾਂ ਸ. ਬਸੰਤ ਸਿੰਘ ਕੁੱਕੜ ਪਿੰਡ ਮੀਤ ਪ੍ਰਧਾਨ ਚੁਣੇ ਗਏ। ਸ਼੍ਰੋਮਣੀ ਕਮੇਟੀ 'ਚ ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਤੇ ਮੀਤ ਪ੍ਰਧਾਨਗੀ ਸਮੇਂ ਬਹੁਤ ਮਹੱਤਵਪੂਰਨ ਫ਼ੈਸਲੇ ਤੇ ਕਾਰਜ ਹੋਏ, ਜਿਨ੍ਹਾਂ ਦੇ ਵਿਸਥਾਰ ਵਿਚ ਅਸੀਂ ਨਹੀਂ ਜਾ ਸਕਦੇ ਪਰ ਸੰਕੇਤਕ ਤੌਰ 'ਤੇ ਜਿਵੇਂ ਕਮਿਊਨਲ ਅਵਾਰਡ ਦਾ ਵਿਰੋਧ, ਕੂਕਿਆਂ ਵੱਲੋਂ ਛਾਪੇ ਟ੍ਰੈਕਟ ਦੀ ਜ਼ਬਤੀ ਦਾ ਮਤਾ, ਕਮੇਟੀ ਮੈਂਬਰਾਂ ਦੇ ਨਸ਼ਿਆਂ ਵਿਰੁੱਧ ਪ੍ਰਣ-ਪੱਤਰ ਭਰਾਉਣੇ, ਉੱਤਰ ਪ੍ਰਦੇਸ਼ 'ਚ ਸਿੱਖ ਧਰਮ ਦਾ ਪ੍ਰਚਾਰ, ਪ੍ਰਸਾਰ, ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਕਰਨ ਲਈ ਵਿਸ਼ੇਸ਼ ਜਨਰਲ ਇਜਲਾਸ, ਸ਼੍ਰੋਮਣੀ ਅਕਾਲੀ ਦਲ ਦੀ ਪ੍ਰਸੰਸਾ, ਕੋਈ ਵਿਅਕਤੀ ਵਿਸ਼ੇਸ਼ ਪੰਥ 'ਚ ਤਾਨਾਸ਼ਾਹ ਨਹੀਂ ਹੋ ਸਕਦਾ, ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇਣ ਸੰਬੰਧੀ, ਸਰਕਾਰ ਬੰਬਈ ਉੱਤੇ ਕ੍ਰਿਪਾਨ ਦੀ ਪਾਬੰਦੀ ਬਾਰੇ ਰੋਸ, ਸ. ਸੇਵਾ ਸਿੰਘ ਠੀਕਰੀਵਾਲੇ ਦੇ ਅਕਾਲ ਚਲਾਣੇ 'ਤੇ ਅਫ਼ਸੋਸ, ਮਾਸਟਰ ਤਾਰਾ ਸਿੰਘ ਦੀ ਬਨਵਾਸ ਤੋਂ ਵਾਪਸੀ 'ਤੇ ਸਵਾਗਤੀ ਮਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਪੜਤਾਲੀਆ ਕਮੇਟੀ, ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੂੰ ਬਿਨੈ, ਪ੍ਰਧਾਨ ਸਾਹਿਬ ਨੂੰ ਪੂਰੇ ਅਧਿਕਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੰਘ ਸਭਾ ਅਫ਼ਰੀਕਾ ਦੀ ਜਾਇਦਾਦ, ਸ. ਤੇਜਾ ਸਿੰਘ ਸਮੁੰਦਰੀ ਦੀ ਯਾਦ 'ਚ ਸਮੁੰਦਰੀ ਹਾਲ ਬਣਾਉਣ, ਗੁਰਬਾਣੀ ਦੀ ਸ਼ੁੱਧ ਛਪਾਈ, ਧਰਮ ਪ੍ਰਚਾਰਕ ਰੱਖਣ, ਨਵੇਂ ਸਕੂਲ ਕਾਲਜ ਖੋਹਲਣ, ਸਿੱਖ ਰਾਜਾ ਪਤਿਤ ਨਹੀਂ ਹੋ ਸਕਦਾ, ਆਰਥਿਕ ਭਾਈਚਾਰਕ ਤੇ ਵਿੱਦਿਅਕ ਉੱਨਤੀ ਬਾਰੇ ਅਤੇ ਭਾਈ ਰਣਧੀਰ ਸਿੰਘ ਬਾਰੇ ਮਤਾ ਕੀਤਾ ਗਿਆ। ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਸਮੇਂ ਮਾਸਟਰ ਤਾਰਾ ਸਿੰਘ ਜੀ ਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ

ਗਈ ਆਦਿ ਸਿਧਾਂਤਕ, ਇਤਿਹਾਸਕ ਮਹੱਤਤਾ, ਮਰਯਾਦਾ ਤੇ ਪਰੰਪਰਾ ਨਾਲ ਸੰਬੰਧਿਤ ਫ਼ੈਸਲੇ ਹੋਏ।

28 ਅਕਤੂਬਰ, 1939 ਨੂੰ ਜਨਰਲ ਇਕੱਤ੍ਰਤਾ ਸਮੇਂ ਸ. ਪ੍ਰਤਾਪ ਸਿੰਘ ਜੀ ਸ਼ੰਕਰ ਨੂੰ ਫਿਰ ਮੈਂਬਰ ਪ੍ਰਬੰਧਕ ਕਮੇਟੀ ਨਾਮਜ਼ਦ ਕੀਤਾ ਗਿਆ।

5 ਮਾਰਚ, 1944 ਨੂੰ ਹੋਈ ਜਨਰਲ ਇਕੱਤ੍ਰਤਾ ਦੀ ਪ੍ਰਧਾਨਗੀ ਸ. ਪ੍ਰਤਾਪ ਸਿੰਘ ਸ਼ੰਕਰ ਨੇ ਕੀਤੀ। ਸ਼੍ਰੋਮਣੀ ਕਮੇਟੀ ਦੇ ਅਪ੍ਰੈਲ, 1944 ਨੂੰ ਹੋਏ ਜਨਰਲ ਇਜਲਾਸ ਦੀ ਪ੍ਰਧਾਨਗੀ ਇਨ੍ਹਾਂ ਬਤੌਰ ਮੀਤ ਪ੍ਰਧਾਨ ਕੀਤੀ ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਨੂੰ ਮੁੜ ਪੰਥਕ ਸੇਵਾ ਸੰਭਾਲਣ ਦੀ ਪ੍ਰੇਰਨਾ ਦਾ ਮਤਾ ਕੀਤਾ ਗਿਆ।

•



ਜਥੇਦਾਰ ਮੋਹਨ ਸਿੰਘ 'ਨਾਗੋਕੇ'

9

ਜਥੇਦਾਰ ਮੋਹਨ ਸਿੰਘ 'ਨਾਗੋਕੇ'

ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਰੋਮ-ਰੋਮ ਤੋਂ ਸਮਰਪਿਤ, ਗੁਰੂ-ਪੰਥ ਦੀਆਂ ਸਭ ਤੋਂ ਵੱਧ ਸਤਿਕਾਰਤ ਪਦਵੀਆਂ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਹੁਦੇ 'ਤੇ ਇੱਕੋ ਸਮੇਂ ਬਿਰਾਜਮਾਨ ਹੋਣ ਵਾਲੀ, ਸਿੱਖ ਸ਼ਖ਼ਸੀਅਤ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਦਾ ਸਿੱਖ ਇਤਿਹਾਸ 'ਚ ਨਿਵੇਕਲਾ ਅਸਥਾਨ ਹੈ। ਦੂਰਦਰਸ਼ੀ, ਈਮਾਨਦਾਰ, ਤਜਰਬੇਕਾਰ ਸਫਲ ਸਿੱਖ ਪ੍ਰਸ਼ਾਸਕ ਤੇ ਪ੍ਰਬੰਧਕ, ਸਿੱਖ ਨੀਤੀਵਾਨ ਨੇਤਾ, ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਦਾ ਜਨਮ, 25 ਦਸੰਬਰ, 1898 ਨੂੰ ਸਤਿਕਾਰਤ ਸਿੱਖ ਪਰਿਵਾਰ, ਸ. ਟਹਿਲ ਸਿੰਘ ਜੀ ਤੇ ਮਾਤਾ ਗੰਗਾ ਦੇਵੀ ਦੇ ਘਰ ਪਿੰਡ ਨਾਗੋਕੇ, ਅੰਮ੍ਰਿਤਸਰ 'ਚ ਹੋਇਆ। ਜਥੇਦਾਰ ਨਾਗੋਕੇ ਦੇ ਬਜ਼ੁਰਗ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੈਨਾ 'ਚ ਸੇਵਾ ਕਰਦੇ ਰਹੇ ਸਨ। ਇਨ੍ਹਾਂ ਨੇ ਅਰੰਭਕ ਵਿੱਦਿਆ ਖਡੂਰ ਸਾਹਿਬ ਤੋਂ ਪ੍ਰਾਪਤ ਕਰ, ਅੱਠਵੀਂ ਦਾ ਇਮਤਿਹਾਨ ਗੁਰੂ ਤੇਗ ਬਹਾਦਰ ਸਕੂਲ, ਬਾਬਾ ਬਕਾਲਾ ਤੋਂ ਪਾਸ ਕੀਤਾ। 1918 ਈ. 'ਚ ਦਸਵੀਂ ਖ਼ਾਲਸਾ ਕਾਲਜੀਏਟ ਹਾਈ ਸਕੂਲ, ਅੰਮ੍ਰਿਤਸਰ ਤੋਂ ਕਰ, ਡੀ.ਸੀ. ਦਫ਼ਤਰ ਅੰਮ੍ਰਿਤਸਰ ਕਲਰਕ ਭਰਤੀ ਹੋ ਗਏ। ਪੰਥ-ਪ੍ਰਸਤ ਸ਼ਖ਼ਸੀਅਤਾਂ ਦੀ ਸੰਗਤ ਸਦਕਾ, ਪੰਥਕ ਜਜ਼ਬੇ ਤੇ ਕੌਮੀ ਪਿਆਰ 'ਚ ਰੰਗੇ ਗਏ। ਜਲ੍ਹਿਆਂਵਾਲੇ ਬਾਗ਼ ਤੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਨੇ ਜਥੇਦਾਰ ਮੋਹਨ ਸਿੰਘ ਦੇ ਮਨ 'ਤੇ ਗਹਿਰੇ ਜ਼ਖ਼ਮ ਕੀਤੇ। ਪੀੜਤ ਮਾਨਸਿਕਤਾ ਨੂੰ ਸ਼ਾਂਤ ਕਰਨ ਅਤੇ ਦਰਸਾਉਣ ਲਈ ਇਹ ਅੰਮ੍ਰਿਤਧਾਰੀ ਹੋ, ਕਾਲੀ ਦਸਤਾਰ ਸਜਾਉਣ ਲੱਗੇ। ਕਾਲੀ ਦਸਤਾਰ ਉਸ ਸਮੇਂ ਅੰਗਰੇਜ਼ ਸਰਕਾਰ ਦੇ ਵਿਰੋਧ 'ਚ, ਅਕਾਲੀ ਰੋਹ ਤੇ ਰੋਸ ਦਾ ਪ੍ਰਤੀਕ ਬਣ ਚੁੱਕੀ ਸੀ। ਜਥੇਦਾਰ ਨਾਗੋਕੇ ਅੰਗਰੇਜ਼ ਹਕੂਮਤ ਦੀ ਨੌਕਰੀ ਨੂੰ ਮਜਬੂਰੀ ਤੇ ਗ਼ੁਲਾਮੀ ਸਮਝਣ ਲੱਗ ਪਏ। ਬਸ ਫਿਰ ਕੀ ਸੀ, 6 ਫ਼ਰਵਰੀ, 1924 ਨੂੰ ਸਰਕਾਰੀ ਜ਼ੰਜੀਰਾਂ ਨੂੰ ਤੋੜ, ਅਕਾਲ ਦੇ ਪੁਜਾਰੀ, ਅਜ਼ਾਦ ਹਸਤੀ ਦੇ ਪ੍ਰਤੀਕ ਅਕਾਲੀ ਬਣ ਗਏ। 21 ਫ਼ਰਵਰੀ, 1924 ਨੂੰ ਪਹਿਲੇ ਸ਼ਹੀਦੀ ਜਥੇ 'ਚ ਸ਼ਾਮਿਲ ਹੋ, ਗੰਗਸਰ ਜੈਤੋ ਪਹੁੰਚੇ, ਜਿਥੇ ਅੰਗਰੇਜ਼ ਹਾਕਮਾਂ ਨੇ ਸ਼ਹੀਦੀ ਜਥੇ 'ਤੇ ਗੋਲੀਆਂ ਦੀ ਬੁਛਾੜ ਕੀਤੀ। ਸ਼ਹੀਦੀ ਜਥੇ ਦੇ ਕੁਝ ਸਿੰਘ ਸ਼ਹੀਦ ਹੋ ਗਏ। ਜਥੇਦਾਰ ਮੋਹਨ ਸਿੰਘ ਜੀ ਦੇ ਲੱਤ 'ਚ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਏ ਤੇ ਇਨ੍ਹਾਂ ਨੂੰ ਹਸਪਤਾਲ ਦਾਖ਼ਲ ਹੋਣਾ ਪਿਆ। ਤੱਕੋ ! ਇਨ੍ਹਾਂ

ਮਰਜੀਵੜੇ ਅਕਾਲੀ ਸਿੱਖ ਸਰਦਾਰਾਂ ਦਾ ਸਿਦਕ ਭਰੋਸਾ ਤੇ ਗੁਰੂ ਪ੍ਰਤੀ ਨਿਸ਼ਠਾ, ਸਰਦਾਰ ਸਾਹਿਬ ਠੀਕ ਹੋ ਕੇ ਚੌਥੇ ਸ਼ਹੀਦੀ ਜਥੇ 'ਚ 10 ਅਪ੍ਰੈਲ, 1924 ਨੂੰ ਫਿਰ ਸ਼ਾਮਿਲ ਹੋ ਗਏ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਬੰਦੀ ਬਣਾ ਲਿਆ ਗਿਆ। ਜਥੇਦਾਰ ਸਾਹਿਬ 27 ਜੁਲਾਈ, 1925 ਨੂੰ ਅੰਗਰੇਜ਼ ਹਕੂਮਤ ਦੀ ਕੈਦ ਤੋਂ ਅਜ਼ਾਦ ਹੋਏ। ਇਨ੍ਹਾਂ ਦੇ ਘਰ ਦੋ ਪੁੱਤਰ ਤੇ ਦੋ ਬੇਟੀਆਂ ਹੋਈਆਂ। ਬਾਅਦ 'ਚ ਇਕ ਬੇਟੀ ਖਡੂਰ ਸਾਹਿਬ ਹਲਕੇ ਤੋਂ ਐਮ.ਐਲ.ਏ. ਵੀ ਬਣੀ।

ਅਕਾਲੀ ਲਹਿਰ ਸਮੇਂ ਇਨ੍ਹਾਂ ਦੀ ਕੀਤੀ ਨਿਸ਼ਕਾਮ ਸੇਵਾ ਤੇ ਕੁਰਬਾਨੀ ਨੂੰ ਸਨਮੁਖ ਰੱਖਦਿਆਂ ਜੂਨ, 1926 'ਚ ਗੁਰਦੁਆਰਾ ਪ੍ਰਬੰਧ ਪੂਰੀ ਤਰ੍ਹਾਂ ਪੰਥਕ ਹੱਥਾਂ 'ਚ ਆਉਣ 'ਤੇ ਗੁਰਦੁਆਰਾ ਸੇਵਾ 'ਚ ਮੁਖਤਾਰੇ ਆਮ ਭਰਤੀ ਕਰ ਲਿਆ ਗਿਆ। ਇਨ੍ਹਾਂ ਦੀ ਈਮਾਨਦਾਰੀ, ਸੇਵਾ ਭਾਵਨਾ ਤੇ ਸਮਰਪਿਤ ਸੁਭਾਅ ਨੂੰ ਤੱਕ, ਮੁਖਤਾਰੇ ਆਮ ਤੋਂ ਸੁਪ੍ਰਿੰਟੈਂਡੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਦ ਉੱਨਤ ਕੀਤਾ ਗਿਆ। ਦੇਸ਼ ਦੀ ਅਜ਼ਾਦੀ ਲਹਿਰ 'ਚ ਹਿੱਸਾ ਲੈਣ ਲਈ ਇਨ੍ਹਾਂ ਨੇ ਆਪਣੀ ਪਦਵੀ ਤੋਂ ਛੁੱਟੀ ਲੈ ਕੇ 12 ਮਾਰਚ, 1930 ਨੂੰ ਸਿਵਲ ਨਾ-ਫ਼ੁਰਮਾਨੀ ਤੇ ਸਵਦੇਸ਼ੀ ਲਹਿਰ ਤਹਿਤ ਲਾਹੌਰ ਗ੍ਰਿਫ਼ਤਾਰੀ ਦਿੱਤੀ। ਤਿੰਨ ਮਹੀਨੇ ਅਟਕ ਤੇ ਬਰੈਸਟਲ ਦੀ ਜੇਲ੍ਹ 'ਚ ਬੰਦੀ ਬਣਨਾ ਪ੍ਰਵਾਨ ਕੀਤਾ।

1931 ਈ. 'ਚ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨੂੰ ਤਰੱਕੀ ਦੇ ਕੇ ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਰ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਮੀਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਿਯੁਕਤ ਕੀਤਾ ਗਿਆ। 10 ਮਾਰਚ, 1934 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤ੍ਰਤਾ ਸਮੇਂ ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਰ ਤੇ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਦੀਆਂ ਸੇਵਾਵਾਂ ਦੀ ਸ਼ਲਾਘਾ ਦਾ ਵਿਸ਼ੇਸ਼ ਮਤਾ ਕੀਤਾ ਗਿਆ। ਠੀਕ ਚਾਰ ਸਾਲ ਬਾਅਦ 10 ਮਾਰਚ, 1938 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ, ਗਿਆਨੀ ਗੁਰਮੁਖ ਸਿੰਘ ਜੀ ਦੀ ਤਜਵੀਜ਼ 'ਤੇ ਭਾਈ ਸਾਹਿਬ ਭਾਈ ਮੋਹਨ ਸਿੰਘ 'ਨਾਗੋਕੇ' ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਤਿਕਾਰਤ ਪਦਵੀ 'ਤੇ ਬਿਰਾਜਮਾਨ ਕੀਤਾ ਗਿਆ। ਨਿਸ਼ਕਾਮ ਸੇਵਾ, ਨਿਰਸੁਆਰਥੀ ਸੁਭਾਅ ਤੇ ਗੁਰੂ-ਪੰਥ ਨੂੰ ਸਮਰਪਿਤ ਭਾਵਨਾ ਸਦਕਾ ਜਥੇਦਾਰ ਸਾਹਿਬ ਜੀ ਨੇ ਇਹ ਸੇਵਾ ਨਿਰੰਤਰ 1952 ਤੀਕ ਨਿਭਾ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ।

30 ਦਸੰਬਰ, 1932 ਨੂੰ ਇਨ੍ਹਾਂ ਦੇ ਉੱਦਮ ਸਦਕਾ, ਅਕਾਲੀ ਮਾਰਕੀਟ ਅੰਮ੍ਰਿਤਸਰ ਤਿਆਰ ਹੋਣੀ ਸ਼ੁਰੂ ਹੋਈ। 1937 ਈ. ਵਿਚ ਲੱਗੇ ਕ੍ਰਿਪਾਨ ਦੇ ਮੋਰਚੇ ਸਮੇਂ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨੇ 100 ਸਿੰਘਾਂ ਸਮੇਤ ਪਹਿਲੇ ਜਥੇ 'ਚ ਗ੍ਰਿਫ਼ਤਾਰੀ ਦਿੱਤੀ। 1938 ਈ. 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਸ਼ਹੀਦੀ ਮਾਰਕੀਟ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਦੇ ਸਮੇਂ ਹੀ ਤਾਮੀਰ ਹੋਈ। 9 ਨਵੰਬਰ, 1938 ਨੂੰ ਝਟਕਾ ਬਿੱਲ ਬਾਰੇ ਗੁਰਮਤਾ ਕੀਤਾ ਗਿਆ, ਜਿਸ ਨੂੰ ਸ. ਸੰਪੂਰਨ ਸਿੰਘ ਐਮ.ਐਲ.ਏ. ਨੇ ਪੇਸ਼ ਕੀਤਾ ਅਤੇ ਜਥੇਦਾਰ ਮੋਹਨ ਸਿੰਘ ਜੀ ਦੀ ਤਾਈਦ 'ਤੇ ਪਾਸ ਹੋਇਆ ਕਿ ਝਟਕੇ ਦੀ ਅਜ਼ਾਦੀ ਦੇ ਰਾਹ ਵਿਚ ਆਯੋਗ ਰੋਕਾਂ ਦੂਰ ਕਰਨ 'ਤੇ ਝਟਕੇ

ਬਿੱਲ ਦੇ ਹੱਕ ਵਿਚ ਜ਼ੋਰਦਾਰ ਅਵਾਜ਼ ਉਠਾਉਣ ਲਈ ਸਮੂਹ ਸਿੱਖ ਸੰਗਤਾਂ ਤੇ ਪੰਥਕ ਹਲਕਿਆਂ ਨੂੰ ਤਾਈਦ ਕੀਤੀ ਗਈ। 28 ਅਕਤੂਬਰ, 1939 ਨੂੰ ਜਥੇਦਾਰ ਮੋਹਨ ਸਿੰਘ ਦੀ ਤਾਈਦ 'ਤੇ ਮੁਸਲਮਾਨ ਵਜ਼ੀਰਾਂ ਦੀ ਮੁਦਾਖ਼ਲਤ ਰੋਕਣ ਲਈ ਮਤਾ ਪੇਸ਼ ਕੀਤਾ ਤੇ ਪਾਸ ਹੋਇਆ। 22 ਫ਼ਰਵਰੀ, 1941 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਗੁਰਦੁਆਰਾ ਐਕਟ 'ਚ ਤਰਮੀਮਾਂ ਸੁਝਾਉਣ ਵਾਸਤੇ 7 ਮੈਂਬਰੀ ਕਮੇਟੀ ਬਣਾਈ ਗਈ ਜਿਸ ਦੇ ਜਥੇਦਾਰ 'ਨਾਗੋਕੇ' ਮੈਂਬਰ ਸਨ।

19 ਨਵੰਬਰ, 1944 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨੂੰ ਸਰਬ-ਸੰਮਤੀ ਨਾਲ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣ ਲਿਆ ਗਿਆ। ਜਥੇਦਾਰ ਮੋਹਨ ਸਿੰਘ ਜੀ ਨਾਗੋਕੇ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ ਦੇ ਨਾਲ-ਨਾਲ 28 ਮਈ, 1948 ਤੀਕ ਸ਼੍ਰੋਮਣੀ ਕਮੇਟੀ ਦੇ ਸ਼ਕਤੀਸ਼ਾਲੀ ਤੇ ਸਤਿਕਾਰਤ ਅਹੁਦੇ, ਪ੍ਰਧਾਨਗੀ ਪਦਵੀ 'ਤੇ ਵੀ ਬਿਰਾਜਮਾਨ ਰਹੇ।

ਜਥੇਦਾਰ ਮੋਹਨ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਹੇਠ ਲਿਖੇ ਵਿਸ਼ੇਸ਼ ਕਾਰਜ ਹੋਏ : ਇਨ੍ਹਾਂ ਦੀ ਜਥੇਦਾਰੀ ਤੇ ਪ੍ਰਧਾਨਗੀ ਸਮੇਂ ਸਿੱਖ ਸਿਧਾਂਤਕ, ਸਾਰਥਿਕਤਾ, ਪੰਥਕ ਸ਼ਕਤੀ ਤੇ ਏਕਤਾ ਨੂੰ ਰੂਪਮਾਨ ਕਰਦੀ 'ਸਿੱਖ ਰਹਿਤ ਮਰਯਾਦਾ' ਨਿਰਧਾਰਤ ਕਰ, ਲਾਗੂ ਕਰਨ ਦਾ ਇਤਿਹਾਸਕ ਫ਼ੈਸਲਾ ਹੋਇਆ। ਗੁਰਦੁਆਰਾ ਕਾਨੂੰਨ 'ਚ ਤਰਮੀਮ ਕਰਵਾ ਕੇ ਇਤਿਹਾਸਕ ਮਹੱਤਤਾ ਵਾਲੇ ਵੱਡੇ ਇਤਿਹਾਸਕ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ 'ਚ ਲਿਆਂਦੇ, ਜਿਸ ਨਾਲ ਸ਼੍ਰੋਮਣੀ ਕਮੇਟੀ ਦੀ ਆਰਥਿਕ ਸਥਿਤੀ ਤੇ ਸ਼ਕਤੀ 'ਚ ਚੋਖਾ ਵਾਧਾ ਹੋਇਆ। ਅੰਮ੍ਰਿਤਸਰ ਸਰੋਵਰ ਦੀ ਪਰਿਕਰਮਾ ਨੂੰ ਚੌੜਾ ਕਰਨ ਲਈ ਨਾਲ ਲੱਗਦੀਆਂ ਇਮਾਰਤਾਂ ਤੇ ਬੁੰਗੇ ਖ਼ਰੀਦ ਕਰਨ ਤੇ ਸਿੱਖ ਭਵਨ ਕਲਾ ਅਨੁਸਾਰ ਦਰਸ਼ਨੀ ਡਿਉੜੀਆਂ ਤਿਆਰ ਕਰਨ ਦਾ ਕਾਰਜ ਜਥੇਦਾਰ ਨਾਗੋਕੇ ਦੇ ਉੱਦਮ ਸਦਕਾ ਆਰੰਭ ਹੋਇਆ। ਅਛੂਤਾਂ ਵਿਚ ਗੁਰਸਿੱਖੀ ਪ੍ਰਚਾਰ ਦੀ ਨਵੀਂ ਸਕੀਮ ਲਾਗੂ ਕਰਨ ਲਈ ਫ਼ੈਸਲਾ ਕੀਤਾ ਗਿਆ। ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਸਮੇਂ ਵੀ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਅੰਮ੍ਰਿਤ ਸੰਚਾਰ ਸਮਾਗਮ 'ਚ ਪੰਜ ਪਿਆਰਿਆਂ ਦੀ ਸੇਵਾ ਨਿਬਾਹੁੰਦੇ ਰਹੇ। ਦੇਸ਼ ਵੰਡ ਸਮੇਂ ਪੀੜਤ ਪਰਿਵਾਰਾਂ ਦੀ ਜੋ ਟਹਿਲ-ਸੇਵਾ ਤੇ ਹਿਫ਼ਾਜ਼ਤ ਜਥੇਦਾਰ ਮੋਹਨ ਸਿੰਘ ਜੀ ਨੇ ਕੀਤੀ, ਉਹ ਨਵੇਕਲੀ ਮਿਸਾਲ ਹੈ। 10 ਮਾਰਚ, 1945 ਨੂੰ ਸਿੱਖ ਕੌਮ ਦੀ ਧਾਰਮਿਕ, ਵਿੱਦਿਅਕ, ਆਰਥਿਕ, ਸਰੀਰਕ ਅਤੇ ਸੰਸਾਰਕ ਹਾਲਤ ਵਧੇਰੇ ਅੱਛੀ ਕਰਨ ਲਈ ਛੇ ਸਾਲਾ ਪ੍ਰੋਗਰਾਮ ਬਣਾਇਆ ਗਿਆ ਕਿ 1951 ਦੀ ਮਰਦਮ-ਸ਼ੁਮਾਰੀ ਤੀਕ ਸਿੱਖਾਂ ਦੀ ਗਿਣਤੀ ਇਕ ਕਰੋੜ ਕਰਨੀ, 5 ਲੱਖ ਨਵੇਂ ਸਿੱਖਾਂ ਨੂੰ ਦਸ ਗੁਰੂ ਸਾਹਿਬਾਨ ਦੇ ਨਾਂ 'ਤੇ ਜਪੁਜੀ ਸਾਹਿਬ ਯਾਦ ਕਰਾਉਣਾ, ਗੁਰਦੁਆਰਿਆਂ 'ਚ ਕਥਾ ਦਾ ਪੁਰਾਤਨ ਰਿਵਾਜ ਸ਼ੁਰੂ ਕਰਨਾ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਬਰਾਡਕਾਸਟਿੰਗ ਸਟੇਸ਼ਨ ਕਾਇਮ ਕਰਨਾ, 5 ਲੱਖ ਸਿੱਖਾਂ ਤੋਂ ਸ਼ਰਾਬ ਛੁਡਾਉਣੀ, ਸਿੱਖਾਂ ਵਿਚ ਝਟਕੇ ਮਾਸ ਨੂੰ ਸਸਤਾ ਕਰਨ ਦੇ ਯਤਨ ਕਰ ਕੇ, ਕੁੱਠੇ ਦੀ ਵਰਤੋਂ ਹਟਾਉਣੀ, ਸਿੱਖ ਇਤਿਹਾਸ ਦੀ ਖੋਜ ਲਈ ਆਹਲਾ ਪੈਮਾਨੇ 'ਤੇ ਰੈਫ਼ਰੈਂਸ ਲਾਇਬ੍ਰੇਰੀ ਬਣਾਉਣਾ ਤੇ ਵਿੱਦਿਆ ਦੇ ਪਸਾਰ

ਕਾਰਜ ਲਈ ਯੂਨੀਵਰਸਿਟੀ ਸਥਾਪਤ ਕਰਨ ਦਾ ਸੁਪਨਾ ਲਿਆ ਗਿਆ। ਪਤਿਤ ਸਿੱਖ ਵਿਦਿਆਰਥੀਆਂ ਨੂੰ ਸਿੱਖ ਸਕੂਲਾਂ 'ਚੋਂ ਕੱਢਣ ਦਾ ਫ਼ੈਸਲਾ ਕੀਤਾ ਗਿਆ ਤਾਂ ਜੋ ਸਿੱਖ ਰਹਿਤ 'ਚ ਆ ਰਹੀ ਢਿਲਿਆਈ ਨੂੰ ਰੋਕਿਆ ਜਾਵੇ। ਗੁਰਦੁਆਰਾ ਜਨਮ ਅਸਥਾਨ ਗੁਰੂ ਅੰਗਦ ਦੇਵ ਜੀ ਮੱਤੇ ਦੀ ਸਰਾਂ, ਗੁਰਦੁਆਰਾ ਟਿੱਬੀ ਸਾਹਿਬ ਮੁਕਤਸਰ ਦੇ ਨਵ-ਨਿਰਮਾਣ ਤੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਕਾਰਜ ਕਰਨ ਦਾ ਸੁਭਾਗ ਵੀ ਇਨ੍ਹਾਂ ਨੂੰ ਪ੍ਰਾਪਤ ਹੋਇਆ। ਦੇਸ਼ ਵੰਡ ਸਮੇਂ ਸ਼ੇਖ਼ੂਪੁਰਾ, ਸੱਚਾ-ਸੌਦਾ, ਨਨਕਾਣਾ ਸਾਹਿਬ ਤੇ ਜੜ੍ਹਾਂਵਾਲੀ ਦੇ ਪੀੜਤਾਂ ਦੀ ਜਥੇਦਾਰ ਸਾਹਿਬ ਨੇ ਬਹੁਤ ਮੱਦਦ ਕੀਤੀ।

ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਦੀ ਪ੍ਰਧਾਨਗੀ ਸਮੇਂ 9 ਮਾਰਚ, 1946 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤ੍ਰਤਾ ਸਮੇਂ 'ਸਿੱਖ ਸਟੇਟ ਦੀ ਕਾਇਮੀ' ਦਾ ਮਤਾ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਐਲਾਨ ਕਰਦੀ ਹੈ ਕਿ **ਸਿੱਖ ਆਪਣੇ ਆਪ ਵਿਚ ਇਕ ਵੱਖਰੀ ਕੌਮ ਹੈ। ਸਿੱਖਾਂ ਦੇ ਮੁੱਖ ਧਰਮ ਅਸਥਾਨਾਂ, ਸਭਿਆਚਾਰ, ਸਿੱਖ ਰਿਵਾਜਾਂ ਦੀ ਕਾਇਮੀ, ਸਿੱਖ ਸਵੈ-ਮਾਣ ਤੇ ਅਜ਼ਾਦੀ ਦੀ ਰਾਖੀ ਤੇ ਭਵਿੱਖ ਵਿਚ ਸਿੱਖਾਂ ਦੀ ਤਰੱਕੀ ਲਈ ਸਿੱਖ ਸਟੇਟ ਜ਼ਰੂਰੀ ਹੈ।** ਸ. ਅਮਰ ਸਿੰਘ ਜੀ ਦੁਸਾਂਝ ਨੇ ਮਤੇ ਦੀ ਤਾਈਦ ਕਰਦਿਆਂ ਕਿਹਾ : ...ਸਾਨੂੰ ਧੋਖਾ ਦੇਣ ਲਈ ਇਹ ਅਵਾਜ਼ ਉਠਾਈ ਜਾਂਦੀ ਹੈ ਕਿ ਸਿੱਖ ਇਕ ਵੱਡੇ ਹਿੰਦੂ ਦਰੱਖ਼ਤ ਦੀ ਟਾਹਣੀ ਹੈ। ਇਹ ਅਵਾਜ਼ ਕੇਵਲ ਅਸਾਂ ਨੂੰ ਹੜੱਪ ਕਰਨ ਲਈ ਉਠਾਈ ਜਾਂਦੀ ਹੈ। ਅਸੀਂ ਕਿਸੇ ਦੂਸਰੀ ਕੌਮ ਦੇ ਗ਼ੁਲਾਮ ਹੋ ਕਦੇ ਵੀ ਫਲ-ਫੁੱਲ ਨਹੀਂ ਸਕਦੇ।...

ਜਥੇਦਾਰ ਸਾਹਿਬ ਦੇ ਪ੍ਰਧਾਨਗੀ ਕਾਰਜ-ਕਾਲ ਸਮੇਂ ਹੀ ਅਜ਼ਾਦ ਹਿੰਦ ਫ਼ੌਜ ਦੇ ਸਿਪਾਹੀਆਂ ਦੀ ਰਿਹਾਈ ਤੇ ਸਹਾਇਤਾ ਲਈ ਮਤਾ ਸ਼੍ਰੋਮਣੀ ਕਮੇਟੀ ਵੱਲੋਂ 26 ਅਕਤੂਬਰ, 1946 ਨੂੰ ਕੀਤਾ ਗਿਆ। ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਦੇ ਨਾਂ 'ਤੇ ਸਕੂਲ ਬਣਾਇਆ ਗਿਆ। 1948 ਈ. 'ਚ ਪੰਜਾਬੀਆਂ ਨੂੰ ਅੰਡੇਮਾਨ-ਨੀਕੋਬਾਰ ਟਾਪੂ 'ਤੇ ਵਸਾਉਣ ਲਈ ਬਣੇ ਕਮਿਸ਼ਨ ਦੇ ਚੇਅਰਮੈਨ, ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਹੀ ਸਨ।


28 ਮਈ, 1948 ਨੂੰ ਸ਼੍ਰੋਮਣੀ ਕਮੇਟੀ ਦੇ ਇਜਲਾਸ ਸਮੇਂ ਜਥੇਦਾਰ ਮੋਹਨ ਸਿੰਘ ਜੀ ਨਾਮਜ਼ਦ ਮੈਂਬਰ ਵਜੋਂ ਹਾਜ਼ਰ ਹੋਏ। ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਬਣੀ 9 ਮੈਂਬਰੀ ਕਮੇਟੀ ਦੇ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਮੈਂਬਰ ਸਨ। ਇਨ੍ਹਾਂ ਦੀ ਜਥੇਦਾਰੀ ਸਮੇਂ ਹੀ ਹੁਕਮਨਾਮਾ ਜਾਰੀ ਕੀਤਾ ਗਿਆ ਕਿ ਅੰਮ੍ਰਿਤਧਾਰੀ ਹਰ ਪ੍ਰਾਣੀ ਮਾਤਰ ਨਾਲ ਬਰਾਬਰ ਦਾ ਸਲੂਕ ਕੀਤਾ ਜਾਵੇ। ਇਨ੍ਹਾਂ ਦੀ ਪ੍ਰਧਾਨਗੀ ਤੇ ਜਥੇਦਾਰੀ ਸਮੇਂ ਅਲੀਗੜ੍ਹ 'ਚ ਭਾਰੀ ਅਕਾਲੀ ਕਾਨਫ਼ਰੰਸ ਤੇ ਰੀਕਾਰਡ ਤੋੜ ਅੰਮ੍ਰਿਤ ਸੰਚਾਰ ਹੋਇਆ। 6 ਮਾਰਚ, 1949 ਨੂੰ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਦੀ ਪ੍ਰਧਾਨਗੀ ਸਮੇਂ ਮਾਸਟਰ ਤਾਰਾ ਸਿੰਘ ਜੀ ਦੀ ਪਾਰਟੀ ਉੱਤੇ ਗੁਰ-ਦਰਬਾਰ ਦੀ ਬੇਅਦਬੀ ਦਾ ਮਤਾ ਵੀ ਪਾਸ ਹੋਇਆ।

1952 ਈ. 'ਚ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨੇ ਜਥੇਦਾਰ ਦੀ ਸਤਿਕਾਰਤ ਪਦਵੀ ਤੋਂ ਸਵੈ-ਇੱਛਾ ਨਾਲ ਅਸਤੀਫ਼ਾ ਦੇ ਦਿੱਤਾ। ਇਸ ਨਾਲ ਹੀ ਇਨ੍ਹਾਂ ਨੇ ਵਿਧਾਨ

ਸਭਾ ਹਲਕਾ ਤਰਨ ਤਾਰਨ ਤੋਂ ਚੋਣ ਲੜੀ ਤੇ ਐਮ.ਐਲ.ਏ. ਬਣ ਗਏ। 1958 ਈ. 'ਚ ਹੀ ਜਥੇਦਾਰ ਸਾਹਿਬ ਪੰਜਾਬ ਸੁਬਾਰਡੀਨੇਟ ਸਰਵਿਸ ਬੋਰਡ ਦੇ ਮੈਂਬਰ ਚੁਣੇ ਗਏ। 25 ਸਤੰਬਰ, 1963 ਨੂੰ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨੇ ਸੁਬਾਰਡੀਨੇਟ ਸਰਵਿਸ ਕਮਿਸ਼ਨ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। 1968 ਈ. 'ਚ ਜਥੇਦਾਰ ਮੋਹਨ ਸਿੰਘ ਜੀ ਹਲਕਾ ਖਡੂਰ ਸਾਹਿਬ ਤੋਂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਅਸੈਂਬਲੀ ਦੀ ਐਸਟੀਮੇਟ ਤੇ ਅਕਾਊਂਟਸ ਅਤੇ ਰੂਲਜ਼ ਕਮੇਟੀ ਦੇ ਮੈਂਬਰ ਬਣੇ।

1968 ਈ. 'ਚ ਜਥੇਦਾਰ ਮੋਹਨ ਸਿੰਘ ਜੀ ਦੇ ਦਿਮਾਗ਼ ਦੀ ਨਾੜੀ ਫੱਟ ਗਈ। ਇਨ੍ਹਾਂ ਦੀ ਸਿਹਤਯਾਬੀ ਲਈ ਬਹੁਤ ਯਤਨ ਕੀਤੇ ਗਏ ਪਰ ਪੰਥ-ਦਰਦੀ, ਹਮੇਸ਼ਾ ਪੰਥ ਦਾ ਭਲਾ ਸੋਚਣ ਤੇ ਲੋਚਣ ਵਾਲੀ ਸ਼ਖ਼ਸੀਅਤ 3 ਮਾਰਚ, 1969 ਨੂੰ ਸਰੀਰ ਤਿਆਗ ਕੇ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਈ। 23 ਮਾਰਚ, 1969 ਨੂੰ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਕੀਤਾ। ਇਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਸ਼ੋਭਿਤ ਹੈ। ਇਨ੍ਹਾਂ ਦੀ ਯਾਦ 'ਚ ਇਨ੍ਹਾਂ ਦੇ ਪਿੰਡ 'ਚ ਯਾਦਗਾਰ ਬਣੀ ਹੋਈ ਹੈ ਅਤੇ ਸਾਲਾਨਾ ਜੋੜ-ਮੇਲਾ ਹੁੰਦਾ ਹੈ।

•



ਜਥੇਦਾਰ ਊਧਮ ਸਿੰਘ 'ਨਾਗੋਕੇ'

10

ਜਥੇਦਾਰ ਊਧਮ ਸਿੰਘ 'ਨਾਗੋਕੇ'

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ ਅਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਤਿਕਾਰਤ ਅਹੁਦੇ 'ਤੇ ਬਿਰਾਜਮਾਨ ਰਹੇ ਜਥੇਦਾਰ ਊਧਮ ਸਿੰਘ ਜੀ ਵੀ 'ਨਾਗੋਕੇ' ਦੀ ਜ਼ਰਖ਼ੇਜ਼ ਧਰਤੀ 'ਤੇ ਵਧੇ-ਫੁੱਲੇ ਤੇ ਪ੍ਰਵਾਨ ਚੜ੍ਹੇ। ਸੂਰਬੀਰ ਧਰਮੀ ਜਰਨੈਲ, ਸਿੱਖੀ ਸਿਦਕ ਭਰੋਸੇ 'ਚ ਪ੍ਰਪੱਕ, ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ, ਜਥੇਦਾਰ ਊਧਮ ਸਿੰਘ ਜੀ ਦਾ ਜਨਮ 28 ਅਪ੍ਰੈਲ, 1894 ਈ. ਨੂੰ ਸ. ਬੇਲਾ ਸਿੰਘ ਜੀ ਤੇ ਮਾਤਾ ਅਤਰ ਕੌਰ ਦੇ ਘਰ ਨਾਗੋਕੇ, ਅੰਮ੍ਰਿਤਸਰ 'ਚ ਹੋਇਆ। ਇਨ੍ਹਾਂ ਦਾ ਪਰਿਵਾਰਕ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਜੀ ਦੀ ਅਕਾਲੀ ਫ਼ੌਜ ਨਾਲ ਜੁੜਦਾ ਹੈ। ਇਨ੍ਹਾਂ ਦੇ ਮਾਤਾ-ਪਿਤਾ ਸਿੱਖੀ ਜੀਵਨ-ਜਾਚ ਦੇ ਧਾਰਣੀ, ਤਗੜੇ ਜ਼ਿਮੀਂਦਾਰ ਸਨ। ਧਾਰਮਿਕ ਵਿੱਦਿਆ ਤੇ ਸਿੱਖੀ ਜੀਵਨ ਦੀ ਗੁੜ੍ਹਤੀ ਇਨ੍ਹਾਂ ਨੂੰ ਪਰਿਵਾਰ 'ਚੋਂ ਪ੍ਰਾਪਤ ਹੋਈ। ਸਰੂ ਵਰਗਾ ਕੱਦ, ਚੌੜੀ ਛਾਤੀ ਲੈ ਜਨਮੇ, ਜਥੇਦਾਰ ਊਧਮ ਸਿੰਘ ਮਾਨੋ ਕੌਮ ਤੇ ਦੇਸ਼ ਸੇਵਾ ਵਾਸਤੇ ਧਰਮੀ ਸੂਰਬੀਰ ਪੈਦਾ ਹੋਇਆ ਹੋਵੇ। ਸਕੂਲੀ ਵਿੱਦਿਆ ਇਨ੍ਹਾਂ ਨੇ ਪ੍ਰਾਇਮਰੀ ਤੀਕ ਪ੍ਰਾਪਤ ਕੀਤੀ। ਪਹਿਲੇ ਵਿਸ਼ਵ ਯੁੱਧ ਸਮੇਂ ਫ਼ੌਜ 'ਚ ਜਵਾਨ ਭਰਤੀ ਹੋ ਗਏ ਪਰ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਨੂੰ ਬਹੁਤੀ ਦੇਰ ਪ੍ਰਵਾਨ ਕਰਨ ਲਈ ਇਨ੍ਹਾਂ ਦਾ ਮਨ ਨਾ ਮੰਨਿਆ। 1918 ਈ. 'ਚ ਸਵੈ-ਇੱਛਾ ਨਾਲ ਸਰਕਾਰ ਦੀ ਚਾਕਰੀ ਛੱਡ ਦਿੱਤੀ। ਭਰ ਜੁਆਨੀ 'ਚ ਇਨ੍ਹਾਂ ਦਾ ਅਨੰਦ ਕਾਰਜ ਵਿਲਵਾਂ ਜ਼ਿਲ੍ਹਾ ਕਪੂਰਥਲਾ 'ਚ ਹੋਇਆ। ਅਜੇ ਕੋਈ ਬੱਚਾ ਵੀ ਨਹੀਂ ਸੀ ਹੋਇਆ ਕਿ ਇਨ੍ਹਾਂ ਦੀ ਧਰਮ ਪਤਨੀ ਅਚਾਨਕ ਅਕਾਲ ਚਲਾਣਾ ਕਰ ਗਈ ਪਰ ਇਨ੍ਹਾਂ ਨੇ ਦੂਸਰਾ ਵਿਆਹ ਕਰਾਉਣਾ ਮੁਨਾਸਿਬ ਨਾ ਸਮਝਿਆ।

1919 ਈ. 'ਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੱਖ ਜਾਗ੍ਰਤੀ ਲਹਿਰ - ਸਿੰਘ ਸਭਾ ਲਹਿਰ 'ਚ ਸ਼ਾਮਿਲ ਹੋ ਗਏ। ਪ੍ਰਭਾਵਸ਼ਾਲੀ ਸ਼ਖ਼ਸੀਅਤ ਤੇ ਸਿੱਖੀ ਜਜ਼ਬੇ ਸਦਕਾ ਜਥੇਦਾਰ ਊਧਮ ਸਿੰਘ ਨੂੰ ਸਫਲ ਬੁਲਾਰੇ ਹੋਣ ਦਾ ਮਾਣ ਪ੍ਰਾਪਤ ਹੋਇਆ। ਖਡੂਰ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਦੇ ਪ੍ਰਬੰਧਕ ਵਜੋਂ ਕਾਫ਼ੀ ਸਮਾਂ ਸੇਵਾ ਕੀਤੀ। ਇਸ ਸਮੇਂ ਮਹੰਤਾਂ, ਪੁਜਾਰੀਆਂ ਦੀ ਗੁੰਡਾਗਰਦੀ ਤੇ ਅੰਗਰੇਜ਼ ਸਰਕਾਰ ਦੀ ਤਾਨਾਸ਼ਾਹੀ ਨੀਤੀ ਤੋਂ ਗੁਰਧਾਮਾਂ ਨੂੰ ਅਜ਼ਾਦ ਕਰਾਉਣ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਚੱਲ ਰਹੀ ਸੀ ਜਿਸ ਵਿਚ ਜਥੇਦਾਰ ਊਧਮ ਸਿੰਘ ਜੀ ਤਨ-ਮਨ-ਧਨ

ਤੋਂ ਸ਼ਾਮਿਲ ਹੋ ਗਏ। ਜਲ੍ਹਿਆਂਵਾਲੇ ਬਾਗ਼ ਤੇ ਨਨਕਾਣਾ ਸਾਹਿਬ ਦੇ ਖ਼ੌਫ਼ਨਾਕ ਖ਼ੂਨੀ ਸਾਕੇ ਨੇ ਇਨ੍ਹਾਂ ਨੂੰ ਤਨ-ਮਨ ਤੋਂ ਬੇਚੈਨ ਕਰ ਦਿੱਤਾ। ਚਾਬੀਆਂ ਦੇ ਮੋਰਚੇ 'ਚ ਗ੍ਰਿਫ਼ਤਾਰ ਹੋ 6 ਮਹੀਨੇ ਕਾਲ-ਕੋਠੜੀ 'ਚ ਕੱਟੇ ਅਤੇ ਆਖ਼ਰੀ ਕੈਦੀ ਵਜੋਂ ਰਿਹਾ ਹੋਏ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਜਥੇਦਾਰ ਸਾਹਿਬ ਅੰਗਰੇਜ਼ ਹਕੂਮਤ ਤੇ ਮਹੰਤਾਂ-ਪੁਜਾਰੀਆਂ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਏ ਜਿਸ ਕਰਕੇ ਇਨ੍ਹਾਂ ਨੂੰ 2 ਸਾਲ ਦੀ ਜੇਲ੍ਹ ਕੱਟਣੀ ਤੇ 200/- ਰੁਪਏ ਨਗਦ ਜੁਰਮਾਨਾ ਅਦਾ ਕਰਨਾ ਪਿਆ।

ਜਥੇਦਾਰ ਊਧਮ ਸਿੰਘ ਜੀ ਦੇ ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਧਰਮੀ ਜੀਵਨ ਨੂੰ ਸਨਮੁਖ ਰੱਖਦਿਆਂ ਅਤਿ ਨਾਜ਼ੁਕ ਸਮੇਂ, 1923 ਈ. 'ਚ ਇਨ੍ਹਾਂ ਨੂੰ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ 'ਤੇ ਨਿਯੁਕਤ ਕੀਤਾ ਗਿਆ। ਬਤੌਰ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਊਧਮ ਸਿੰਘ ਜੀ ਨੇ ਗੰਗਸਰ ਜੈਤੋ ਜਾਣ ਵਾਸਤੇ ਪਹਿਲੇ ਜਥੇ ਦੀ ਅਗਵਾਈ ਕਰਨੀ ਸੀ ਪਰ ਅੰਗਰੇਜ਼ ਹਕੂਮਤ ਨੇ ਇਕ ਦਿਨ ਪਹਿਲਾਂ ਹੀ ਇਨ੍ਹਾਂ ਨੂੰ 8 ਫ਼ਰਵਰੀ, 1924 ਨੂੰ ਬੰਦੀ ਬਣਾ, ਜੇਲ੍ਹ 'ਚ ਬੰਦ ਕਰ ਦਿੱਤਾ। ਇਸ ਮੋਰਚੇ ਸਮੇਂ ਇਹ ਦੋ ਸਾਲ ਮੁਲਤਾਨ ਜੇਲ੍ਹ 'ਚ ਬੰਦੀ ਰਹੇ। 1926 ਈ. 'ਚ ਜੇਲ੍ਹ ਤੋਂ ਰਿਹਾਈ ਉਪਰੰਤ ਦੋਬਾਰਾ ਜਥੇਦਾਰ ਸਾਹਿਬ ਨੇ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ।

ਸ਼੍ਰੋਮਣੀ ਕਮੇਟੀ ਦੀ ਸਿੱਖ ਗੁਰਦੁਆਰਾ ਕਾਨੂੰਨ ਅਨੁਸਾਰ ਹੋਈ ਪਹਿਲੀ ਚੋਣ ਸਮੇਂ ਇਹ ਮੈਂਬਰ ਚੁਣੇ ਗਏ ਅਤੇ 1954 ਤੀਕ ਚੁਣੇ ਹੋਏ ਜਾਂ ਨਾਮਜ਼ਦ ਮੈਂਬਰ ਵਜੋਂ ਸੇਵਾ ਨਿਭਾਹੁੰਦੇ ਰਹੇ। 4 ਸਤੰਬਰ, 1926 ਨੂੰ ਸ਼੍ਰੋਮਣੀ ਕਮੇਟੀ ਪਹਿਲੇ ਜਨਰਲ ਇਜਲਾਸ ਸਮੇਂ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਬਤੌਰ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਸ਼ਾਮਿਲ ਸਨ। 1929 ਈ. 'ਚ ਹੋਏ ਕਿਸਾਨ ਅੰਦੋਲਨ ਸਮੇਂ ਵੀ ਜਥੇਦਾਰ ਊਧਮ ਸਿੰਘ ਜੀ ਨੇ ਅੱਗੇ ਵਧ ਕੇ ਹਿੱਸਾ ਲਿਆ ਤੇ ਇਕ ਸਾਲ ਵਾਸਤੇ ਜੇਲ੍ਹ ਯਾਤਰਾ ਕੀਤੀ। ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਚਲਾਈ ਗਈ ਸਿਵਲ ਨਾ-ਫ਼ੁਰਮਾਨੀ ਲਹਿਰ ਸਮੇਂ ਇਨ੍ਹਾਂ ਨੂੰ ਫਿਰ ਗ੍ਰਿਫ਼ਤਾਰ ਕਰ ਕੇ ਇਕ ਸਾਲ ਲਈ ਜੇਲ੍ਹ 'ਚ ਬੰਦ ਕਰ ਦਿੱਤਾ। ਇਹ 1930 ਈ. ਤੋਂ 1933 ਈ. ਤਕ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਵੀ ਰਹੇ। ਇਸ ਸਮੇਂ ਇਨ੍ਹਾਂ ਦੇ ਉੱਦਮ ਸਦਕਾ ਗੁਰੂ ਰਾਮਦਾਸ ਸਰਾਂ ਦੀ ਵਿਸ਼ਾਲ ਇਮਾਰਤ ਬਣਨੀ ਆਰੰਭ ਹੋਈ।

ਪਹਿਲੀ ਨਵੰਬਰ, 1929 ਨੂੰ ਪਹਿਲੀ ਵਾਰ ਜਥੇਦਾਰ ਊਧਮ ਸਿੰਘ ਜੀ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। 26 ਅਪ੍ਰੈਲ, 1930 ਨੂੰ ਸ਼੍ਰੋਮਣੀ ਕਮੇਟੀ ਦੀ ਦੂਸਰੀ ਜਨਰਲ ਚੋਣ ਸਮੇਂ ਇਨ੍ਹਾਂ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ। 30 ਦਸੰਬਰ, 1933 ਨੂੰ ਹੋਏ ਉਚੇਚੇ ਜਨਰਲ ਇਜਲਾਸ ਤੇ ਰਹੁਰੀਤ ਕਮੇਟੀ ਦੀ ਇਕੱਤ੍ਰਤਾ ਸਮੇਂ ਜਥੇਦਾਰ ਊਧਮ ਸਿੰਘ ਜੀ ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਮੈਂਬਰ ਵਜੋਂ ਹਾਜ਼ਰ ਹੋਏ।

18 ਜੂਨ, 1936 ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਸਮੇਂ ਜਥੇਦਾਰ ਊਧਮ ਸਿੰਘ ਜੀ ਨੇ ਪ੍ਰਧਾਨ ਦੀ ਪਦਵੀ ਲਈ ਮਾਸਟਰ ਤਾਰਾ ਸਿੰਘ ਜੀ ਦਾ ਨਾਂ ਤਜਵੀਜ਼

ਕੀਤਾ, ਜੋ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। 1935 ਈ. 'ਚ ਸ਼੍ਰੋਮਣੀ ਕਮੇਟੀ ਦੀ ਖੜਗ ਭੁਜਾ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਸੇਵਾ ਸੰਭਾਲੀ। 1936 ਈ. ਤੋਂ 1939 ਈ. ਤੀਕ ਅਜ਼ਾਦੀ ਦੀ ਲਹਿਰ 'ਚ ਸ਼ਾਮਿਲ ਹੋਣ ਕਾਰਨ ਇਨ੍ਹਾਂ ਨੂੰ ਤਿੰਨ ਸਾਲ ਫੇਰ ਜੇਲ੍ਹ 'ਚ ਗੁਜ਼ਾਰਨੇ ਪਏ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਵੀ ਜੇਲ੍ਹ ਯਾਤਰਾ ਕੀਤੀ। ਜਥੇਦਾਰ ਸਾਹਿਬ 1933 ਈ. ਤੋਂ 1936 ਤੀਕ ਜ਼ਿਲ੍ਹਾ ਬੋਰਡ ਅੰਮ੍ਰਿਤਸਰ ਦੇ ਮੈਂਬਰ ਰਹੇ। ਇਸ ਸਮੇਂ ਇਨ੍ਹਾਂ ਵਿੱਦਿਆ ਦੇ ਪ੍ਰਸਾਰ ਤੇ ਸੜਕਾਂ ਦੇ ਨਿਰਮਾਣ ਕਾਰਜ ਵਿਚ ਵਿਸ਼ੇਸ਼ ਯੋਗਦਾਨ ਪਾਇਆ। 3 ਅਪ੍ਰੈਲ, 1940 ਨੂੰ ਜਥੇਦਾਰ ਊਧਮ ਸਿੰਘ ਦੀ ਤਜਵੀਜ਼ 'ਤੇ ਫ਼ੌਜੀ ਸਿੱਖਾਂ ਲਈ ਲੋਹ ਟੋਪ ਪਹਿਨਣ ਦੇ ਵਿਰੋਧ ਵਿਚ ਮਤਾ ਪਾਸ ਕੀਤਾ ਗਿਆ ਕਿ ਇਹ ਸਿੱਖ ਰਹਿਤ ਮਰਯਾਦਾ ਤੇ ਸਿੱਖ ਜਜ਼ਬਾਤਾਂ ਦੀ ਉਲੰਘਣਾ ਹੈ।

30 ਨਵੰਬਰ, 1940 ਅਤੇ 26 ਅਕਤੂਬਰ 1941 ਨੂੰ ਜਥੇਦਾਰ ਸਾਹਿਬ ਫਿਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਚੁਣੇ ਗਏ। 26 ਅਕਤੂਬਰ, 1945 ਨੂੰ ਜਥੇਦਾਰ ਊਧਮ ਸਿੰਘ ਨਾਗੋਕੇ ਨੇ ਅਜ਼ਾਦ ਹਿੰਦ ਫ਼ੌਜ ਦੇ ਫ਼ੌਜੀਆਂ ਦੀ ਰਿਹਾਈ ਤੇ ਆਰਥਿਕ ਸਹਾਇਤਾ ਦਾ ਮਤਾ ਪੇਸ਼ ਕੀਤਾ ਤੇ ਪਾਸ ਕਰਵਾਇਆ। 1946 ਈ. ਨੂੰ ਅੰਮ੍ਰਿਤਸਰ ਦਿਹਾਤੀ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। 1947 ਈ. 'ਚ ਭੂਤਰੀ ਭੀੜ ਤੇ ਦੰਗਾਕਾਰੀਆਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਚਾਹਿਆ, ਜਿਸਦਾ ਮੁਕਾਬਲਾ ਕਰ ਕੇ ਜਥੇਦਾਰ ਊਧਮ ਸਿੰਘ ਜੀ ਤੇ ਇਹਨਾਂ ਦੇ ਸਾਥੀਆਂ ਨੇ ਕੁਰਬਾਨੀ-ਦਲੇਰੀ ਦੀ ਮਿਸਾਲ ਕਾਇਮ ਕੀਤੀ।

28 ਮਈ, 1948 ਨੂੰ ਹੋਏ ਜਨਰਲ ਇਜਲਾਸ ਸਮੇਂ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਸਿੱਖਾਂ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ 'ਤੇ ਸੁਸ਼ੋਭਿਤ ਹੋਏ। ਇਸ ਜਨਰਲ ਇਜਲਾਸ ਸਮੇਂ ਹੀ ਜਥੇਦਾਰ ਊਧਮ ਸਿੰਘ ਜੀ ਪ੍ਰਧਾਨ ਨੂੰ ਮੁਸਲਿਮ ਰਿਆਸਤ ਹੈਦਰਾਬਾਦ ਦੀ ਗੜਬੜ ਨੂੰ ਦੇਖ ਕੇ ਗੁਰਦੁਆਰਾ (ਤਖ਼ਤ) ਅਬਚਲ ਨਗਰ ਹਜ਼ੂਰ ਸਾਹਿਬ ਨਾਦੇੜ ਦੀ ਸੁਰੱਖਿਆ ਤੇ ਉਥੇ ਵੱਸਦੇ ਸਿੱਖਾਂ ਦੀ ਹਿਫ਼ਾਜ਼ਤ ਲਈ ਉਥੇ ਜਾ ਕੇ ਪੂਰਾ-ਪੂਰਾ ਪ੍ਰਬੰਧ ਕਰਨ ਦੇ ਅਧਿਕਾਰ ਦਿੱਤੇ ਗਏ। ਇਨ੍ਹਾਂ ਨੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ, ਸੁਤੰਤਰ ਮਹਿਕਮਾ ਤੇ ਸਲਾਹਕਾਰ ਕਮੇਟੀ ਬਣਾਈ। 6 ਮਾਰਚ, 1949 ਨੂੰ ਸ਼੍ਰੋਮਣੀ ਕਮੇਟੀ ਦੇ ਪਿਛਲੇ ਕੰਮਾਂ ਦੀ ਰੀਪੋਰਟ ਹਾਊਸ ਵਿਚ ਜਥੇਦਾਰ ਊਧਮ ਸਿੰਘ ਜੀ ਨੇ ਪੇਸ਼ ਕੀਤੀ ਅਤੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਉੱਨਤੀ ਲਈ 6 ਸਾਲਾਂ ਦੇ ਪ੍ਰੋਗਰਾਮ ਉਲੀਕੇ ਗਏ। ਗੁਰਦੁਆਰਾ ਗਜ਼ਟ 'ਚ ਸਾਹਿਤਕ ਵਾਧਾ ਕਰਨ, ਸ਼ਰਨਾਰਥੀਆਂ ਦੀ ਸਹਾਇਤਾ, ਦਸਤਕਾਰੀ ਤੇ ਪੰਜਾਬੀ ਬੋਲੀ ਦੇ ਵਿਕਾਸ ਅਤੇ ਰਾਜਸੀ ਮਤਭੇਦਾਂ ਨੂੰ ਗੁਰਦੁਆਰਾ ਪ੍ਰਬੰਧ ਤੋਂ ਬਾਹਰ ਰੱਖਣ ਦੇ ਮਹੱਤਵਪੂਰਨ ਫ਼ੈਸਲੇ ਕੀਤੇ ਗਏ। ਜਥੇਦਾਰ ਊਧਮ ਸਿੰਘ ਜੀ ਨਾਗੋਕੇ ਦੀ ਪ੍ਰਧਾਨਗੀ ਹੇਠ 10 ਜੂਨ, 1948 ਨੂੰ ਪਹਿਲਾ ਮਤਾ ਪਾਸ ਕੀਤਾ ਗਿਆ ਕਿ ਅੱਗੋਂ ਲਈ ਗੁਰਦੁਆਰਿਆਂ ਨੂੰ ਗੁਰਸਿੱਖੀ ਦੇ ਸੋਮੇ ਬਣਾਇਆ ਜਾਵੇ ਤੇ ਗੁਰਦੁਆਰਿਆਂ ਵਿਚ ਧੜੇਬੰਦੀ ਦਾ ਕੋਈ ਪ੍ਰਚਾਰ ਆਦਿ ਨਾ ਕੀਤਾ ਜਾਇਆ ਕਰੇ।

13 ਅਪ੍ਰੈਲ, 1949 ਨੂੰ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਦੀ ਪ੍ਰਧਾਨਗੀ ਹੇਠ ਹੋਏ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਫ਼ੈਸਲਾ ਹੋਇਆ ਕਿ ਨਾਜ਼ੁਕ ਹਾਲਾਤ ਨੂੰ ਸਨਮੁਖ ਰੱਖਦਿਆਂ, ਅਹੁਦੇਦਾਰ ਤੇ ਅੰਤ੍ਰਿੰਗ ਕਮੇਟੀ ਮੈਂਬਰ ਪਹਿਲੇ ਹੀ ਰਹਿਣ। ਇਨ੍ਹਾਂ ਦੀ ਪ੍ਰਧਾਨਗੀ ਸਮੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਹੋਇਆ।

4 ਅਪ੍ਰੈਲ, 1951 ਨੂੰ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਦੀ ਪ੍ਰਧਾਨਗੀ 'ਚ ਹੋਇਆ ਜਿਸ ਵਿਚ 151 ਮੈਂਬਰ ਹਾਜ਼ਰ ਸਨ। ਪ੍ਰਧਾਨਗੀ ਚੋਣ ਸਮੇਂ ਜਥੇਦਾਰ ਊਧਮ ਸਿੰਘ ਦੇ ਮੁਕਾਬਲੇ, ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਚੁਣੇ ਗਏ। ਇਸ ਤਰ੍ਹਾਂ ਜਥੇਦਾਰ ਊਧਮ ਸਿੰਘ ਜੀ ਨਾਗੋਕੇ 28 ਮਈ, 1948 ਤੋਂ 4 ਅਪ੍ਰੈਲ, 1951 ਤੀਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ 'ਤੇ ਸੁਸ਼ੋਭਿਤ ਰਹੇ।

1946 ਈ. ਤੋਂ 1952 ਈ. ਤੀਕ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। 1953 ਈ. ਵਿਚ ਕਾਂਗਰਸ ਪਾਰਟੀ ਵੱਲੋਂ ਰਾਜ ਸਭਾ ਦੇ ਮੈਂਬਰ ਚੁਣੇ ਗਏ ਤੇ 1960 ਈ. ਤੀਕ ਮੈਂਬਰ ਪਾਰਲੀਮੈਂਟ ਕਾਰਜਸ਼ੀਲ ਰਹੇ। ਇਸ ਸਮੇਂ ਦੌਰਾਨ ਹੀ ਪੰਜਾਬ ਪ੍ਰਦੇਸ਼ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ।

ਇਨ੍ਹਾਂ ਦੀ ਪ੍ਰਧਾਨਗੀ ਕਾਰਜ ਸਮੇਂ ਹੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਹੋਂਦ ਵਿਚ ਆਇਆ ਤੇ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਦਾ ਵਿਸਥਾਰ ਕੀਤਾ ਗਿਆ। ਮਿੱਠ-ਬੋਲੜੇ ਤੇ ਮਿਲਵਰਤਣ ਵਾਲੇ ਸੁਭਾਅ ਕਰਕੇ ਇਨ੍ਹਾਂ ਦੇ ਸਿੱਖ ਸੰਪਰਦਾਵਾਂ, ਟਕਸਾਲਾਂ, ਧਾਰਮਿਕ ਸਭਾ ਸੁਸਾਇਟੀਆਂ ਤੇ ਸਿੱਖ ਜਥੇਬੰਦੀਆਂ ਨਾਲ ਬਹੁਤ ਚੰਗੇ ਤੇ ਨਿਵੇਕਲੇ ਸੰਬੰਧ ਰਹੇ। ਖ਼ਾਸ ਕਰਕੇ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ, ਭਿੰਡਰਾਂਵਾਲਿਆਂ ਨਾਲ ਇਨ੍ਹਾਂ ਦਾ ਬਹੁਤ ਪਿਆਰ-ਮੁਹੱਬਤ ਤੇ ਮੇਲ-ਮਿਲਾਪ ਸੀ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ 1952 ਈ. ਵਿਚ ਭਾਰਤ ਸੇਵਕ ਸਮਾਜ ਦਾ ਮੁਖੀ ਬਣਾਇਆ। ਇਨ੍ਹਾਂ ਨੇ 1956 ਈ. 'ਚ *ਸਿੱਖ ਧਰਮ ਤੇ ਮੌਜੂਦਾ ਰਾਜਨੀਤੀ* ਪੁਸਤਕ ਪ੍ਰਕਾਸ਼ਿਤ ਕਰਵਾਈ। ਕਿਹਾ ਜਾਂਦਾ ਹੈ ਕਿ ਇਹ ਪੁਸਤਕ ਇਨ੍ਹਾਂ ਨੇ ਪੰਡਿਤ ਨਹਿਰੂ ਨੂੰ ਖ਼ੁਸ਼ ਕਰਨ ਵਾਸਤੇ ਮਾਸਟਰ ਤਾਰਾ ਸਿੰਘ ਜੀ ਦੇ ਵਿਰੋਧ ਵਿਚ ਲਿਖੀ। ਜਥੇਦਾਰ ਊਧਮ ਸਿੰਘ ਜੀ ਆਖ਼ਰੀ ਸਮੇਂ, ਸੰਤ ਚੰਨਣ ਸਿੰਘ ਜੀ ਦੇ ਗਰੁੱਪ 'ਚ ਸ਼ਾਮਿਲ ਹੋ ਕੇ ਮਾਸਟਰ ਤਾਰਾ ਸਿੰਘ ਜੀ ਦਾ ਵਿਰੋਧ ਕਰਦੇ ਰਹੇ।

ਜਥੇਦਾਰ ਸਾਹਿਬ 1960 ਈ. ਵਿਚ ਰਾਜ ਗੋਪਾਲ ਅਚਾਰੀਆ ਦੀ ਸੁਤੰਤਰ ਪਾਰਟੀ 'ਚ ਸ਼ਾਮਿਲ ਹੋ ਗਏ ਤੇ ਇਕ ਸਾਲ ਇਸ ਦੀ ਪੰਜਾਬ ਇਕਾਈ ਦੇ ਮੁਖੀ ਵੀ ਰਹੇ।

ਪ੍ਰਭਾਵਸ਼ਾਲੀ ਸ਼ਖ਼ਸੀਅਤ, ਨਿਰਭੈ ਪੰਥਕ ਯੋਧੇ, ਅਜ਼ਾਦੀ ਘੁਲਾਟੀਏ ਅਕਾਲੀ, ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ, ਸ਼੍ਰੋਮਣੀ ਕਮੇਟੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੈਂਬਰ ਪਾਰਲੀਮੈਂਟ ਰਹੇ ਅਤੇ 11 ਜਨਵਰੀ, 1966 ਨੂੰ ਕੁਝ

ਸਮਾਂ ਬੀਮਾਰ ਰਹਿਣ ਉਪਰੰਤ ਪੀ.ਜੀ.ਆਈ. ਚੰਡੀਗੜ੍ਹ 'ਚ ਅਕਾਲ ਚਲਾਣਾ ਕਰ ਗਏ। 20 ਮਾਰਚ, 1966 ਨੂੰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਸਮੇਂ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਦੇ ਅਕਾਲ ਚਲਾਣੇ 'ਤੇ ਸ਼ੋਕ ਦਾ ਮਤਾ ਜਥੇਦਾਰ ਮੋਹਨ ਸਿੰਘ ਜੀ ਤੁੜ ਨੇ ਪੇਸ਼ ਕੀਤਾ ਜੋ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ। ਇਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਹੈ। ਇਨ੍ਹਾਂ ਦੀ ਯਾਦ ਪਿੰਡ ਨਾਗੋਕੇ 'ਚ ਬਣੀ ਹੋਈ ਹੈ, ਜਿਥੇ ਸਾਲਾਨਾ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ।

•



ਜਥੇਦਾਰ ਚੰਨਣ ਸਿੰਘ 'ਉਰਾੜਾ'

11

ਜਥੇਦਾਰ ਚੰਨਣ ਸਿੰਘ 'ਉਰਾੜਾ'

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਸੁਤੰਤਰਤਾ ਲਹਿਰ ਨਾਲ ਬਚਪਨ ਤੋਂ ਜੁੜੇ ਹੋਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਪਦਵੀ 'ਤੇ ਬਿਰਾਜਮਾਨ ਰਹਿ ਚੁੱਕੇ ਜਥੇਦਾਰ ਚੰਨਣ ਸਿੰਘ 'ਉਰਾੜਾ' ਦਾ ਜਨਮ 1902 ਈ. 'ਚ ਸ. ਲਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਘਰ ਪਿੰਡ ਉਰਾੜਾ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ 'ਚ ਹੋਇਆ। ਬਾਲ-ਜੁਆਨੀ ਜਥੇਦਾਰ ਚੰਨਣ ਸਿੰਘ 'ਉਰਾੜਾ' ਦੀ ਦੇਸ਼ ਦੀ ਅਜ਼ਾਦੀ ਤੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਬੀਤੀ। ਜਥੇਦਾਰ ਚੰਨਣ ਸਿੰਘ 'ਉਰਾੜਾ' ਦਾ ਅਨੰਦ ਕਾਰਜ ਵਲਟੋਹਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਨ੍ਹਾਂ ਦੇ ਘਰ ਚਾਰ ਸਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ। ਜਥੇਦਾਰ ਸਾਹਿਬ ਬਚਪਨ ਤੋਂ ਹੀ ਅਜ਼ਾਦ ਸੁਭਾਅ ਦੇ ਮਾਲਕ ਸਨ ਤੇ ਅਜ਼ਾਦੀ ਲਹਿਰ ਨਾਲ ਜੁੜੇ ਹੋਏ ਸਨ। 17 ਸਾਲ ਦੀ ਭਰ ਜੁਆਨੀ 'ਚ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਸਮੇਂ ਇਨ੍ਹਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਤੇ ਕੈਦ ਕੱਟੀ। 1923-24 ਈ. 'ਚ ਡਸਕੇ ਦੇ ਮੋਰਚੇ ਸਮੇਂ ਵੀ ਅਕਾਲੀ ਲਹਿਰ 'ਚ ਇਨ੍ਹਾਂ ਨੇ ਇਕ ਸਾਲ ਜੇਲ੍ਹ ਯਾਤਰਾ ਕੀਤੀ। ਜਥੇਦਾਰ ਚੰਨਣ ਸਿੰਘ 'ਉਰਾੜਾ' ਨੂੰ 1924-25 ਈ. ਵਿਚ ਫੇਰੂ ਦੇ ਮੋਰਚੇ ਸਮੇਂ ਸੈਂਟਰਲ ਜੇਲ੍ਹ ਲਾਹੌਰ 'ਚ ਇਕ ਸਾਲ ਦੀ ਕੈਦ ਕੱਟਣੀ ਪਈ ਅਤੇ 100/- ਰੁਪਏ ਜੁਰਮਾਨਾ ਅਦਾ ਕਰਨਾ ਪਿਆ। ਇਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੱਗੇ ਕ੍ਰਿਪਾਨ ਦੇ ਮੋਰਚੇ ਸਮੇਂ ਅਟਕ ਜੇਲ੍ਹ 'ਚ ਇਕ ਹਫ਼ਤੇ ਦੀ ਕੈਦ ਕੱਟੀ ਅਤੇ 300/- ਰੁਪਏ ਜੁਰਮਾਨਾ ਭਰਿਆ। 1941 ਈ. 'ਚ ਇਹ ਇਕ ਸਾਲ ਲਈ ਫਿਰ ਨਜ਼ਰਬੰਦ ਰਹੇ। ਜਥੇਦਾਰ ਚੰਨਣ ਸਿੰਘ 'ਉਰਾੜਾ' ਨੇ ਭਾਰਤ ਛੱਡੋ ਅੰਦੋਲਨ ਸਮੇਂ ਸਰਗਰਮੀ ਨਾਲ ਹਿੱਸਾ ਲਿਆ ਅਤੇ 2 ਸਾਲ 9 ਮਹੀਨੇ ਸੈਂਟਰਲ ਜੇਲ੍ਹ ਮੁਲਤਾਨ 'ਚ ਨਜ਼ਰਬੰਦ ਰਹੇ। ਜਥੇਦਾਰ ਚੰਨਣ ਸਿੰਘ 'ਉਰਾੜਾ' ਨੂੰ 1946 ਈ. 'ਚ ਫਿਰ ਗ੍ਰਿਫ਼ਤਾਰ ਕਰ ਕੇ ਇਕ ਸਾਲ ਨਜ਼ਰਬੰਦ ਰੱਖਿਆ ਗਿਆ।

ਆਖ਼ਰੀ ਵਾਰ ਦੇਸ਼ ਵੰਡ ਦੇ ਸਮੇਂ 1947 ਈ. 'ਚ ਜਥੇਦਾਰ ਚੰਨਣ ਸਿੰਘ 'ਉਰਾੜਾ' ਨੂੰ ਸੁਰੱਖਿਆ ਐਕਟ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਤੇ ਤਿੰਨ ਮਹੀਨੇ ਸੈਂਟਰਲ ਜੇਲ੍ਹ ਲਾਹੌਰ 'ਚ ਬੰਦੀ ਰੱਖਿਆ ਗਿਆ। ਦੇਸ਼ ਵੰਡ ਉਪਰੰਤ ਇਨ੍ਹਾਂ ਨੂੰ ਸ. ਸੰਪੂਰਨ ਸਿੰਘ ਦੇ ਯਤਨਾਂ ਸਦਕਾ ਵਲਟੋਹਾ ਪਹੁੰਚਾਇਆ ਗਿਆ। ਦੇਸ਼ ਵੰਡ ਉਪਰੰਤ

ਆਪ ਪਰਿਵਾਰ ਸਮੇਤ ਦਾਊਦਪੁਰਾ ਨੇੜੇ ਵਲਟੋਹਾ ਵੱਸ ਗਏ, ਜਿਥੇ ਇਨ੍ਹਾਂ ਦੇ ਪੁੱਤ-ਪੋਤਰੇ ਹੁਣ ਵੀ ਆਪੋ-ਆਪਣੇ ਕਾਰੋਬਾਰਾਂ 'ਚ ਮਸਰੂਫ਼ ਹਨ। ਇਨ੍ਹਾਂ ਦੇ ਪੁੱਤ-ਪੋਤਰਿਆਂ ਦੇ ਦੱਸਣ ਅਨੁਸਾਰ 1953 ਈ. ਵਿਚ ਜਥੇਦਾਰ ਜੀ ਤੇ ਇਨ੍ਹਾਂ ਦੇ ਭਤੀਜੇ ਨੂੰ ਬਹੋੜੂ ਪੁਲ 'ਤੇ ਨੇੜੇ ਅੰਮ੍ਰਿਤਸਰ, ਬੱਸ 'ਚੋਂ ਕੱਢ ਕੇ ਕਤਲ ਕਰ ਦਿੱਤਾ ਗਿਆ। ਇਹ ਕਤਲ ਇਨ੍ਹਾਂ ਦੇ ਸ਼ਰੀਕੇ ਵਿੱਚੋਂ ਹੀ ਕੀਤੇ ਗਏ।

ਸ਼੍ਰੋਮਣੀ ਕਮੇਟੀ ਦੇ ਰੀਕਾਰਡ ਮੁਤਾਬਿਕ ਆਪ 18 ਮਾਰਚ, 1950 ਤੋਂ 26 ਨਵੰਬਰ, 1950 ਤੀਕ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨਗੀ ਪਦ 'ਤੇ ਸ਼ੋਭਨੀਕ ਰਹੇ। 08 ਅਪ੍ਰੈਲ, 1932 ਨੂੰ ਗੁਰਦੁਆਰਾ ਐਕਟ ਦੀ ਦਫ਼ਾ 44 (4) ਦੇ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਨਵੇਂ ਮੈਂਬਰਾਂ ਦੀ ਇਕੱਤ੍ਰਤਾ ਪੰਜਾਬ ਸਰਕਾਰ ਦੇ ਸੱਦੇ 'ਤੇ 11 ਵਜੇ ਟਾਊਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਡਿਪਟੀ ਕਮਿਸ਼ਨਰ ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਅੰਕ ਨੰ: 63 ਅਨੁਸਾਰ ਜਥੇਦਾਰ ਜੀ, ਪਿੰਡ ਉਰਾੜਾ, ਤਹਿਸੀਲ ਕਸੂਰ (ਲਾਹੌਰ) ਤੋਂ ਹਾਜ਼ਰ ਸਨ। 17 ਜੂਨ, 1933; 02 ਅਕਤੂਬਰ, 1934; 13 ਜੂਨ, 1936; 28 ਨਵੰਬਰ, 1937 ਅਤੇ 09 ਅਕਤੂਬਰ, 1938 ਨੂੰ ਹੋਈਆਂ ਜਨਰਲ ਇਕੱਤ੍ਰਤਾਵਾਂ ਸਮੇਂ ਜਥੇਦਾਰ ਜੀ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ।

29 ਅਕਤੂਬਰ, 1935 ਨੂੰ ਸਰਕਾਰ ਦੇ ਫ਼ਿਰਕੇਦਾਰੀ ਫ਼ੈਸਲੇ ਵਿਰੁੱਧ ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਇਜਲਾਸ ਬੁਲਵਾਇਆ। ਇਸ ਸਮੇਂ ਗੁਰਦੁਆਰਾ ਸ਼ਹੀਦ ਗੰਜ, ਕ੍ਰਿਪਾਨ ਦਾ ਮਸਲਾ ਤੇ ਮੁਸਲਿਮ ਪੁਲਿਸ ਦੀ ਧੱਕੇਸ਼ਾਹੀ ਵਿਰੁੱਧ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ ਗਿਆ, ਜਿਸ ਵਿਚ ਜਥੇਦਾਰ ਜੀ ਤੇ ਸ. ਅਰਜਨ ਸਿੰਘ ਲਾਹੌਰ ਵਾਲਿਆਂ ਨੇ ਕਿਹਾ ਕਿ ਇਸ ਮੋਰਚੇ ਵਿਚ ਕੁਰਬਾਨੀ ਦੇਣ ਲਈ ਲਾਹੌਰ ਜ਼ਿਲ੍ਹਾ ਸਭ ਤੋਂ ਅੱਗੇ ਹੋਵੇਗਾ। 25 ਅਪ੍ਰੈਲ, 1936 ਨੂੰ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਉਪਰੰਤ ਪਹਿਲਾ ਜਨਰਲ ਇਜਲਾਸ ਹੋਇਆ, ਜਿਸ 'ਚ ਜਥੇਦਾਰ ਚੰਨਣ ਸਿੰਘ 'ਉਰਾੜਾ', ਡਾ. ਰਾਜਾ ਗੰਜ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਤੋਂ ਹਾਜ਼ਰ ਸਨ।

28 ਮਈ, 1948 ਨੂੰ ਨਵੀਂ ਚੋਣ ਉਪਰੰਤ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਜਥੇਦਾਰ ਜੀ ਨੂੰ ਮੈਂਬਰ ਸ਼੍ਰੋਮਣੀ ਕਮੇਟੀ ਨਾਮਜ਼ਦ ਕੀਤਾ ਗਿਆ। ਸ਼ਮਸ਼ੇਰ ਸਿੰਘ ਅਸ਼ੋਕ ਦੀ ਲਿਖਤ ਅਨੁਸਾਰ ਇਸ ਸਮੇਂ ਜਥੇਦਾਰ ਸਾਹਿਬ ਐਮ.ਐਲ.ਏ. ਵੀ ਸਨ। ਸ਼੍ਰੋਮਣੀ ਕਮੇਟੀ ਦਾ ਜਨਰਲ ਸਮਾਗਮ 26 ਫ਼ਰਵਰੀ, 1950 ਨੂੰ ਜਥੇਦਾਰ ਜੀ ਦੀ ਪ੍ਰਧਾਨਗੀ 'ਚ ਆਰੰਭ ਹੋਇਆ। ਜਨਰਲ ਇਜਲਾਸ ਸਰਬ ਸੰਮਤੀ ਨਾਲ ਪ੍ਰਵਾਨ ਕਰਦਾ ਹੈ ਕਿ ਸਮਝੌਤੇ ਵਜੋਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦਾ ਸਾਰਾ ਮਾਮਲਾ ਜਥੇਦਾਰ ਚੰਨਣ ਸਿੰਘ 'ਉਰਾੜਾ' ਦੇ ਹਵਾਲੇ ਕੀਤਾ ਜਾਂਦਾ ਹੈ। ਜਥੇਦਾਰ ਊਧਮ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਅਸਾਂ ਸਭ ਕੁਝ ਜਥੇਦਾਰ ਚੰਨਣ ਸਿੰਘ 'ਉਰਾੜਾ' ਦੇ ਹਵਾਲੇ ਕੀਤਾ ਹੈ ਤੇ ਅਸਾਨੂੰ ਸਾਰਿਆਂ ਨੂੰ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ। ਜੋ ਫ਼ੈਸਲਾ ਉਹ ਕਰਨ, ਉਸਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ।

ਇਸ ਉਪਰੰਤ ਸ. ਬਾਲ ਸਿੰਘ ਮੈਂਬਰ, ਸ਼੍ਰੋਮਣੀ ਕਮੇਟੀ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ। ਜਥੇਦਾਰ ਚੰਨਣ ਸਿੰਘ 'ਉਰਾੜਾ' ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦੋਹਾਂ ਧੜਿਆਂ ਨੇ ਮੇਰੀ ਡਿਊਟੀ ਲਗਾਈ ਹੈ ਕਿ ਮੈਂ ਇਨ੍ਹਾਂ ਦੇ ਆਪਸੀ ਮਤਭੇਦ ਗੱਲਬਾਤ ਕਰ ਕੇ ਮੁਕਾ ਦਿਆਂ ਤੇ ਜੇ ਗੱਲਬਾਤ ਕਰ ਕੇ ਨਾ ਮੁੱਕਣ ਤਾਂ ਸਾਲਸੀ ਫ਼ੈਸਲਾ ਦਿਆਂ, ਇਸ ਲਈ ਮੈਂ ਚੇਅਰਮੈਨ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੀਟਿੰਗ ਦੋ ਘੰਟਿਆਂ ਲਈ ਮੁਲਤਵੀ ਕਰ ਦਿੱਤੀ ਜਾਵੇ ਤੇ ਮੁੜ ਕੇ ਇਜਲਾਸ ਤਿੰਨ ਵਜੇ ਸ਼ੁਰੂ ਹੋਵੇ। ਚੇਅਰਮੈਨ ਸਾਹਿਬ ਨੇ ਹਾਊਸ ਦੀ ਰਾਇ ਲਈ ਅਤੇ ਸਾਰਿਆਂ ਮੈਂਬਰਾਂ ਦੇ ਸਹਿਮਤੀ ਪ੍ਰਗਟ ਕਰਨ 'ਤੇ ਇਜਲਾਸ ਦੋ ਘੰਟੇ ਲਈ ਮੁਲਤਵੀ ਕਰ ਦਿੱਤਾ।

ਦੋਬਾਰਾ ਇਜਲਾਸ ਸ਼ੁਰੂ ਹੋਣ 'ਤੇ ਜਥੇਦਾਰ ਊਧਮ ਸਿੰਘ ਨੇ ਕਿਹਾ ਕਿ ਕਾਫ਼ੀ ਦੇਰ ਤੋਂ ਸਾਡੀ ਇਹ ਖ਼ਾਹਿਸ਼ ਹੈ ਕਿ ਪੰਥ ਵਿਚ ਏਕਤਾ ਹੋਵੇ, ਇਹ ਹੈ ਵੀ ਜ਼ਰੂਰੀ ਕਿਉਂਕਿ ਦੇਸ਼ ਤੇ ਕੌਮ ਦੇ ਮੌਜੂਦਾ ਹਾਲਾਤ ਏਕਤਾ ਤੇ ਵਧੇਰੇ ਮਜ਼ਬੂਤੀ ਦੀ ਮੰਗ ਕਰਦੇ ਹਨ। ਮੈਂ ਚੂੰਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਾਂ, ਇਸ ਲਈ ਮੈਂ ਅਤੇ ਮੇਰੇ ਸਾਥੀ ਜ਼ਰੂਰੀ ਸਮਝਦੇ ਹਨ ਕਿ ਆਪਣੇ ਸਾਥੀਆਂ ਅਤੇ ਸਾਰੇ ਹਾਊਸ ਨੂੰ ਅਪੀਲ ਕਰਾਂ ਕਿ ਸਾਰਾ ਮਾਮਲਾ ਜਥੇਦਾਰ ਚੰਨਣ ਸਿੰਘ ਦੇ ਹਵਾਲੇ ਕਰ ਦੇਣ ਤੇ ਉਹ ਜੋ ਚਾਹੁਣ ਫ਼ੈਸਲਾ ਕਰ ਦੇਣ। ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ ਜਥੇਦਾਰ ਚੰਨਣ ਸਿੰਘ ਜੋ ਫ਼ੈਸਲਾ ਕਰਨਗੇ, ਉਹ ਭਾਵੇਂ ਮੈਨੂੰ ਪਸੰਦ ਹੋਵੇ ਜਾਂ ਨਾ, ਮੈਂ ਉਸ ਦਾ ਪਾਬੰਦ ਹੋਵਾਂਗਾ ਤੇ ਆਪਣੇ ਸਾਥੀਆਂ ਨੂੰ ਵੀ ਕਹਾਂਗਾ ਕਿ ਉਹ ਇਸ ਦੇ ਪਾਬੰਦ ਰਹਿਣ।

ਜਥੇਦਾਰ ਚੰਨਣ ਸਿੰਘ 'ਉਰਾੜਾ' ਨੇ ਕਿਹਾ ਕਿ ਮੈਂ ਕਾਫ਼ੀ ਕੋਸ਼ਿਸ਼ ਕੀਤੀ ਹੈ ਭਾਵੇਂ ਗੱਲ ਹਾਲੇ ਤਕ ਨਿਬੜੀ ਨਹੀਂ, ਪਰ ਨਿਬੜ ਜ਼ਰੂਰ ਜਾਏਗੀ। ਮਾਮਲਾ ਜਿਹੜਾ ਮੇਰੇ ਹੱਥ ਵਿਚ ਦਿੱਤਾ ਗਿਆ ਹੈ, ਮੈਂ ਇਸ ਨੂੰ ਇਸ ਤਰ੍ਹਾਂ ਨਜਿੱਠਣ ਦੀ ਕੋਸ਼ਿਸ਼ ਕਰਾਂਗਾ, ਜਿਸ ਨਾਲ ਪੰਥ ਚੜ੍ਹਦੀਆਂ ਕਲਾਂ ਵਿਚ ਜਾਵੇ। ਕੁਝ ਦਿਨਾਂ ਤੀਕ ਮੈਂ ਅੰਤ੍ਰਿੰਗ ਕਮੇਟੀ ਤੇ ਅਹੁਦੇਦਾਰਾਂ ਦੀ ਚੋਣ ਕਰਾਂਗਾ। ਅੱਜ ਦੀ ਇਕੱਤ੍ਰਤਾ ਵਿਚ ਬਜਟ ਪਾਸ ਕਰ ਦਿੱਤਾ ਜਾਵੇ। ਜੋ ਮੁਕੱਦਮੇ ਦੋਹਾਂ ਧਿਰਾਂ ਨੇ ਇਕ ਦੂਜੇ ਉੱਪਰ ਕੀਤੇ ਹਨ, ਉਹ ਵੀ ਵਾਪਸ ਲੈ ਲਏ ਜਾਣ। ਹਵਾਲਾ ਤਾਂ ਨਹੀਂ ਮਿਲਦਾ ਪਰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ 18 ਮਾਰਚ, 1950 ਨੂੰ ਜਥੇਦਾਰ ਚੰਨਣ ਸਿੰਘ 'ਉਰਾੜਾ' ਨੂੰ ਪ੍ਰਧਾਨ, ਸ਼੍ਰੋਮਣੀ ਕਮੇਟੀ ਸਵੀਕਾਰ ਕਰ ਲਿਆ ਗਿਆ ਹੋਵੇ। ਸੁਣਨ 'ਚ ਆਇਆ ਹੈ ਕਿ ਇਨ੍ਹਾਂ ਨੇ ਆਪਣੇ ਆਪ ਨੂੰ ਪ੍ਰਧਾਨ, ਸ਼੍ਰੋਮਣੀ ਕਮੇਟੀ ਐਲਾਨ ਦਿੱਤਾ ਜਿਸ ਨੂੰ ਦੋਨਾਂ ਧਿਰਾਂ ਨੇ ਪ੍ਰਵਾਨ ਕਰ ਲਿਆ। 1950 ਈ. 'ਚ ਹੋਇਆ ਮਤਾ ਨੰ: 3486 ਇਸ ਗੱਲ ਦੀ ਪੁਸ਼ਟੀ ਕਰਦਾ ਹੈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਸੰਬੰਧੀ ਸਰਵਿਸ ਸਬ ਕਮੇਟੀ ਨੀਯਤ ਕੀਤੀ ਗਈ ਜਿਸ ਵਿਚ ਇਨ੍ਹਾਂ ਦੇ ਨਾਮ ਨਾਲ ਪ੍ਰਧਾਨ ਸ਼ਬਦ ਅੰਕਤ ਹੈ : (1) ਜਥੇਦਾਰ ਚੰਨਣ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , (2) ਸ. ਬਸੰਤ ਸਿੰਘ ਮੋਗਾ ਸੀਨੀਅਰ ਮੀਤ ਪ੍ਰਧਾਨ, (3) ਮਾਸਟਰ ਅਜੀਤ ਸਿੰਘ ਜੂਨੀਅਰ ਮੀਤ ਪ੍ਰਧਾਨ ਆਦਿ।

20 ਅਗਸਤ, 1950 ਨੂੰ ਆਪ ਜੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਸਮੇਂ ਫ਼ੈਸਲਾ ਕੀਤਾ ਗਿਆ ਕਿ ਦੇਸ਼ ਵੰਡ ਤੋਂ ਬਾਅਦ ਪਹਿਲੀ ਵੇਰੀ ਹੋ ਰਹੀ ਆਦਮ ਗਿਣਤੀ ਜੋ 9 ਫ਼ਰਵਰੀ, 1951 ਤੋਂ 1 ਮਾਰਚ, 1951 ਤੀਕ ਹੋ ਰਹੀ ਹੈ, ਸਮੇਂ ਆਪਣੀ ਗਿਣਤੀ ਠੀਕ-ਠਾਕ ਦਰਜ ਕਰਵਾਈ ਜਾਵੇ। ਮਰਦਮ-ਸ਼ੁਮਾਰੀ ਬਾਰੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗ੍ਰੰਥੀ ਸਿੰਘਾਂ ਤੇ ਰਾਗੀਆਂ ਨੂੰ ਵਿਸ਼ੇਸ਼ ਪੱਤਰ ਰਾਹੀਂ ਸੁਚੇਤ ਕੀਤਾ ਗਿਆ। 10 ਅਕਤੂਬਰ, 1950 ਨੂੰ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਫ਼ਿਰੋਜ਼ਪੁਰ ਅਤੇ ਗੁਰਦਾਸਪੁਰ 'ਚ ਆਏ ਹੜ੍ਹਾਂ ਕਾਰਨ, ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਸ੍ਰੀ ਦਰਬਾਰ ਸਾਹਿਬ ਵਲੋਂ ਦਸ ਹਜ਼ਾਰ ਰੁਪਏ ਤੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਲੋਂ 20 ਹਜ਼ਾਰ ਰੁਪਏ ਲੰਗਰ ਲਾਉਣ ਲਈ ਦਿੱਤੇ ਗਏ ਅਤੇ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ 6 ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿਚ ਜਥੇਦਾਰ ਜੀ ਵੀ ਸ਼ਾਮਿਲ ਸਨ।

ਸ਼੍ਰੋਮਣੀ ਕਮੇਟੀ ਦਾ ਜਨਰਲ ਸਮਾਗਮ 26 ਨਵੰਬਰ, 1950 ਨੂੰ ਆਪ ਜੀ ਦੀ ਪ੍ਰਧਾਨਗੀ ਹੇਠ ਪ੍ਰਾਰੰਭ ਹੋਇਆ, ਜਿਸ ਵਿਚ 114 ਮੈਂਬਰ ਹਾਜ਼ਰ ਸਨ। ਸਭ ਤੋਂ ਪਹਿਲਾਂ ਮਹੰਤ ਪ੍ਰੇਮ ਸਿੰਘ ਮੁਰਾਲਾ ਮੈਂਬਰ, ਸ਼੍ਰੋਮਣੀ ਕਮੇਟੀ ਤੇ ਐਮ.ਐਲ.ਏ. ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ ਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ।

ਸ. ਈਸ਼ਰ ਸਿੰਘ ਮਝੈਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਨਾਂ ਪੇਸ਼ ਕਰਨ ਤੋਂ ਪਹਿਲਾਂ ਮੈਂ ਜਥੇਦਾਰ ਚੰਨਣ ਸਿੰਘ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਉਸ ਸਮੇਂ ਇਹ ਕਾਰਜ ਸੰਭਾਲਿਆ ਜਦੋਂ ਹੁਣ ਜਿਹੇ ਹਾਲਾਤ ਨਹੀਂ ਸਨ। ਜਥੇਦਾਰ ਚੰਨਣ ਸਿੰਘ 'ਉਰਾੜਾ' ਨੇ ਕਿਹਾ ਕਿ ਮੈਨੂੰ ਬੜੀ ਖ਼ੁਸ਼ੀ ਹੈ ਕਿ ਜਿਸ ਸਥਾਨ 'ਤੇ ਮੈਂ ਪਹੁੰਚਣਾ ਚਾਹੁੰਦਾ ਸੀ, ਗੁਰੂ ਮਹਾਰਾਜ ਨੇ ਮੈਨੂੰ ਪਹੁੰਚਾ ਦਿੱਤਾ। ਸ. ਈਸ਼ਰ ਸਿੰਘ ਮਝੈਲ ਨੇ ਜਥੇਦਾਰ ਊਧਮ ਸਿੰਘ ਦਾ ਨਾਂ ਪੇਸ਼ ਕੀਤਾ ਹੈ, ਕੋਈ ਹੋਰ ਨਾਮ ਪੇਸ਼ ਨਹੀਂ ਹੋਇਆ। ਇਸ ਲਈ ਮੈਂ ਜਥੇਦਾਰ ਊਧਮ ਸਿੰਘ ਨੂੰ ਪ੍ਰਧਾਨ, ਸ਼੍ਰੋਮਣੀ ਕਮੇਟੀ ਐਲਾਨ ਕਰਦਾ ਹਾਂ। ਇਸ ਤਰ੍ਹਾਂ ਜਥੇਦਾਰ ਚੰਨਣ ਸਿੰਘ 'ਉਰਾੜਾ' ਦਾ ਪ੍ਰਧਾਨਗੀ ਕਾਰਜ ਕਾਲ ਸੰਪੂਰਨ ਹੋ ਗਿਆ। ਦੇਸ਼ ਦੀ ਅਜ਼ਾਦੀ ਲਹਿਰ 'ਚ ਇਨ੍ਹਾਂ ਵੱਲੋਂ ਪਾਏ ਯੋਗਦਾਨ ਕਰਕੇ ਇਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਤਾਮਰ ਪੱਤਰ ਪ੍ਰਦਾਨ ਕੀਤਾ ਗਿਆ। ਇਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਸ਼ੋਭਿਤ ਹੈ।

•

12

ਜਥੇਦਾਰ ਪ੍ਰੀਤਮ ਸਿੰਘ 'ਖੁੜੰਜ'

ਸਤਿ-ਸੰਤੋਖ, ਸਹਿਜ ਦੇ ਧਾਰਣੀ, ਮਿੱਠ ਬੋਲੜੇ, ਸੂਝਵਾਨ, ਅਕਾਲੀ ਨੇਤਾ, ਜਥੇਦਾਰ ਪ੍ਰੀਤਮ ਸਿੰਘ ਜੀ ਦਾ ਜਨਮ ਸ. ਬਿਸ਼ਨ ਸਿੰਘ ਤੇ ਮਾਤਾ ਬਸੰਤ ਕੌਰ ਦੇ ਘਰ ਵਾੜਾ ਵਰਿਆਮ ਸਿੰਘ, ਜ਼ਿਲ੍ਹਾ ਫ਼ਿਰੋਜ਼ਪੁਰ 'ਚ ਹੋਇਆ। ਸ. ਪ੍ਰੀਤਮ ਸਿੰਘ ਤਿੰਨ ਭਰਾਵਾਂ ਸ. ਰਾਜਿੰਦਰ ਸਿੰਘ ਤੇ ਸ. ਗੁਰਨਾਮ ਸਿੰਘ 'ਚੋਂ ਵਿਚਕਾਰਲੇ ਸਨ। ਇਨ੍ਹਾਂ ਦਾ ਪਰਿਵਾਰਕ ਪਿਛੋਕੜ ਮੱਧ-ਵਰਗੀ ਮਲਵਈ ਕਿਸਾਨ ਪਰਿਵਾਰ ਨਾਲ ਸੀ। ਖੇਤੀਬਾੜੀ ਤੇ ਜ਼ਮੀਨ ਦੀ ਵੰਡ ਕਾਰਨ ਕੁਝ ਸਮਾਂ ਇਨ੍ਹਾਂ ਦੇ ਪਰਿਵਾਰ ਨੂੰ ਰੱਤਾਖੇੜਾ ਪੰਜਾਬ ਸਿੰਘ ਵਾਲਾ 'ਚ ਵੀ ਨਿਵਾਸ ਕਰਨਾ ਪਿਆ ਪਰ ਪੱਕੇ ਤੌਰ 'ਤੇ ਇਨ੍ਹਾਂ ਨੂੰ ਖੁੜੰਜ ਪਿੰਡ 'ਚ ਨਿਵਾਸ ਰੱਖਣਾ ਪਿਆ ਜਿਸ ਕਰਕੇ ਇਨ੍ਹਾਂ ਦੇ ਨਾਲ 'ਖੁੜੰਜ' ਸ਼ਬਦ ਜੁੜ ਗਿਆ। ਭਾਵੇਂ ਕਿ ਇਹ ਮੱਧ-ਵਰਗੀ ਕਿਸਾਨ ਪਰਿਵਾਰ ਨਾਲ ਸੰਬੰਧਿਤ ਸਨ ਪਰ ਇਨ੍ਹਾਂ ਦੇ ਮਾਂ-ਬਾਪ ਦੀ ਰੀਝ ਸੀ ਕਿ ਬੱਚਿਆਂ ਨੂੰ ਚੰਗੀ-ਤਰ੍ਹਾਂ ਪੜ੍ਹਾਇਆ-ਲਿਖਾਇਆ ਜਾਵੇ। ਆਪ ਜੀ ਨੇ ਮੁੱਢਲੀ ਵਿੱਦਿਆ ਆਪਣੇ ਇਲਾਕੇ ਦੇ ਸਕੂਲ ਤੋਂ ਪ੍ਰਾਪਤ ਕਰ ਕੇ ਦਸਵੀਂ ਦਾ ਇਮਤਿਹਾਨ 1933 ਈ. 'ਚ ਮੋਗਾ ਦੇ ਹਾਈ ਸਕੂਲ ਤੋਂ ਪਾਸ ਕੀਤਾ। ਭਰ ਜੁਆਨੀ 'ਚ ਇਹ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋ ਗਏ ਅਤੇ ਧਰਮ ਪ੍ਰਤੀ ਨਿਸ਼ਠਾ, ਕੌਮ-ਸੇਵਾ ਦੇ ਜਜ਼ਬੇ ਤੇ ਭਾਵਨਾ ਸਦਕਾ ਆਖ਼ਰੀ ਸਾਹਾਂ ਤੀਕ ਰੋਮ-ਰੋਮ ਤੋਂ ਗੁਰੂ-ਘਰ ਨਾਲ ਜੁੜੇ ਰਹੇ।

ਆਪ ਜੀ ਦਾ ਵਿਆਹ ਬੀਬੀ ਗੁਰਬਚਨ ਕੌਰ ਨਾਲ ਪਿੰਡ ਅਬੁਲ ਖੁਰਾਣਾ 'ਚ ਹੋਇਆ। ਇਨ੍ਹਾਂ ਦੀ ਇਕਲੌਤੀ ਸਪੁੱਤਰੀ ਬੀਬਾ ਸੁਰਿੰਦਰਪਾਲ ਕੌਰ, ਸ. ਹਰਦਪਿੰਦਰ ਸਿੰਘ ਬਾਦਲ ਨਾਲ 'ਬਾਦਲ' ਪਿੰਡ 'ਚ ਵਿਆਹੀ ਹੋਈ ਹੈ। ਸ. ਹਰਦਪਿੰਦਰ ਸਿੰਘ ਜੀ 1979 ਈ. 'ਚ ਚੱਕ ਫ਼ਤਹ ਸਿੰਘ ਵਾਲਾ, ਜ਼ਿਲ੍ਹਾ ਸ੍ਰੀ ਗੰਗਾਨਗਰ (ਰਾਜਸਥਾਨ) ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ। ਹੁਣ ਪਿੰਡ ਖੁੜੰਜ 'ਚ ਸ. ਪ੍ਰੀਤਮ ਸਿੰਘ ਜੀ ਦੇ ਕੁਝ ਨਜ਼ਦੀਕੀ ਪਰਿਵਾਰ ਵੱਸ ਰਹੇ ਹਨ। ਜੁਆਨੀ 'ਚ ਹੀ ਲੋਕ-ਸੇਵਾ 'ਚ ਕੁੱਦ ਪੈਣ ਕਰਕੇ ਆਪ ਜੀ ਦੇ ਧਾਰਮਿਕ, ਸਿਆਸੀ ਤੇ ਸਮਾਜਿਕ ਖੇਤਰ 'ਚ ਕਾਰਜਸ਼ੀਲ ਵਰਕਰ ਤੋਂ ਲੈ ਕੇ ਪਾਰਟੀ ਮੁਖੀਆਂ ਤੀਕ ਬਹੁਤ ਚੰਗੇ ਸੰਬੰਧ ਸਨ। ਉਸ ਸਮੇਂ ਮਾਲਵੇ ਦੇ ਇਨ੍ਹਾਂ ਪਿੰਡਾਂ ਦੀ ਹਾਲਤ ਖ਼ਸਤਾ ਹੀ ਸੀ। ਆਪ ਜੀ ਦੇ ਸਿਰਤੋੜ ਯਤਨਾਂ ਕਰਕੇ ਇਲਾਕੇ ਦੀ ਬੇਹਤਰੀ ਵਾਸਤੇ ਸਲਾਹੁਣਯੋਗ



ਜਥੇਦਾਰ ਪ੍ਰੀਤਮ ਸਿੰਘ 'ਖੁੜੰਜ'

ਕਾਰਜ ਹੋਏ। ਇਨ੍ਹਾਂ ਨੇ ਬਿਜਲੀ-ਪਾਣੀ ਦੇ ਪ੍ਰਬੰਧ ਤੋਂ ਇਲਾਵਾ ਵਿੱਦਿਆ ਦੇ ਪ੍ਰਸਾਰ ਲਈ ਸਕੂਲ ਚਾਲੂ ਕਰਾਉਣ ਦਾ ਉੱਦਮ-ਉਪਰਾਲਾ ਕੀਤਾ।

ਧਾਰਮਿਕ, ਸਮਾਜਿਕ ਤੇ ਰਾਜਸੀ ਕਾਰਜਾਂ 'ਚ ਵਧ-ਚੜ੍ਹ ਕੇ ਹਿੱਸਾ ਲੈਣ ਸਦਕਾ, ਆਪ ਜੀ ਤਹਿਸੀਲ ਮੁਕਤਸਰ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ। 28 ਮਈ, 1949 'ਚ ਹੋਏ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਨਰਲ ਸਮਾਗਮ ਸਮੇਂ ਆਪ ਜੀ ਬਤੌਰ ਮੈਂਬਰ ਹਾਜ਼ਰ ਹੋਏ। 4 ਅਪ੍ਰੈਲ, 1951 ਨੂੰ ਮਾਸਟਰ ਤਾਰਾ ਸਿੰਘ ਜੀ ਦੇਸ਼-ਵੰਡ ਪਿੱਛੋਂ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪ੍ਰਧਾਨ ਦੀ ਹੈਸੀਅਤ ਵਿਚ ਉਨ੍ਹਾਂ ਆਪ ਜੀ ਨੂੰ ਅੰਤ੍ਰਿੰਗ ਕਮੇਟੀ ਮੈਂਬਰ ਚੁਣਿਆ।

5 ਅਕਤੂਬਰ, 1952 ਨੂੰ ਜਨਰਲ ਸਮਾਗਮ ਸਮੇਂ ਜਥੇਦਾਰ ਊਧਮ ਸਿੰਘ ਜੀ ਨੇ ਪ੍ਰਧਾਨਗੀ ਪਦ ਲਈ ਸ. ਨਾਹਰ ਸਿੰਘ ਲੁਧਿਆਣਾ ਦਾ ਨਾਂ ਪੇਸ਼ ਕੀਤਾ ਅਤੇ ਉਮਰਾਓ ਸਿੰਘ ਐਡਵੋਕੇਟ ਪੱਟੀ ਨੇ ਸ. ਪ੍ਰੀਤਮ ਸਿੰਘ ਖੁੜੰਜ (ਫ਼ਿਰੋਜ਼ਪੁਰ) ਦਾ ਨਾਂ ਪੇਸ਼ ਕੀਤਾ। ਪ੍ਰਧਾਨਗੀ ਪਦ ਵਾਸਤੇ ਦੋ ਨਾਂ ਪੇਸ਼ ਹੋਣ 'ਤੇ ਵੋਟਾਂ ਪਾਈਆਂ ਗਈਆਂ। ਸ. ਨਾਹਰ ਸਿੰਘ ਨੂੰ 71 ਵੋਟਾਂ ਅਤੇ ਇਨ੍ਹਾਂ ਨੂੰ 78 ਵੋਟਾਂ ਪ੍ਰਾਪਤ ਹੋਈਆਂ। ਇਸ ਤਰ੍ਹਾਂ ਆਪ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਬਾਕੀ ਕਾਰਵਾਈ ਆਪ ਜੀ ਦੀ ਪ੍ਰਧਾਨਗੀ 'ਚ ਸੰਪੂਰਨ ਹੋਈ। ਸ. ਸਨਮੁੱਖ ਸਿੰਘ ਚਮਨ ਸੀਨੀਅਰ ਮੀਤ ਪ੍ਰਧਾਨ ਅਤੇ ਸ. ਕਰਤਾਰ ਸਿੰਘ ਵਲਟੋਹਾ ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਚੁਣੇ ਗਏ।

18 ਜਨਵਰੀ, 1953 ਈ. ਨੂੰ ਹੋਏ ਵਿਸ਼ੇਸ਼ ਜਨਰਲ ਇਜਲਾਸ ਸਮੇਂ ਬਕਾਇਦਾ ਕਾਰਵਾਈ ਸ਼ੁਰੂ ਹੋਣ 'ਤੇ ਪ੍ਰਧਾਨ, ਮੀਤ ਪ੍ਰਧਾਨ ਤੇ ਜਨਰਲ ਸਕੱਤਰ ਓਹੋ ਰਹੇ ਜੋ ਪਿਛਲੇ ਸਾਲ ਚੁਣੇ ਗਏ ਸਨ ਅਤੇ ਅੰਤ੍ਰਿੰਗ ਕਮੇਟੀ ਵਿਚ ਕੁਝ ਅਦਲਾ-ਬਦਲੀ ਕੀਤੀ ਗਈ। 4 ਮਾਰਚ, 1953 ਨੂੰ ਜਨਰਲ ਸਮਾਗਮ ਆਪ ਜੀ ਦੀ ਪ੍ਰਧਾਨਗੀ ਅਧੀਨ ਹੋਇਆ ਜਿਸ ਵਿਚ ਕੁਲ 144 ਮੈਂਬਰ ਹਾਜ਼ਰ ਹੋਏ। ਸ਼੍ਰੋਮਣੀ ਕਮੇਟੀ ਦਾ ਬਜਟ ਸਾਲ 1953-1954 'ਚ ਸ. ਸਰਮੁੱਖ ਸਿੰਘ ਜੀ ਚਮਕ, ਸੀਨੀਅਰ ਮੀਤ ਪ੍ਰਧਾਨ ਨੇ ਪੇਸ਼ ਕੀਤਾ ਤੇ ਪ੍ਰਧਾਨ ਸਾਹਿਬ ਦੀ ਆਗਿਆ ਨਾਲ ਧਰਮ ਅਰਥ ਖਾਤੇ ਵਿਚ 4000/- ਰੁਪਏ ਖ਼ਰਚ ਦੀ ਮਦ ਵਿਚ ਵਧਾਏ ਜਾਣ ਦੀ ਤਜਵੀਜ਼ ਪੇਸ਼ ਕੀਤੀ, ਜਿਸ ਨੂੰ ਬਜਟ ਵਿਚ ਪ੍ਰਵਾਨ ਕੀਤਾ ਗਿਆ।

ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਨੂੰ ਇੰਜੀਨੀਅਰਿੰਗ ਕਾਲਜ, ਲੁਧਿਆਣਾ, ਖੋਲ੍ਹਣ ਲਈ ਦੋ ਲੱਖ ਰੁਪਏ ਸ਼੍ਰੋਮਣੀ ਕਮੇਟੀ ਦੇ ਦਸਤਕਾਰੀ ਫ਼ੰਡ ਵਿੱਚੋਂ ਸਹਾਇਤਾ ਵਜੋਂ ਦਿੱਤੇ ਜਾਣ ਦੀ ਪ੍ਰਵਾਨਗੀ ਦਿੱਤੀ ਗਈ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੀ ਅਮਾਨਤ ਵਿੱਚੋਂ ਗੁਰਦੁਆਰਾ ਐਕਟ ਵਿਚ ਲੋੜੀਂਦੀ ਤਰਮੀਮ ਹੋ ਜਾਣ ਉਪਰੰਤ ਅੱਠ ਲੱਖ ਰੁਪਏ ਕੇਵਲ ਦੀ ਅਦਾਇਗੀ ਵੀ ਉਕਤ ਟਰੱਸਟ ਨੂੰ ਕਰ ਦਿੱਤੀ ਗਈ।

ਠੀਕ ਇਕ ਸਾਲ ਬਾਅਦ 18 ਜਨਵਰੀ, 1954 ਨੂੰ ਸ਼੍ਰੋਮਣੀ ਕਮੇਟੀ ਦੀ ਸਪੈਸ਼ਲ ਜਨਰਲ ਇਕੱਤ੍ਰਤਾ ਹੋਈ, ਜਿਸ ਵਿਚ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਨੇ ਇਕੱਤ੍ਰਤਾ ਦਾ ਪ੍ਰਯੋਜਨ ਸਪੱਸ਼ਟ ਕੀਤਾ ਅਤੇ ਉਚੇਚੀ ਇਕੱਤ੍ਰਤਾ ਦੇ ਏਜੰਡੇ ਅਨੁਸਾਰ

ਇਹ ਮਤਾ ਪੇਸ਼ ਕੀਤਾ ਕਿ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਜਨਰਲ ਇਕੱਤ੍ਰਤਾ ਅੰਤ੍ਰਿੰਗ ਕਮੇਟੀ ਉਪਰ ਬੇ-ਪਰਤੀਤੀ ਪ੍ਰਗਟ ਕਰਦੀ ਹੈ।" ਇਸ ਤੋਂ ਉਪਰੰਤ ਸਰਬ- ਸੰਮਤੀ ਨਾਲ ਇਹ ਮਤਾ ਪਾਸ ਹੋ ਗਿਆ। ਇਸ ਤਰ੍ਹਾਂ ਇਸ ਦਿਨ ਹੀ ਆਪ ਜੀ ਦੀ ਪ੍ਰਧਾਨਗੀ ਦਾ ਕਾਰਜ ਕਾਲ ਸੰਪੂਰਨ ਹੋ ਗਿਆ।

ਆਪ ਜੀ ਮਾਲਵੇ ਦੇ ਪਹਿਲੇ ਅਕਾਲੀ ਆਗੂ ਸਨ ਜਿਨ੍ਹਾਂ ਨੂੰ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਦੇ ਅਹੁਦੇ 'ਤੇ ਸੁਸ਼ੋਭਿਤ ਹੋਣ ਦਾ ਮਾਣ-ਸਤਿਕਾਰ ਪ੍ਰਾਪਤ ਹੋਇਆ। ਸ਼੍ਰੋਮਣੀ ਕਮੇਟੀ 'ਚ ਸ. ਪ੍ਰੀਤਮ ਸਿੰਘ ਜੀ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੇ ਗਰੁੱਪ ਨਾਲ ਸੰਬੰਧਿਤ ਸਨ ਭਾਵੇਂ ਕਿ ਇਨ੍ਹਾਂ ਦੀ ਮਿੱਤਰਤਾ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨਾਲ ਵੀ ਗੂੜ੍ਹੀ ਸੀ। ਆਮ ਵਰਕਰ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਦਵੀ 'ਤੇ ਪਹੁੰਚਣ ਵਾਲੇ ਸ. ਪ੍ਰੀਤਮ ਸਿੰਘ ਜੀ ਖੁੜੰਜ ਬੜੇ ਨਿਰਛਲ, ਸਾਦੀ ਖ਼ੁਰਾਕ ਤੇ ਪਹਿਰਾਵੇ ਦੇ ਧਾਰਣੀ, ਸਮੇਂ ਸਿਰ ਸੱਚ ਬੋਲਣ ਵਾਲੇ, ਬੇਖ਼ੌਫ਼, ਨਿਡਰ ਧਰਮੀ ਨੇਤਾ ਸਨ। ਆਪ ਜੀ ਦੀ ਸਪੁੱਤਰੀ ਦੇ ਦੱਸਣ ਅਨੁਸਾਰ ਸਰਦਾਰ ਸਾਹਿਬ ਇਤਨੇ ਨਿਸ਼ਕਾਮ ਭਾਵਨਾ ਵਾਲੇ ਸ਼ਰਧਾਲੂ ਸਿੱਖ ਸਨ ਕਿ ਗੁਰੂ-ਘਰ ਤੋਂ ਪ੍ਰਸ਼ਾਦਾ ਵੀ ਨਹੀਂ ਸਨ ਛਕਦੇ। ਹਰ ਸਮੇਂ ਘਰ ਤੋਂ ਪ੍ਰਸ਼ਾਦਾ ਤਿਆਰ ਕਰਵਾ ਕੇ ਆਪਣੇ ਨਾਲ ਲੈ ਕੇ ਜਾਂਦੇ ਸਨ। ਗੁਰੂ-ਘਰਾਂ 'ਚ ਦੇਸੀ ਘਿਓ ਦੀ ਦੇਗ ਪ੍ਰਚਲਿਤ ਕਰਨ 'ਚ ਇਨ੍ਹਾਂ ਵਿਸ਼ੇਸ਼ ਯੋਗਦਾਨ ਪਾਇਆ।

ਪੰਥਕ ਪਿਆਰ ਤੇ ਜਜ਼ਬੇ 'ਚ ਗੜੁੰਦ ਸਿੱਖ ਸ਼ਖ਼ਸੀਅਤ, ਸ. ਪ੍ਰੀਤਮ ਸਿੰਘ ਖੁੜੰਜ ਕੁਝ ਸਮਾਂ ਬੀਮਾਰ ਰਹਿਣ ਉਪਰੰਤ 3 ਅਗਸਤ, 1979 ਨੂੰ ਪਰਲੋਕ ਪਿਆਨਾ ਕਰ ਗਏ। 31 ਅਗਸਤ, 1979 ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਪ੍ਰਧਾਨਗੀ 'ਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਸਮੇਂ ਮਤਾ ਨੰ: 32 ਰਾਹੀਂ ਸ. ਪ੍ਰੀਤਮ ਸਿੰਘ ਜੀ ਖੁੜੰਜ ਦੀ ਯਾਦ 'ਚ ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ ਅਤੇ ਇਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਅਰਦਾਸ ਕੀਤੀ ਗਈ ਕਿ ਵਿਛੜੀ ਆਤਮਾ ਨੂੰ ਪਰਮਾਤਮਾ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਿਸ਼ ਕਰਨ, ਪਿੱਛੇ ਸਮੂਹ ਪਰਿਵਾਰ, ਸੰਬੰਧੀਆਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। ਆਪ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਸ਼ੋਭਿਤ ਹੈ।

•

13

ਸ. ਈਸ਼ਰ ਸਿੰਘ 'ਮਝੈਲ'

ਧਰਮ-ਕੌਮ ਤੇ ਦੇਸ਼ ਦਾ ਦਰਦ, ਧਾਰਮਿਕ-ਸਿਆਸੀ ਰੁਚੀ ਰੱਖਣ ਵਾਲੇ, ਸਫਲ ਵਕਤਾ ਤੇ ਲਿਖਾਰੀ, ਸ਼ਰਧਾਵਾਨ ਸਿਦਕੀ ਸਿੱਖ ਸ. ਈਸ਼ਰ ਸਿੰਘ ਜੀ 'ਮਝੈਲ' ਦਾ ਜਨਮ ਜਨਵਰੀ, 1901 'ਚ ਸ. ਆਸਾ ਸਿੰਘ ਜੀ ਤੇ ਮਾਤਾ ਬਸੰਤ ਕੌਰ ਦੇ ਘਰ, ਮੱਧ-ਵਰਗੀ ਕਿਸਾਨ ਪਰਿਵਾਰ 'ਚ ਸਰਾਏ ਅਮਾਨਤ ਖ਼ਾਂ, ਅੰਮ੍ਰਿਤਸਰ 'ਚ ਹੋਇਆ। ਮਾਤਾ-ਪਿਤਾ ਗੁਰਸਿੱਖੀ ਜੀਵਨ ਜੀਉਣ ਵਾਲੇ ਧਰਮੀ ਜੀਉੜੇ ਸਨ, ਜਿਸ ਸਦਕਾ ਆਪ ਜੀ ਦੇ ਧਰਮੀ ਜੀਵਨ ਦੀ ਘਾੜਤ ਘੜੀ ਗਈ। ਇਹ ਅਜੇ ਢਾਈ ਸਾਲ ਦੀ ਬਾਲ ਵਰੇਸ ਵਿਚ ਹੀ ਸਨ ਕਿ ਇਨ੍ਹਾਂ ਦੇ ਪਿਤਾ ਜੀ ਪਰਿਵਾਰ ਦੇ ਉਜਲੇ ਭਵਿੱਖ ਦੀ ਕਾਮਨਾ ਲੈ ਸਮਾਟਰਾ (ਇੰਡੋਨੇਸ਼ੀਆ) ਚਲੇ ਗਏ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਥੋੜ੍ਹੇ ਸਮੇਂ ਬਾਅਦ ਹੀ ਇਨ੍ਹਾਂ ਦੇ ਪਿਤਾ ਜੀ ਉਥੇ ਅਕਾਲ ਚਲਾਣਾ ਕਰ ਗਏ। ਅੱਖਰ-ਗਿਆਨ ਆਪ ਜੀ ਨੇ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤਾ। ਪਰਿਵਾਰਕ, ਆਰਥਿਕ ਮਜਬੂਰੀਆਂ ਤੇ ਬਿਮਾਰੀ ਨਾਲ ਘੋਲ ਕਰਦਿਆਂ ਆਪ ਜੀ ਨੇ ਦਸਵੀਂ ਦਾ ਇਮਤਿਹਾਨ 1922 ਈ. 'ਚ ਮਾਲਵਾ ਖ਼ਾਲਸਾ ਹਾਈ ਸਕੂਲ, ਲੁਧਿਆਣਾ ਤੋਂ ਪਾਸ ਕੀਤਾ। ਮਾਲਵੇ ਦੇ ਇਸ ਸਕੂਲ ਵਿਚ ਮਾਝੇ ਦੇ ਕੇਵਲ ਆਪ ਹੀ ਇੱਕੋ ਇਕ ਵਿਦਿਆਰਥੀ ਸਨ ਜਿਸ ਕਰਕੇ ਇਨ੍ਹਾਂ ਦੇ ਨਾਂ ਨਾਲ 'ਮਝੈਲ' ਸ਼ਬਦ ਪੱਕੇ ਤੌਰ 'ਤੇ ਜੁੜ ਗਿਆ। ਦਸਵੀਂ ਕਰਦਿਆਂ ਹੀ ਇਨ੍ਹਾਂ ਨੂੰ ਕੋਕਰੀ ਕਲਾਂ, ਫ਼ਿਰੋਜ਼ਪੁਰ ਦੇ ਮਿਡਲ ਸਕੂਲ 'ਚ ਅਧਿਆਪਕ ਵਜੋਂ ਸੇਵਾ ਮਿਲ ਗਈ। ਇਸ ਸਮੇਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜੋਬਨ 'ਤੇ ਸੀ। ਇਸ ਕਾਰਨ ਇਨ੍ਹਾਂ ਨੇ ਅਧਿਆਪਕ ਦੀ ਸੇਵਾ ਕਰਨ ਨਾਲੋਂ ਧਰਮ-ਕੌਮ ਤੇ ਦੇਸ਼-ਸੇਵਾ ਕਰਨੀ ਬੇਹਤਰ ਸਮਝੀ ਅਤੇ ਨਿਸ਼ਕਾਮ ਸੇਵਕ ਵਜੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਸ਼ਾਮਿਲ ਹੋ ਗਏ। ਗੁਰੂ ਕੇ ਬਾਗ਼ ਦੇ ਮੋਰਚੇ 'ਚ ਸ਼ਾਮਿਲ ਹੋਣ ਕਾਰਨ ਇਨ੍ਹਾਂ ਨੂੰ ਪਹਿਲੀ ਵਾਰ ਛੇ ਮਹੀਨੇ ਕੈਂਬਲਪੁਰ ਜੇਲ੍ਹ 'ਚ ਗੁਜ਼ਾਰਨ ਲਈ ਬੰਦ ਕਰ ਦਿੱਤਾ, ਪਰ ਮੋਰਚਾ ਸਫਲ ਹੋਣ ਸਦਕਾ ਸਰਦਾਰ ਸਾਹਿਬ ਤਿੰਨ ਮਹੀਨੇ ਬਾਅਦ ਕੈਦ ਤੋਂ ਅਜ਼ਾਦ ਹੋ ਗਏ।

ਇਨ੍ਹਾਂ ਦੇ ਸਫਲ ਬੁਲਾਰੇ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਸਨਮੁਖ ਰੱਖਦਿਆਂ, ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਮੁਹਿੰਮ 'ਚ ਸ਼ਾਮਿਲ ਕਰ ਲਿਆ। 1924 ਈ. ਵਿਚ ਗੰਗਸਰ ਜੈਤੋ (ਨਾਭਾ) ਮੋਰਚੇ ਸਮੇਂ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ



ਸ. ਈਸ਼ਰ ਸਿੰਘ 'ਮਝੈਲ'

ਸੰਸਥਾਵਾਂ ਕਰਾਰ ਦੇ ਦਿੱਤਾ। ਆਪ ਜੀ ਨੇ ਇਸ ਮੋਰਚੇ ਸਮੇਂ ਵੀ ਵਧ-ਚੜ੍ਹ ਕੇ ਹਿੱਸਾ ਲਿਆ, ਜਿਸ ਸਦਕਾ ਇਨ੍ਹਾਂ ਨੂੰ ਦੋ ਸਾਲ ਜੇਲ੍ਹ 'ਚ ਕੈਦੀ ਵਜੋਂ ਗੁਜ਼ਾਰਨੇ ਪਏ। ਜੇਲ੍ਹ ਤੋਂ ਰਿਹਾ ਹੋ ਕੇ ਆਪ ਜੀ ਫਿਰ ਕੌਮ-ਸੇਵਾ 'ਚ ਜੁੱਟ ਗਏ।

1927 ਈ. ਵਿਚ ਦੇਸ਼-ਭਗਤ ਪਰਿਵਾਰ ਸੇਵਕ ਕਮੇਟੀ, ਵਲੋਂ ਬਾਬਾ ਵਸਾਖਾ ਸਿੰਘ ਜੀ ਨਾਲ ਆਪ ਜੀ ਨੂੰ ਦੇਸ਼-ਭਗਤਾਂ ਵਾਸਤੇ ਸਹਾਇਤਾ ਇਕੱਤਰ ਕਰਨ ਲਈ ਬਰਮਾ ਜਾਣ ਦਾ ਮੌਕਾ ਮਿਲਿਆ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ਼੍ਰੋਮਣੀ ਕਮੇਟੀ ਵਲੋਂ ਅਕਤੂਬਰ, 1927 'ਚ ਅਰੰਭ ਕੀਤਾ ਗਿਆ ਤਾਂ ਆਪ ਜੀ ਪ੍ਰਚਾਰਕ ਦਾ ਦੋ-ਸਾਲਾ ਕੋਰਸ ਕਰਨ ਲਈ ਵਿਦਿਆਰਥੀ ਬਣ ਗਏ। 1930 ਈ. ਨੂੰ ਕਿਸਾਨ ਅੰਦੋਲਨ 'ਚ ਸ਼ਾਮਿਲ ਹੋਣ ਕਰਕੇ ਇਨ੍ਹਾਂ ਨੂੰ 6 ਮਹੀਨੇ ਦੀ ਕੈਦ ਹੋਈ ਪਰ ਪੜ੍ਹਨ-ਲਿਖਣ ਦੀ ਰੁਚੀ ਨੇ ਇਹ ਕੈਦ ਇਕ ਸਾਲ ਹੋਰ ਵਧਾ ਦਿੱਤੀ, ਕਾਰਨ, ਜੇਲ੍ਹ ਵਿਚ ਉਸ ਸਮੇਂ ਅਖ਼ਬਾਰ ਪੜ੍ਹਨ ਦੀ ਮਨਾਹੀ ਸੀ ਤੇ ਮਝੈਲ ਸਾਹਿਬ ਅਖ਼ਬਾਰ ਪੜ੍ਹਦੇ ਪਕੜੇ ਗਏ। ਗੁਰਦੁਆਰਾ ਸ਼ਹੀਦ ਗੰਜ ਲਾਹੌਰ ਦੇ ਮਾਮਲੇ 'ਚ ਇਨ੍ਹਾਂ ਨੇ ਬਹੁਤ ਉਸਾਰੂ ਭੂਮਿਕਾ ਨਿਭਾਹੀ। ਸਿੱਖੀ ਵਿਚ 'ਕੁੱਠੇ' ਨੂੰ ਬੱਜਰ ਕੁਰਹਿਤ ਮੰਨਿਆ ਗਿਆ ਹੈ ਤੇ 1937 ਈ. ਵਿਚ ਸਿੱਖਾਂ ਵਲੋਂ 'ਝਟਕੇ' ਦੇ ਪ੍ਰਚਾਰ ਸਮੇਂ ਮੁਸਲਮ ਬਹੁ-ਗਿਣਤੀ ਨੇ ਰਾਵਲਪਿੰਡੀ 'ਚ ਦੰਗਾ ਫ਼ਸਾਦ ਕਰ ਦਿੱਤਾ। ਉਸ ਸਮੇਂ ਸ. ਈਸ਼ਰ ਸਿੰਘ ਜੀ ਮਝੈਲ ਤੇ ਬਾਬਾ ਖੜਕ ਸਿੰਘ ਜੀ ਨੇ ਜਿਸ ਨਿਡਰਤਾ ਤੇ ਦਲੇਰੀ ਨਾਲ ਜ਼ਖ਼ਮੀ ਦੋ ਗੁਰਸਿੱਖਾਂ ਨੂੰ ਮੁਸਲਮਾਨਾਂ ਤੋਂ ਛੁਡਵਾਇਆ, ਉਹ ਇਕ ਮਿਸਾਲ ਹੈ।

18 ਜੂਨ, 1933 ਨੂੰ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਸ. ਗੋਪਾਲ ਸਿੰਘ ਜੀ ਕੌਮੀ ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ ਸ. ਈਸ਼ਰ ਸਿੰਘ 'ਮਝੈਲ' ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਸਿੱਖ ਨੈਸ਼ਨਲ ਕਾਲਜ, ਲਾਹੌਰ 1938 ਈ. 'ਚ ਸ਼ੁਰੂ ਕੀਤਾ ਗਿਆ ਤਾਂ ਆਪ ਜੀ ਨੂੰ ਇਸ ਦੇ ਪਹਿਲੇ ਸਕੱਤਰ ਹੋਣ ਦਾ ਮਾਣ ਸਤਿਕਾਰ ਹਾਸਲ ਹੋਇਆ। ਵਿੱਦਿਆ ਪ੍ਰੇਮੀ ਹੋਣ ਸਦਕਾ, ਇਨ੍ਹਾਂ ਆਪਣੇ ਇਲਾਕੇ 'ਚ ਵਿੱਦਿਆ ਪਸਾਰ ਲਈ ਗੰਡੀਵਿੰਡ 'ਚ ਖ਼ਾਲਸਾ ਹਾਈ ਸਕੂਲ ਖੁਲ੍ਹਵਾਇਆ। ਸ. ਈਸ਼ਰ ਸਿੰਘ, ਜਥੇਦਾਰ ਊਧਮ ਸਿੰਘ 'ਨਾਗੋਕੇ' ਨੂੰ ਆਪਣਾ ਸਿਆਸੀ ਗੁਰੂ ਮੰਨਦੇ ਸਨ। ਇਹੀ ਕਾਰਨ ਹੈ ਕਿ ਦੂਸਰੇ ਵਿਸ਼ਵ ਯੁੱਧ ਸਮੇਂ ਇਨ੍ਹਾਂ ਨੇ ਕਾਂਗਰਸ ਨੀਤੀ ਦਾ ਸਮਰਥਨ ਕਰਦਿਆਂ, ਵਿਸ਼ਵ ਯੁੱਧ ਵਿਚ ਸਹਾਇਤਾ ਤੇ ਸਾਥ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ।

1940-41 ਈ. 'ਚ ਆਪ ਜੀ ਸ੍ਰੀ ਦਰਬਾਰ ਸਾਹਿਬ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਮੁਖੀ ਚੁਣੇ ਗਏ। ਇਨ੍ਹਾਂ ਦੇ ਉੱਦਮ ਸਦਕਾ ਗੁਰੂ ਰਾਮਦਾਸ ਲਾਇਬ੍ਰੇਰੀ ਹੋਂਦ ਵਿਚ ਆਈ, ਜੋ ਨਿਰੰਤਰ ਕਾਰਜਸ਼ੀਲ ਹੈ। 1942 ਈ. ਵਿਚ 'ਅੰਗਰੇਜ਼ੋ ਭਾਰਤ ਛੱਡੋ' ਅੰਦੋਲਨ ਸਮੇਂ ਕਾਂਗਰਸ ਪਾਰਟੀ ਦਾ ਸਾਥ ਦੇਣ ਕਾਰਨ ਇਨ੍ਹਾਂ ਨੂੰ 'ਡੀਫੈਂਸ ਆਫ਼ ਇੰਡੀਆ' ਐਕਟ ਤਹਿਤ ਫਿਰ ਜੇਲ੍ਹ ਯਾਤਰਾ ਕਰਨੀ ਪਈ। 1944 ਈ. ਵਿਚ ਜੰਡਿਆਲਾ, ਜ਼ਿਲ੍ਹਾ ਜਲੰਧਰ 'ਚ ਇਨ੍ਹਾਂ ਨੂੰ ਅਕਾਲੀ ਕਾਨਫ਼ਰੰਸ ਦੀ ਪ੍ਰਧਾਨਗੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਮਝੈਲ ਸਾਹਿਬ, 1946 ਈ. ਪੰਜਾਬ ਵਿਧਾਨ ਸਭਾ ਲਈ ਪਹਿਲੀ ਵਾਰ ਮੈਂਬਰ ਚੁਣੇ ਗਏ ਅਤੇ ਦੇਸ਼-ਵੰਡ ਤੋਂ ਬਾਅਦ ਗੋਪੀ ਚੰਦ ਭਾਰਗਵ ਦੀ ਸਰਕਾਰ 'ਚ ਮੰਤਰੀ

ਬਣੇ। 1947 ਈ. ਵਿਚ ਦੇਸ਼-ਵੰਡ ਸਮੇਂ ਨਿਰਦੋਸ਼ਾਂ ਦੇ ਹੋਏ ਕਤਲੇਆਮ ਤੇ ਗੁੰਡਾਗਰਦੀ ਨੇ ਇਨ੍ਹਾਂ ਦੇ ਮਨ 'ਤੇ ਗਹਿਰਾ ਅਸਰ ਕੀਤਾ। ਮਾਨਵੀ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ 'ਚ ਮਝੈਲ ਸਾਹਿਬ ਨੇ ਨਿਰੰਤਰ ਯਤਨ ਕੀਤੇ ਅਤੇ ਨਿਰਦੋਸ਼ਾਂ, ਮਸੂਮਾਂ ਤੇ ਮਜ਼ਲੂਮਾਂ ਦੀ ਇਨ੍ਹਾਂ ਨੇ ਖ਼ੂਬ ਸਹਾਇਤਾ ਤੇ ਟਹਿਲ ਸੇਵਾ ਕੀਤੀ। 1952 ਈ. ਵਿਚ ਇਹ ਦੋਬਾਰਾ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਅਤੇ ਮੁੜ ਵਸੇਬਾ ਤੇ ਸਹਾਇਤਾ, ਸਿਵਲ ਸਪਲਾਈ, ਇੰਡਸਟਰੀ, ਜੰਗਲਾਤ ਤੇ ਖੇਤੀਬਾੜੀ ਆਦਿ ਮਹਿਕਮਿਆਂ ਦੇ ਮੰਤਰੀ ਬਣੇ।

ਸ. ਈਸ਼ਰ ਸਿੰਘ 'ਮਝੈਲ' 25 ਮਈ, 1948 ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਹੋਏ। 6 ਮਾਰਚ, 1949; 13 ਨਵੰਬਰ, 1949; 16 ਫ਼ਰਵਰੀ, 1950; 1 ਮਾਰਚ, 1951; 28 ਜੂਨ, 1952; 5 ਅਕਤੂਬਰ, 1952 ਨੂੰ ਸ਼੍ਰੋਮਣੀ ਕਮੇਟੀ ਦੇ ਹੋਏ ਜਨਰਲ ਇਜਲਾਸਾਂ ਸਮੇਂ ਆਪ ਜੀ ਬਤੌਰ ਨਾਮਜ਼ਦ ਮੈਂਬਰ, ਸ਼੍ਰੋਮਣੀ ਕਮੇਟੀ ਹਾਜ਼ਰ ਹੁੰਦੇ ਰਹੇ। 1948 ਈ. 'ਚ ਰੋਜ਼ਾਨਾ ਅਖ਼ਬਾਰ *ਵਰਤਮਾਨ* ਦੇ ਸੰਪਾਦਕ ਬਣ ਗਏ। ਇਨ੍ਹਾਂ ਨੇ ਦੋ ਪੁਸਤਕਾਂ *ਸਿੱਖ ਤੇ ਕਮਿਊਨਿਸਟ* ਅਤੇ *ਕਮਿਊਨਿਸਟ ਹਿੰਦੋਸਤਾਨੀ ਨਜ਼ਰਾਂ ਵਿਚ* ਵੀ ਲਿਖੀਆਂ ਤੇ ਪ੍ਰਕਾਸ਼ਿਤ ਕਰਵਾਈਆਂ। 1949 ਈ. 'ਚ ਆਪ ਜੀ ਸੈਂਟਰਲ ਕੋ-ਆਪਰੇਟਿਵ ਬੈਂਕ ਪਟਿਆਲਾ ਦੇ ਮੁਖੀ ਬਣੇ।

6 ਮਾਰਚ, 1949 ਨੂੰ ਜਨਰਲ ਇਜਲਾਸ ਸਮੇਂ ਸ. ਈਸ਼ਰ ਸਿੰਘ ਜੀ 'ਮਝੈਲ' ਵੱਲੋਂ ਮਾਸਟਰ ਤਾਰਾ ਸਿੰਘ ਦੀ ਪਾਰਟੀ 'ਤੇ ਗੁਰਦੁਆਰੇ ਦੀ ਬੇ-ਅਦਬੀ ਦਾ ਮਤਾ ਪੇਸ਼ ਕੀਤਾ ਗਿਆ। ਪੱਛੜੀਆਂ ਸ਼੍ਰੇਣੀਆਂ ਦਾ ਇਕ ਵਫ਼ਦ 15 ਅਗਸਤ, 1949 ਨੂੰ ਇਨ੍ਹਾਂ ਦੀ ਅਗਵਾਈ ਹੇਠ ਸ. ਪੂਰਨ ਸਿੰਘ ਹੋਮ ਮਨਿਸਟਰ ਈਸਟ ਪੰਜਾਬ ਨੂੰ ਅੰਮ੍ਰਿਤਸਰ 'ਚ ਮਿਲਿਆ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਹੋ ਰਹੀਆਂ ਵਧੀਕੀਆਂ ਵੱਲ ਸਰਕਾਰ ਦਾ ਧਿਆਨ ਦਿਵਾਇਆ।

ਆਪ ਜੀ ਨੇ 4 ਮਾਰਚ, 1951 ਨੂੰ ਜਨਰਲ ਸਮਾਗਮ ਸਮੇਂ ਕਿਹਾ, "ਮੈਂ ਆਪ ਦੇ ਸਾਹਮਣੇ ਬੜਾ ਅਹਿਮ ਮੁੱਦਾ ਰੱਖਣਾ ਚਾਹੁੰਦਾ ਹਾਂ। ਮੈਂ ਇਥੇ ਬਤੌਰ ਵਜ਼ੀਰ ਨਹੀਂ ਬਤੌਰ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹਾਜ਼ਰ ਹੋਇਆ ਹਾਂ, ਬੋਲੀ ਦਾ ਝਗੜਾ ਹੁਣ ਦਾ ਨਹੀਂ, ਪਿਛਲੀ ਮਰਦਮ-ਸ਼ੁਮਾਰੀ ਸਮੇਂ ਵੀ ਇਹ ਝਗੜਾ ਸੀ। ਮੈਨੂੰ ਯਾਦ ਹੈ ਕਿ ਪਿੰਡ ਮਾਨੋਚਾਹਲ ਦੇ ਜੁਲਾਹੇ ਆਪਣੀ ਬੋਲੀ ਅਰਬੀ ਦੱਸਦੇ ਸਨ ਪਰ ਅਜੇ ਵੀ ਸਾਡੇ ਦੇਸ਼ ਅੰਦਰ ਦੀਨ-ਇਮਾਨ ਰੱਖਣ ਵਾਲੇ ਗ਼ੈਰ-ਸਿੱਖ ਭਰਾ ਮੌਜੂਦ ਹਨ ਜੋ ਖੁੱਲ੍ਹੇ ਤੌਰ 'ਤੇ ਕਹਿੰਦੇ ਹਨ ਕਿ ਸਾਡੀ ਮਾਂ-ਬੋਲੀ ਭਾਵ ਜ਼ੁਬਾਨ ਪੰਜਾਬੀ ਹੈ।" 4 ਨਵੰਬਰ, 1951 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਇਨ੍ਹਾਂ ਦੀ ਤਜਵੀਜ਼ 'ਤੇ 11 ਮੈਂਬਰੀ ਅੰਤ੍ਰਿੰਗ ਕਮੇਟੀ, ਸਰਬ-ਸੰਮਤੀ ਨਾਲ ਚੁਣੀ ਗਈ।

5 ਦਸੰਬਰ, 1952 ਨੂੰ ਸ. ਈਸ਼ਰ ਸਿੰਘ 'ਮਝੈਲ' ਮੈਂਬਰ, ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਕਮੇਟੀ ਚੁਣੇ ਗਏ। 18 ਜਨਵਰੀ, 1954 ਨੂੰ ਸ਼੍ਰੋਮਣੀ ਕਮੇਟੀ ਦਾ ਉਚੇਚਾ ਜਨਰਲ ਇਜਲਾਸ ਬੁਲਾਇਆ ਗਿਆ, ਜਿਸ ਵਿਚ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵਿਰੁੱਧ ਬੇ-ਪਰਤੀਤੀ ਦਾ ਮਤਾ ਪਾਸ ਕੀਤਾ ਗਿਆ। ਨਵੇਂ ਪ੍ਰਧਾਨ ਦੀ ਚੋਣ ਸਮੇਂ, ਏਸੇ ਹੀ ਦਿਨ ਸ. ਮਹਿੰਦਰ ਸਿੰਘ ਸਿਧਵਾਂ ਦੀ ਤਜਵੀਜ਼ 'ਤੇ ਸ. ਈਸ਼ਰ


ਸਿੰਘ ਜੀ 'ਮਝੈਲ' ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। 7 ਮਾਰਚ, 1954 ਨੂੰ ਇਨ੍ਹਾਂ ਦੀ ਪ੍ਰਧਾਨਗੀ 'ਚ ਸਾਲਾਨਾ ਬਜਟ ਇਜਲਾਸ ਹੋਇਆ ਜਿਸ ਵਿਚ 89 ਮੈਂਬਰ ਹਾਜ਼ਰ ਸਨ। 1954-55 ਦਾ ਬਜਟ ਪੇਸ਼ ਹੋਣ 'ਤੇ 1613981/- ਰੁਪਏ ਦੀ ਆਮਦਨ-ਖ਼ਰਚ ਦਾ ਬਜਟ ਪਾਸ ਕੀਤਾ ਗਿਆ।

28 ਦਸੰਬਰ, 1952 ਨੂੰ ਇਨ੍ਹਾਂ ਨੇ ਅੰਤ੍ਰਿੰਗ ਕਮੇਟੀ ਦੇ ਨੋਟਿਸ 'ਚ ਲਿਆਂਦਾ ਕਿ **ਪਾਠ ਅਤੇ ਕੀਰਤਨ ਸਮੇਂ ਲਾਊਡ-ਸਪੀਕਰਾਂ ਦੀ ਵਰਤੋਂ ਫ਼ੈਸ਼ਨ ਵਜੋਂ ਕੀਤੀ ਜਾ ਰਹੀ ਹੈ। ਇਸ ਨਾਲ ਗੁਰਬਾਣੀ ਦਾ ਓਨਾ ਸਤਿਕਾਰ ਨਹੀਂ ਹੁੰਦਾ ਜਿਤਨਾ ਹੋਣਾ ਚਾਹੀਦਾ ਹੈ।** ਮਤਾ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪ੍ਰੇਰਨਾ ਕੀਤੀ ਜਾਵੇ ਕਿ ਲਾਊਡ-ਸਪੀਕਰਾਂ ਦੀ ਵਰਤੋਂ ਉਦੋਂ ਹੀ ਕੀਤੀ ਜਾਵੇ ਜਦੋਂ ਸਰੋਤੇ ਜ਼ਿਆਦਾ ਹੋਣ। ਉਦੋਂ ਤੀਕ ਸਪੀਕਰ ਨਾ ਲਾਏ ਜਾਣ ਜਦ ਤਕ ਅਵਾਜ਼ ਸਰੋਤਿਆਂ ਤੀਕ ਪਹੁੰਚਦੀ ਹੋਵੇ।

17 ਅਕਤੂਬਰ, 1954 ਨੂੰ ਸਾਲਾਨਾ ਜਨਰਲ ਇਜਲਾਸ ਸ. ਈਸ਼ਰ ਸਿੰਘ ਜੀ 'ਮਝੈਲ' ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ 83 ਮੈਂਬਰ ਹਾਜ਼ਰ ਸਨ। ਇਜਲਾਸ ਸਮੇਂ ਸਭ ਤੋਂ ਪਹਿਲਾਂ ਸ. ਭਾਗ ਸਿੰਘ ਜੀ ਐਡਵੋਕੇਟ ਗੁਰਦਾਸਪੁਰੀ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ। ਫਿਰ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਸਮੇਂ ਸ. ਜੋਗਿੰਦਰ ਸਿੰਘ ਸ਼ਾਂਤ ਦੀ ਤਜਵੀਜ਼ 'ਤੇ ਪ੍ਰਵਾਨ ਹੋਇਆ ਕਿ ਅਗਲੇ ਸਾਲ ਲਈ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਕਾਇਮ ਰਹਿਣ, ਇਹ ਤਜਵੀਜ਼ ਸਰਬ ਸੰਮਤੀ ਨਾਲ ਪ੍ਰਵਾਨ ਹੋ ਗਈ। ਇਸ ਇਕੱਤ੍ਰਤਾ ਸਮੇਂ ਮਹੱਤਵਪੂਰਨ ਫ਼ੈਸਲਾ ਕੀਤਾ ਗਿਆ ਕਿ **ਧਰਮ ਤੇ ਸਿਆਸਤ ਇਕ ਦੂਸਰੇ ਤੋਂ ਵੱਖ ਹਨ।** ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੋਬਾਰਾ ਖੋਲ੍ਹਣ, ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ, ਮੱਧ ਪ੍ਰਦੇਸ਼ ਪ੍ਰਚਾਰ ਮਿਸ਼ਨ ਅਰੰਭ ਕਰਨ ਵਰਗੇ ਮਹੱਤਵਪੂਰਨ ਫ਼ੈਸਲੇ ਕੀਤੇ ਗਏ। 7 ਫ਼ਰਵਰੀ, 1955 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਮਾਸਟਰ ਤਾਰਾ ਸਿੰਘ ਜੀ ਫਿਰ ਪ੍ਰਧਾਨ ਚੁਣੇ ਗਏ। ਇਸ ਤਰ੍ਹਾਂ ਸ. ਈਸ਼ਰ ਸਿੰਘ ਜੀ 'ਮਝੈਲ' ਦਾ ਪ੍ਰਧਾਨਗੀ ਕਾਰਜ-ਕਾਲ ਏਸੇ ਹੀ ਦਿਨ ਸਮਾਪਤ ਹੋ ਗਿਆ।

ਜ਼ਿੰਦਗੀ ਦੇ ਆਖ਼ਰੀ ਸਾਲ ਇਨ੍ਹਾਂ ਨੇ ਸਰਗਰਮ ਸਿੱਖ ਸਿਆਸਤ ਤੋਂ ਸੰਨਿਆਸ ਲੈ, ਪਟਿਆਲੇ 'ਚ ਆਪਣੇ ਖੇਤੀ ਫ਼ਾਰਮ 'ਤੇ ਗੁਜ਼ਾਰੇ। ਕੁਝ ਸਮਾਂ ਬੀਮਾਰ ਰਹਿਣ ਉਪਰੰਤ 20 ਅਪ੍ਰੈਲ, 1977 ਨੂੰ ਅਕਾਲ ਚਲਾਣਾ ਕਰ ਗਏ। 15 ਮਈ, 1977 ਨੂੰ ਸ਼੍ਰੋਮਣੀ ਕਮੇਟੀ ਵਲੋਂ ਮਤਾ ਨੰਬਰ 332-ੳ ਰਾਹੀਂ ਸ. ਈਸ਼ਰ ਸਿੰਘ 'ਮਝੈਲ' ਸਾਬਕਾ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁਖ ਤੇ ਸ਼ੋਕ ਦਾ ਪ੍ਰਗਟਾਵਾ ਕਰਦਾ ਹੈ। ਉਨ੍ਹਾਂ ਵਲੋਂ ਪੰਥ ਤੇ ਦੇਸ਼ ਲਈ ਕੀਤੀਆਂ ਕੁਰਬਾਨੀਆਂ ਦੀ ਸ਼ਲਾਘਾ ਕਰਦਿਆਂ, ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ। ਇਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ। ਜਥੇਦਾਰ ਮਝੈਲ ਦਾ ਇਕ ਸਪੁੱਤਰ ਸੁਨਾਮ ਨੇੜੇ ਖੇਤੀ ਫ਼ਾਰਮ 'ਚ ਮਸਰੂਫ਼ ਹੈ ਤੇ ਦੂਸਰਾ ਸਪੁੱਤਰ ਜਲੰਧਰ 'ਚ ਨਿਵਾਸ ਰੱਖਦਾ ਹੈ। ਜਥੇਦਾਰ ਈਸ਼ਰ ਸਿੰਘ 'ਮਝੈਲ' ਦੇ ਜੀਵਨ ਤੇ ਕਾਰਜਾਂ ਨੂੰ ਰੂਪਮਾਨ ਕਰਦਾ ਖ਼ੂਬਸੂਰਤ ਅਭਿਨੰਦਨ ਗ੍ਰੰਥ ਵੀ ਪ੍ਰਕਾਸ਼ਿਤ ਕੀਤਾ ਗਿਆ ਸੀ।

•



ਪ੍ਰਿੰਸੀਪਲ ਬਾਵਾ ਹਰਿਕਿਸ਼ਨ ਸਿੰਘ ਜੀ

14

ਪ੍ਰਿੰਸੀਪਲ ਬਾਵਾ ਹਰਿਕਿਸ਼ਨ ਸਿੰਘ ਜੀ

ਕੋਮਲ ਕਾਵਿ ਕਲਾ ਦੇ ਪ੍ਰੇਮੀ, ਵਿੱਦਿਆ ਸ਼ਾਸਤਰੀ, ਬੁੱਧੀਮਾਨ, ਗੁਰਸਿੱਖੀ ਜੀਵਨ-ਜਾਚ ਦੇ ਧਾਰਨੀ, ਸਫਲ ਵਕਤਾ, ਅਧਿਆਪਕ ਤੇ ਪ੍ਰਿੰਸੀਪਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੇ ਪ੍ਰਿੰਸੀਪਲ ਬਾਵਾ ਹਰਿਕਿਸ਼ਨ ਸਿੰਘ ਜੀ ਦਾ ਜਨਮ 26 ਜੁਲਾਈ, 1892 ਈ. ਨੂੰ ਬਾਵਾ ਦਸੌਂਧਾ ਸਿੰਘ ਜੀ ਮੁੱਖ ਅਧਿਆਪਕ ਦੇ ਘਰ ਡੇਰਾ ਇਸਮਾਈਲ ਖ਼ਾਂ 'ਚ ਹੋਇਆ। ਅਰੰਭਿਕ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ, ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਆਪ ਜੀ ਫ਼ਾਰਮਨ ਕਰਿਸ਼ਚਨ ਕਾਲਜ, ਲਾਹੌਰ ਦਾਖ਼ਲ ਹੋ ਗਏ। 20 ਸਾਲ ਦੀ ਉਮਰ 'ਚ ਆਪ ਜੀ 1912 ਈ. 'ਚ ਐਮ.ਏ. ਅੰਗਰੇਜ਼ੀ ਸਾਹਿਤ ਵਿਸ਼ੇ 'ਚ ਪਾਸ ਕਰ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ 'ਚ ਅੰਗਰੇਜ਼ੀ ਦੇ ਅਧਿਆਪਕ ਨਿਯੁਕਤ ਹੋ ਗਏ। ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਸੈਨੇਟ ਮੈਂਬਰ ਵਜੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਮਿਸਟਰ ਵਾਦਨ ਨੇ ਪ੍ਰੋ. ਬਾਵਾ ਹਰਿਕਿਸ਼ਨ ਸਿੰਘ ਦਾ ਨਾਂ ਭੇਜਿਆ ਤਾਂ ਯੂਨੀਵਰਸਿਟੀ ਦੇ ਚਾਂਸਲਰ ਨੇ ਪੜਤਾਲ ਉਪਰੰਤ ਲਿਖ ਭੇਜਿਆ ਕਿ ਪ੍ਰੋ. ਬਾਵਾ ਹਰਿਕਿਸ਼ਨ ਸਿੰਘ ਅਕਾਲੀ ਲਹਿਰ 'ਚ ਸਰਗਰਮ ਰਹੇ ਹਨ, ਇਸ ਲਈ ਇਨ੍ਹਾਂ ਦੀ ਥਾਂ ਕਿਸੇ ਹੋਰ ਦਾ ਨਾਂ ਭੇਜਿਆ ਜਾਵੇ। ਮਿਸਟਰ ਵਾਦਨ ਨੇ ਜੁਆਬ ਦਿੱਤਾ ਕਿ ਮੈਂ ਪ੍ਰੋ. ਬਾਵਾ ਹਰਿਕਿਸ਼ਨ ਸਿੰਘ ਜੀ ਦੀ ਲਿਆਕਤ, ਦਿਆਨਤਦਾਰੀ ਤੇ ਈਮਾਨਦਾਰੀ ਦੇ ਬਰਾਬਰ ਕਿਸੇ ਹੋਰ ਦੇ ਨਾਂ ਦੀ ਸਿਫ਼ਾਰਸ਼ ਨਹੀਂ ਕਰ ਸਕਦਾ। ਆਪ ਜੀ ਨੂੰ ਦੋ ਵਾਰ ਇੰਪੀਰੀਅਲ ਐਜੂਕੇਸ਼ਨ ਸਰਵਿਸ ਭਾਵ ਸਰਕਾਰੀ ਕਾਲਜ, ਲਾਹੌਰ ਵਿਖੇ ਪ੍ਰੋਫ਼ੈਸਰ ਦੀ ਸੇਵਾ 'ਤੇ ਆਉਣ ਲਈ ਸੱਦਾ ਪ੍ਰਾਪਤ ਹੋਇਆ ਪਰ ਇਨ੍ਹਾਂ ਨੇ ਸਰਕਾਰੀ ਨੌਕਰੀ ਨੂੰ ਅਪ੍ਰਵਾਨ ਕਰ ਦਿੱਤਾ।

ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਬਾਅਦ, ਆਪ ਜੀ 1926 ਈ. ਤੋਂ 1947 ਈ. ਤਕ ਗੁਰੂ ਨਾਨਕ ਖ਼ਾਲਸਾ ਕਾਲਜ, ਗੁਜਰਾਂਵਾਲਾ (ਪਾਕਿਸਤਾਨ) ਦੇ ਪ੍ਰਿੰਸੀਪਲ ਰਹੇ। ਦੇਸ਼ ਵੰਡ ਸਮੇਂ ਗੁਰੂ ਨਾਨਕ ਖ਼ਾਲਸਾ ਕਾਲਜ, ਗੁਜਰਾਂਵਾਲਾ (ਪਾਕਿਸਤਾਨ) ਦੇ ਪ੍ਰਿੰਸੀਪਲ ਵਜੋਂ ਆਪ ਰੀਫਿਊਜੀ ਕੈਂਪ ਦੇ ਕਮਾਂਡੈਂਟ ਸਨ। ਇਸ ਕੈਂਪ ਦਾ ਦੌਰਾ ਲਾਰਡ ਮਾਊਂਟ ਬੈਟਨ ਤੇ ਪੰਡਿਤ ਜਵਾਹਰ ਲ਼ਾਲ ਨਹਿਰੂ ਨੇ ਕੀਤਾ ਤਾਂ ਪ੍ਰਿੰ. ਸਾਹਿਬ ਨੇ ਗ਼ਰੀਬਾਂ, ਨਿਰਦੋਸ਼ਾਂ, ਮਜ਼ਲੂਮਾਂ 'ਤੇ ਤਸ਼ੱਦਦ-ਕਤਲੇਆਮ ਤੇ ਗੁੰਡਾਗਰਦੀ ਦੀ

ਤਸਵੀਰ ਅੰਗਰੇਜ਼ੀ ਵਿਚ ਬਾਖ਼ੂਬੀ ਬਿਆਨ ਕੀਤੀ। ਦੇਸ਼-ਵੰਡ ਹੋਣ ਉਪਰੰਤ ਸਿੱਖ ਨੈਸ਼ਨਲ ਕਾਲਜ, ਕਾਦੀਆਂ ਦੇ ਪ੍ਰਿੰਸੀਪਲ ਵਜੋਂ ਸੇਵਾ ਅਰੰਭ ਕੀਤੀ, ਜੋ ਲਗਭਗ 1960 ਈ. ਤੀਕ ਨਿਰੰਤਰ ਜਾਰੀ ਰਹੀ।

1953 ਈ. ਵਿਚ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ, ਲੁਧਿਆਣਾ 'ਚ ਅਰੰਭ ਹੋਇਆ ਤਾਂ ਪ੍ਰੋਫ਼ੈਸਰ ਸਾਹਿਬ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਨਿਯੁਕਤ ਹੋਏ ਤੇ ਨਿਰੰਤਰ 12 ਸਾਲ ਇਹ ਸੇਵਾ ਨਿਭਾਈ।

ਗੁਰਮਤਿ ਵਿਚਾਰਧਾਰਾ, ਸਿੱਖ ਰਹਿਤ ਮਰਯਾਦਾ ਤੇ ਸਿੱਖ ਪਰੰਪਰਾਵਾਂ ਨੂੰ ਗੁਰਮਤਿ ਦੀ ਰੋਸ਼ਨੀ 'ਚ ਅੱਗੇ ਲਿਜਾਣ ਲਈ ਹਮੇਸ਼ਾ ਤਤਪਰ ਰਹਿੰਦੇ ਸਨ ਬਾਵਾ ਹਰਿਕਿਸ਼ਨ ਸਿੰਘ ਜੀ। ਲੋਭ-ਲਾਲਚ ਤੇ ਅਹੁਦੇ ਦੀ ਭੁੱਖ ਤੋਂ ਸੁਤੰਤਰ ਹੋ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਰਹੇ ਬਾਵਾ ਹਰਿਕਿਸ਼ਨ ਸਿੰਘ ਜੀ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਸ਼ੁਰੂ ਕਰਨ ਵਾਲਿਆਂ ਵਿੱਚੋਂ ਪ੍ਰਮੁੱਖ ਸਨ। ਉਸ ਸਮੇਂ ਆਪ ਜੀ ਖ਼ਾਲਸਾ ਕਾਲਜ, ਅੰਮ੍ਰਿਤਸਰ 'ਚ ਬਤੌਰ ਪ੍ਰੋਫ਼ੈਸਰ ਸੇਵਾ ਨਿਭਾ ਰਹੇ ਸਨ, ਜਦ ਖ਼ਾਲਸਾ ਬਰਾਦਰੀ ਜਥੇਬੰਦੀ ਨੇ ਅਖੌਤੀ ਪੱਛੜੀਆਂ ਸ਼੍ਰੇਣੀਆਂ ਨੂੰ 12 ਅਕਤੂਬਰ, 1920 ਨੂੰ ਅੰਮ੍ਰਿਤ ਛਕਾਇਆ। ਨਵੇਂ ਸਜੇ ਸਿੰਘਾਂ ਨੂੰ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਤੇ ਕੜਾਹ ਪ੍ਰਸਾਦਿ ਦੀ ਦੇਗ ਭੇਂਟ ਕਰਨ ਲਈ ਜਥੇਬੰਦੀ ਨੇ ਪ੍ਰੋਗਰਾਮ ਉਲੀਕਿਆ, ਕਾਰਨ ਇਹ ਸੀ ਕਿ ਸਮੇਂ ਦੇ ਪੁਜਾਰੀ ਤੇ ਮਹੰਤ ਸ੍ਰੀ ਦਰਬਾਰ ਸਾਹਿਬ 'ਚ ਅਖੌਤੀ ਪੱਛੜੀਆਂ ਸ਼੍ਰੇਣੀਆਂ ਦੀ ਦੇਗ ਪ੍ਰਵਾਨ ਨਹੀਂ ਸਨ ਕਰਦੇ। ਇਨ੍ਹਾਂ ਮਹੰਤਾਂ, ਪੁਜਾਰੀਆਂ ਦੀਆਂ ਕਰਤੂਤਾਂ ਕਰਕੇ ਅੰਮ੍ਰਿਤ ਦੇ ਸੋਮੇ ਗੰਧਲੇ ਹੋ ਚੁੱਕੇ ਸਨ। ਸਰਬ-ਸਾਂਝੇ ਧਰਮ-ਅਸਥਾਨ, ਸ੍ਰੀ ਹਰਿਮੰਦਰ ਸਾਹਿਬ 'ਚ ਗੁਰਮਤਿ ਮਰਯਾਦਾ ਬਹਾਲ ਕਰਨ ਲਈ ਖ਼ਾਲਸਾ ਬਰਾਦਰੀ ਵਲੋਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੂੰ ਉਚੇਚਾ ਸੱਦਾ ਦਿੱਤਾ ਗਿਆ, ਜਿਨ੍ਹਾਂ ਵਿਚ ਪ੍ਰੋ. ਬਾਵਾ ਹਰਿਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ ਤੇ ਪ੍ਰੋ. ਨਰਿੰਜਨ ਸਿੰਘ ਜੀ ਖ਼ਾਲਸਾ ਕਾਲਜ ਪ੍ਰਮੁੱਖ ਸਨ। ਨਵੇਂ ਸਜੇ ਸਿੰਘਾਂ ਸਮੇਤ ਜਦ ਖ਼ਾਲਸਾ ਬਰਾਦਰੀ ਵਾਲੇ ਸ੍ਰੀ ਦਰਬਾਰ ਸਾਹਿਬ ਪਹੁੰਚੇ ਤਾਂ ਆਪ ਜੀ ਨੇ ਪਹਿਲਾਂ ਪੁਜਾਰੀ ਤੇ ਫੇਰ ਗ੍ਰੰਥੀ ਗੁਰਬਚਨ ਸਿੰਘ ਨੂੰ ਬੜੇ ਅਦਬ ਨਾਲ ਮਿੱਠੇ ਸ਼ਬਦਾਂ 'ਚ ਬੇਨਤੀ ਕੀਤੀ ਕਿ ਸੰਗਤ ਵਲੋਂ ਅਰਦਾਸ ਕਰ ਕੇ, ਕੜਾਹ ਪ੍ਰਸਾਦਿ ਵਰਤਾ ਦਿੱਤਾ ਜਾਵੇ ਪਰ ਜੇਕਰ ਤੁਸਾਂ ਅਰਦਾਸ ਨਾ ਕੀਤੀ ਤਾਂ ਅਸੀਂ ਆਪ ਅਰਦਾਸ ਕਰ ਕੇ ਕੜਾਹ ਪ੍ਰਸਾਦਿ ਵਰਤਾ ਦਿਆਂਗੇ। ਵਿਚਾਰ-ਚਰਚਾ ਪਿੱਛੋਂ ਦਰਬਾਰ ਸਾਹਿਬ ਦੇ ਪੁਜਾਰੀ ਹੁਕਮਨਾਮਾ ਲੈਣ ਉਪਰੰਤ ਅਰਦਾਸ ਕਰਨ ਅਤੇ ਕੜਾਹ ਪ੍ਰਸਾਦਿ ਵਰਤਾਉਣ ਲਈ ਸਹਿਮਤ ਹੋ ਗਏ।

13 ਅਕਤੂਬਰ, 1920 ਨੂੰ ਖ਼ਾਲਸਾ ਬਰਾਦਰੀ ਵੱਲੋਂ ਦਿਖਾਈ ਇਸ ਸਰਗਰਮੀ ਸਦਕਾ ਡੀ.ਸੀ. ਅੰਮ੍ਰਿਤਸਰ ਨੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਾਸਤੇ ਸੁਧਾਰਵਾਦੀਆਂ ਦੀ 9 ਮੈਂਬਰੀ ਆਰਜ਼ੀ ਪ੍ਰਬੰਧਕ ਕਮੇਟੀ ਨਿਯੁਕਤ ਕੀਤੀ, ਜਿਨ੍ਹਾਂ ਵਿਚ ਬਾਵਾ ਹਰਿਕਿਸ਼ਨ ਸਿੰਘ ਜੀ ਵੀ ਸ਼ਾਮਿਲ ਸਨ। 15 ਨਵੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿਚ 175 ਮੈਂਬਰ ਚੁਣੇ ਗਏ। ਚੋਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ

ਸਜਾਇਆ ਗਿਆ, ਜਿਸ ਵਿਚ ਆਪ ਜੀ ਨੇ ਪਹਿਲਾਂ ਭੁੱਲਾਂ ਬਖ਼ਸ਼ਾਉਣ ਵਾਲਿਆਂ ਦਾ ਜ਼ਿਕਰ ਕਰਦਿਆਂ ਤਨਖ਼ਾਹੀਆਂ ਦੇ ਨਾਂ ਲਏ ਤੇ ਉਨ੍ਹਾਂ ਨੂੰ ਤਨਖ਼ਾਹ ਲਾਈ ਗਈ। ਤਨਖ਼ਾਹ ਲਾਉਣ ਵਾਲਿਆਂ ਪੰਜਾਂ ਪਿਆਰਿਆਂ ਵਿਚ ਬਾਵਾ ਹਰਿਕਿਸ਼ਨ ਸਿੰਘ ਜੀ ਵੀ ਸ਼ਾਮਿਲ ਸਨ।

ਨਨਕਾਣਾ ਸਾਹਿਬ, ਗੁਰੂ ਕੇ ਬਾਗ਼ ਤੇ ਜੈਤੋ ਮੋਰਚੇ ਸਮੇਂ ਵੀ ਆਪ ਜੀ ਨੇ ਵਧ-ਚੜ੍ਹ ਕੇ ਹਿੱਸਾ ਲਿਆ। 13 ਅਕਤੂਬਰ, 1923 ਨੂੰ ਗੰਗਸਰ ਜੈਤੋ (ਨਾਭਾ ਮੋਰਚਾ) ਸਮੇਂ ਗ੍ਰਿਫ਼ਤਾਰ ਹੋਏ ਤੇ ਲਾਹੌਰ ਕਿਲ੍ਹੇ 'ਚ ਬੰਦ ਕੀਤੇ ਗਏ। ਇਸ ਮੋਰਚੇ ਸਮੇਂ ਅੰਗਰੇਜ਼ ਹਕੂਮਤ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਐਲਾਨ ਕਰਾਰ ਦੇ ਦਿੱਤਾ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਮੈਂਬਰ ਸਾਹਿਬਾਨ ਜੇਲ੍ਹੀ ਬੰਦ ਕਰ ਦਿੱਤੇ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰੋ. ਬਾਵਾ ਹਰਿਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ ਤੇ ਪ੍ਰੋ. ਨਿਰੰਜਨ ਸਿੰਘ ਜੀ ਨੂੰ ਵੀ ਅੰਗਰੇਜ਼ ਹਕੂਮਤ ਨੇ ਗ੍ਰਿਫ਼ਤਾਰ ਕਰ ਲਿਆ। ਪ੍ਰੋ. ਤੇਜਾ ਸਿੰਘ ਤਾਂ ਬੀਮਾਰੀ ਕਾਰਨ ਰਿਹਾ ਹੋ ਗਏ ਪਰ ਆਪ ਜੀ ਨੂੰ ਲੰਮੀ ਜੇਲ੍ਹ ਯਾਤਰਾ ਕਰਨੀ ਪਈ।

25 ਜਨਵਰੀ, 1926 ਨੂੰ ਪ੍ਰੋ. ਬਾਵਾ ਹਰਿਕਿਸ਼ਨ ਸਿੰਘ ਜੀ ਨੇ ਅਦਾਲਤ ਵਿਚ ਇਕ ਬਿਆਨ ਅੰਗਰੇਜ਼ੀ ਵਿਚ ਪੜ੍ਹਿਆ ਜਿਸ ਦਾ ਸਾਰ ਸੀ :

> ਮੈਂ ਹੇਲੀ ਦੀ ਪਹਿਲੀ ਜੁਲਾਈ, 1925 ਦੀ ਸਪੀਚ ਦਾ ਹਵਾਲਾ ਦੇ ਕੇ ਬਿਆਨ ਦੇਣਾ ਚਾਹੁੰਦਾ ਹਾਂ ਕਿ ਮੈਂ ਗੁਰਦੁਆਰਾ ਐਕਟ ਬਣਾਉਣ ਵਿਚ ਇਮਦਾਦ ਕੀਤੀ ਹੈ ਅਤੇ ਮੈਂ ਖ਼ਿਆਲ ਕਰਦਾ ਹਾਂ ਕਿ ਇਹ ਐਕਟ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀਆਂ ਜ਼ਰੂਰੀ ਗੱਲਾਂ ਪੂਰੀਆਂ ਕਰਦਾ ਹੈ। ਇਸ ਕਾਨੂੰਨ ਦੇ ਪਾਸ ਹੋ ਜਾਣ ਪਿੱਛੋਂ ਸਿੱਧੀ ਕਾਰਵਾਈ ਕਰਨ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਇਸ ਲਈ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਦੇ ਸੰਬੰਧ ਵਿਚ ਕੋਈ ਸਿੱਧੀ ਕਾਰਵਾਈ ਨਹੀਂ ਕਰਾਂਗਾ ਅਤੇ ਮੈਂ ਈਮਾਨਦਾਰੀ ਤੇ ਪੂਰੇ ਦਿਲ ਨਾਲ ਐਕਟ ਨੂੰ ਅਮਲ ਵਿਚ ਲਿਆਵਾਂਗਾ। ਹਕੀਕਤ ਇਹ ਹੈ ਕਿ ਮੈਂ ਪਹਿਲੋਂ ਹੀ ਪੰਥ ਨੂੰ ਇਸ 'ਤੇ ਅਮਲ ਕਰਨ ਦੀ ਅਪੀਲ ਕੀਤੀ ਹੋਈ ਹੈ।

ਬਾਵਾ ਜੀ ਪਿੱਛੋਂ 19 ਹੋਰ ਅਕਾਲੀ ਆਗੂਆਂ ਨੇ ਇਕ ਦੂਜੇ ਮਗਰੋਂ ਉੱਠ ਕੇ ਅਦਾਲਤ ਵਿਚ ਆਖਿਆ ਕਿ ਸਾਡਾ ਵੀ ਉਹੀ ਬਿਆਨ ਹੈ ਜੋ ਪ੍ਰੋ. ਬਾਵਾ ਹਰਿਕਿਸ਼ਨ ਸਿੰਘ ਜੀ ਦਾ ਹੈ। ਇਸ ਤਰ੍ਹਾਂ 20 ਸੱਜਣ ਆਪਣਾ ਸਾਮਾਨ ਸਮੇਟ ਕੇ, ਰਿਹਾਈ ਪ੍ਰਾਪਤ ਕਰ, ਕਿਲ੍ਹੇ ਤੋਂ ਬਾਹਰ ਆ ਗਏ। ਸਾਰੇ ਅਕਾਲੀ ਆਗੂਆਂ ਦੀ ਰਿਹਾਈ ਉਪਰੰਤ 14 ਮਾਰਚ 1927, ਨੂੰ ਸ਼੍ਰੋਮਣੀ ਕਮੇਟੀ ਦਾ ਜਨਰਲ ਸਮਾਗਮ ਬੁਲਾਇਆ ਗਿਆ ਜਿਸ ਵਿਚ 'ਸਿੱਖ ਰਹਿਤ ਮਰਯਾਦਾ' ਨਿਰਧਾਰਤ ਕਰਨ ਲਈ ਸਬ-ਕਮੇਟੀ ਬਣਾਈ ਗਈ, ਜਿਸ ਵਿਚ ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਤੇ ਪ੍ਰੋ. ਤੇਜਾ ਸਿੰਘ ਜੀ ਪ੍ਰਮੁੱਖ ਸਨ। 30 ਦਸੰਬਰ, 1933 ਨੂੰ ਸਿੱਖ ਰਹੁ-ਰੀਤ ਕਮੇਟੀ ਤੇ ਸ਼੍ਰੋਮਣੀ ਕਮੇਟੀ ਦਾ ਉਚੇਚਾ ਜਨਰਲ ਇਜਲਾਸ ਬੁਲਾਇਆ ਗਿਆ ਜਿਸ ਵਿਚ ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਵੀ ਸ਼ਾਮਿਲ ਸਨ।

ਸਿੱਖ ਗੁਰਦੁਆਰਾ ਐਕਟ 1925 ਅਨੁਸਾਰ ਹੋਈਆਂ ਚੋਣਾਂ ਸਮੇਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਆਗੂ ਦੋ ਧੜਿਆਂ 'ਚ ਵੰਡੇ ਗਏ। ਆਪ ਧੜੇਬੰਦੀ ਤੋਂ ਨਿਰਲੇਪ ਰਹੇ ਅਤੇ ਪੰਥਕ ਸਰੂਪ ਬਣਾਈ ਰੱਖਣ ਲਈ ਹਮੇਸ਼ਾ ਯਤਨਸ਼ੀਲ ਤੇ ਸਰਗਰਮ ਰਹੇ। ਦਸੰਬਰ, 1933 'ਚ ਪ੍ਰਿੰ. ਹਰਿਕਿਸ਼ਨ ਸਿੰਘ ਤੇ ਹੋਰ ਸਿੱਖ ਪ੍ਰੋਫ਼ੈਸਰਾਂ ਨੇ ਮਿਲ ਕੇ 'ਗੁਰਸੇਵਕ ਸਭਾ ਬਣਾਈ' ਜਿਸਦਾ ਮੂਲ ਮਨੋਰਥ ਪੰਥਕ ਏਕਤਾ ਤੇ ਧੜੇਬੰਦੀ ਤੋਂ ਰਹਿਤ ਜਥੇਬੰਦਕ ਅਗਵਾਈ ਦੇਣਾ ਸੀ। ਗੁਰਸੇਵਕ ਸਭਾ ਨੇ ਹੀ ਮਾਸਟਰ ਤਾਰਾ ਸਿੰਘ ਜੀ ਨੂੰ ਸਰਗਰਮ ਸਿੱਖ ਸਿਆਸਤ ਤੋਂ ਕੁਝ ਸਮੇਂ ਲਈ ਕਿਨਾਰਾ ਕਰਨ ਦੀ ਸਲਾਹ ਦਿੱਤੀ, ਜੋ ਮਾਸਟਰ ਜੀ ਨੇ ਪੰਥਕ ਹਿੱਤਾਂ 'ਚ ਪ੍ਰਵਾਨ ਕਰ ਲਈ। ਗੁਰਸੇਵਕ ਸਭਾ ਵਲੋਂ ਹੀ ਮੂਲ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ *ਸ਼ਬਦਾਰਥ* ਤਿਆਰ ਕਰਨ ਲਈ ਕਾਰਜ 1936 ਈ. 'ਚ ਅਰੰਭ ਕੀਤਾ ਗਿਆ ਜੋ 1941 ਈ. 'ਚ ਸੰਪੂਰਨ ਹੋਇਆ। ਇਹ *ਸ਼ਬਦਾਰਥ* ਚਾਰ ਭਾਗਾਂ 'ਚ ਸ਼੍ਰੋਮਣੀ ਕਮੇਟੀ ਵੱਲੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

26 ਮਾਰਚ, 1949 ਨੂੰ ਪ੍ਰਿੰਸੀਪਲ ਸਾਹਿਬ ਜੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਕਰਨ ਦੀ ਆਗਿਆ ਦਿੱਤੀ ਜਾਵੇ। ਦੀਵਾਨ ਦਾ ਮਨੋਰਥ 2 ਮਾਰਚ, 1949 ਨੂੰ ਸ੍ਰੀ ਦਰਬਾਰ ਸਾਹਿਬ 'ਚ ਹੋਈ ਦੁਰਘਟਨਾ 'ਤੇ ਅਫ਼ਸੋਸ ਦਾ ਪ੍ਰਾਸਚਿਤ ਕਰਨਾ ਤੇ ਪੰਥਕ ਮਸਲਿਆਂ 'ਤੇ ਵਿਚਾਰ ਕਰਨਾ ਸੀ। ਜਥੇਦਾਰ ਮੋਹਨ ਸਿੰਘ ਨਾਗੋਕੇ ਨੇ ਦੀਵਾਨ ਸਜਾਉਣ ਦੀ ਆਗਿਆ ਦੇ ਦਿੱਤੀ।

26 ਫ਼ਰਵਰੀ, 1955 ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਗੁਰਮਤਿ ਲਿਟਰੇਚਰ ਦੇ ਵਾਧੇ ਲਈ ਨਵਾਂ ਗੁਰਮਤਿ ਲਿਟਰੇਚਰ ਛਪਵਾਉਣ ਹਿੱਤ ਸਲਾਹਕਾਰ ਬੋਰਡ ਨੀਯਤ ਕੀਤਾ, ਜਿਸ ਵਿਚ ਬਾਵਾ ਹਰਿਕਿਸ਼ਨ ਸਿੰਘ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਕਾਦੀਆਂ ਮੈਂਬਰ ਸਨ। ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੇ ਵੀ ਬਾਵਾ ਹਰਿਕਿਸ਼ਨ ਸਿੰਘ ਜੀ ਮੈਂਬਰ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛਾਪਣ ਬਾਰੇ ਆਪਣੀ ਰੀਪੋਰਟ 24 ਅਪ੍ਰੈਲ, 1955 ਨੂੰ ਪੇਸ਼ ਕੀਤੀ।

ਗੁਰਦੁਆਰਾ ਗਜ਼ਟ ਮਈ, 1955 ਅਨੁਸਾਰ ਸ਼੍ਰੋਮਣੀ ਕਮੇਟੀ ਦੀ ਪਿਛਲੀ ਦਿਨੀਂ ਹੋਈ ਚੋਣ ਵਿਚ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਹਲਕਾ ਨੰ: 46 ਅਤੇ 85 ਦੋਹਾਂ ਥਾਵਾਂ ਤੋਂ ਉਮੀਦਵਾਰ ਖੜੇ ਹੋਏ ਸਨ। ਆਪ ਜੀ ਹਲਕਾ ਨੰ: 46 ਵਿੱਚੋਂ ਕਾਮਯਾਬ ਮੰਨੇ ਗਏ ਤੇ ਹਲਕਾ ਨੰ: 85 ਖ਼ਾਲੀ ਹੋ ਗਿਆ। ਹਲਕਾ ਨੰ: 85 ਵਿੱਚੋਂ ਬਾਵਾ ਹਰਿਕਿਸ਼ਨ ਸਿੰਘ ਜੀ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ।

ਅੰਤ੍ਰਿੰਗ ਕਮੇਟੀ ਦੇ ਮਤਾ 854, ਮਿਤੀ 24 ਅਪ੍ਰੈਲ, 1955 ਸ. ਮੁਖਤਿਆਰ ਸਿੰਘ ਅੰਤ੍ਰਿੰਗ ਕਮੇਟੀ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ, ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਤੇ ਉਨ੍ਹਾਂ ਦੀ ਥਾਂ ਆਪ ਜੀ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। ਇਸੇ ਦਿਨ

ਹੀ ਮਤਾ 855 ਰਾਹੀਂ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਜੋ ਪ੍ਰਵਾਨ ਕੀਤਾ ਗਿਆ। ਮਤਾ ਨੰ: 856 ਰਾਹੀਂ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਸਤੀਫ਼ਾ ਦੇਣ ਕਰਕੇ ਖ਼ਾਲੀ ਹੋਈ ਥਾਂ ਪੁਰ ਕਰਨ ਲਈ ਸ. ਅਮਰ ਸਿੰਘ ਜੀ ਦੁਸਾਂਝ ਨੇ ਬਾਵਾ ਹਰਿਕਿਸ਼ਨ ਸਿੰਘ ਜੀ ਅੰਤ੍ਰਿੰਗ ਕਮੇਟੀ ਮੈਂਬਰ ਦਾ ਨਾਂ ਤਜਵੀਜ਼ ਕੀਤਾ। ਸ. ਪਰਕਾਸ਼ ਸਿੰਘ ਜੀ ਬਾਦਲ ਨੇ ਇਸ ਦੀ ਤਾਈਦ ਕੀਤੀ, ਉਪਰੰਤ ਆਪ ਜੀ ਸਰਬ-ਸੰਮਤੀ ਨਾਲ ਆਰਜ਼ੀ ਤੌਰ 'ਤੇ ਜਨਰਲ ਇਕੱਤ੍ਰਤਾ ਤੀਕਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਮਤਾ ਨੰ: 903, ਮਿਤੀ 24 ਅਪ੍ਰੈਲ, 1955 ਅਨੁਸਾਰ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸਿੰਘ ਸਾਹਿਬ ਗਿਆਨੀ ਫ਼ੌਜਾ ਸਿੰਘ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਚਾਨਕ ਗ੍ਰਿਫ਼ਤਾਰ ਹੋ ਜਾਣ ਕਰਕੇ ਸਿੰਘ ਸਾਹਿਬ ਗਿ: ਪ੍ਰਤਾਪ ਸਿੰਘ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਰਜ਼ੀ ਤੌਰ 'ਤੇ ਬਤੌਰ ਜਥੇਦਾਰ, ਤਖ਼ਤ ਕੇਸਗੜ੍ਹ ਸਾਹਿਬ ਤਬਦੀਲ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਸੇਵਾ ਆਰਜ਼ੀ ਤੌਰ 'ਤੇ ਜਥੇਦਾਰ ਅੱਛਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਿਬਾਹੁਣਗੇ।

ਇਸ ਤਰ੍ਹਾਂ 7 ਜੁਲਾਈ, 1955 ਤੀਕ ਬਾਵਾ ਹਰਿਕਿਸ਼ਨ ਸਿੰਘ ਪ੍ਰਿੰਸੀਪਲ ਨੇ ਪ੍ਰਧਾਨ, ਸ਼੍ਰੋਮਣੀ ਕਮੇਟੀ ਦੀ ਸੇਵਾ ਨਿਬਾਹੀ। ਸ੍ਰੀ ਦਰਬਾਰ ਸਾਹਿਬ 'ਤੇ ਅਸ਼ਵਨੀ ਕੁਮਾਰ ਵਲੋਂ ਕਰਵਾਏ ਗਏ ਹਮਲੇ ਸਮੇਂ ਇਹ ਛਾਤੀ ਡਾਹ ਕੇ ਖੜ ਗਏ ਕਿ ਪਹਿਲਾਂ ਮੈਨੂੰ ਗੋਲੀ ਮਾਰੀ ਜਾਵੇ। ਸ਼੍ਰੋਮਣੀ ਕਮੇਟੀ 'ਚ ਪ੍ਰਧਾਨਗੀ ਦਾ ਇਨ੍ਹਾਂ ਦਾ ਸਮਾਂ ਬੜਾ ਬਿਖੜਾ ਸੀ।

3 ਦਸੰਬਰ, 1957 ਨੂੰ ਜਨਰਲ ਇਜਲਾਸ ਸਮੇਂ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ, ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਸੀਨੀਅਰ ਮੀਤ ਪ੍ਰਧਾਨ ਤੇ ਪ੍ਰੋ. ਕਿਰਪਾਲ ਸਿੰਘ ਚੱਕਸ਼ੇਰੇ ਵਾਲਾ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ। 9 ਮਾਰਚ, 1958 ਨੂੰ ਜਨਰਲ ਸਮਾਗਮ, ਬਾਵਾ ਹਰਿਕਿਸ਼ਨ ਸਿੰਘ ਜੀ ਸੀਨੀਅਰ ਮੀਤ ਪ੍ਰਧਾਨ, ਦੀ ਪ੍ਰਧਾਨਗੀ 'ਚ ਅਰੰਭ ਹੋਇਆ ਜਿਸ ਵਿਚ ਪੰਥ ਦੇ ਪ੍ਰਸਿੱਧ ਵਿਦਵਾਨ, ਵਿਆਖਿਆਕਾਰ, ਖੋਜੀ-ਲਿਖਾਰੀ ਤੇ ਪ੍ਰਿੰਸੀਪਲ, ਪ੍ਰੋ. ਤੇਜਾ ਸਿੰਘ ਜੀ ਦੇ ਅਕਾਲ ਚਲਾਣੇ ਅਤੇ ਮੌਲਾਨਾ ਅਬੁਲ ਕਲਾਮ ਅਜ਼ਾਦ ਦੀ ਮੌਤ 'ਤੇ ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ ਅਤੇ ਪ੍ਰੋ. ਤੇਜਾ ਸਿੰਘ ਜੀ ਦੀ ਤਸਵੀਰ ਤੇਜਾ ਸਿੰਘ ਸਮੁੰਦਰੀ ਹਾਲ 'ਚ ਲਾਉਣ ਦਾ ਫ਼ੈਸਲਾ ਹੋਇਆ। ਉਪਰੰਤ ਸਾਲ 1957-58 ਈ. ਦਾ ਸਾਲਾਨਾ ਬਜਟ ਪਾਸ ਕੀਤਾ ਗਿਆ ਤੇ ਪਾਕਿਸਤਾਨ 'ਚ ਰਹਿ ਗਏ ਗੁਰਦੁਆਰਿਆਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਵਾਸਤੇ ਸਹੂਲਤਾਂ ਦਾ ਮਤਾ ਵੀ ਇਨ੍ਹਾਂ ਦੀ ਹੀ ਪ੍ਰਧਾਨਗੀ ਸਮੇਂ ਹੋਇਆ। ਇਸ ਜਨਰਲ ਇਜਲਾਸ ਸਮੇਂ 96 ਮੈਂਬਰ, ਸ਼੍ਰੋਮਣੀ ਕਮੇਟੀ ਦੇ ਹਾਜ਼ਰ ਸਨ।

ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਜੀ ਆਖ਼ਰੀ ਸਮੇਂ ਤੀਕ 'ਗੁਰੂ-ਗ੍ਰੰਥ ਤੇ ਗੁਰੂ-ਪੰਥ' ਨੂੰ ਸਮਰਪਿਤ ਰਹੇ। ਉਮਰ ਭਰ ਕਦੇ ਕਿਸੇ ਪਦ-ਪਦਵੀ ਤੇ ਅਹੁਦੇ ਦੇ ਮਗਰ ਨਹੀਂ ਦੌੜੇ ਸਗੋਂ ਸਤਿਕਾਰਤ ਪਦਵੀਆਂ 'ਤੇ ਸੇਵਾ ਨਿਬਾਹੁਣ ਦਾ ਉਨ੍ਹਾਂ ਨੂੰ ਸੁਭਾਗ

ਪ੍ਰਾਪਤ ਹੋਇਆ। ਆਪ ਜੀ ਵਲੋਂ ਕੀਤੀਆਂ ਪੰਥਕ ਸੇਵਾਵਾਂ ਦਾ ਸਨਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ੇਸ਼ ਰੂਪ 'ਚ ਕੀਤਾ ਗਿਆ। ਧੰਨਵਾਦ ਦੇ ਸ਼ਬਦਾਂ 'ਚ ਪ੍ਰਿੰਸੀਪਲ ਸਾਹਿਬ ਨੇ ਕਿਹਾ ਸੀ ਕਿ ਅਕਾਲੀ ਦਲ ਵਰਗੀ ਪੰਥਕ ਜਥੇਬੰਦੀ ਨੂੰ ਕਿਸੇ ਵੀ ਰੂਪ 'ਚ ਢਾਹ ਨਾ ਲਾਈ ਜਾਵੇ, ਇਸ ਵਿਚ ਹੀ ਸਾਡਾ ਸਾਰਿਆਂ ਦਾ ਭਲਾ ਹੈ। ਪ੍ਰੋ. ਪ੍ਰਿਥੀਪਾਲ ਸਿੰਘ ਜੀ ਕਪੂਰ ਦੇ ਦੱਸਣ ਅਨੁਸਾਰ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਯੂਨੀਵਰਸਿਟੀ ਇਸਲਾਮਾਬਾਦ ਦੇ ਪ੍ਰੋ. ਵਾਈਸ ਚਾਂਸਲਰ ਡਾ. ਮੁਹੰਮਦ ਯੂਸਫ਼ ਅਬਾਸੀ (ਜੋ ਬਾਵਾ ਜੀ ਦੇ ਗੁੱਜਰਾਂਵਾਲੇ ਵਿਖੇ ਸ਼ਾਗਿਰਦ ਰਹੇ ਸਨ) ਨੇ ਆਪ ਜੀ ਬਾਰੇ ਆਪਣੇ ਇਕ ਕਾਨਵੋਕੇਸ਼ਨ ਭਾਸ਼ਨ ਵਿਚ ਕਿਹਾ ਸੀ ਕਿ ਬਾਵਾ ਹਰਿਕਿਸ਼ਨ ਸਿੰਘ ਗੁਰੂ ਨਾਨਕ ਦੇਵ ਜੀ ਦੇ ਪ੍ਰਮੁੱਖ ਸਿੱਖ ਹਨ ਜਿਵੇਂ ਦੇ ਗੁਰੂ ਨਾਨਕ ਸਾਹਿਬ ਸਿੱਖ ਬਣਾਉਣਾ ਚਾਹੁੰਦੇ ਸਨ।

1955 ਈ. ਵਿਚ ਕੇਂਦਰ ਸਰਕਾਰ ਨਾਲ ਰਾਜਸੀ ਗੱਲਬਾਤ ਕਰਨ ਲਈ ਅਜੇਹੇ ਸਿੱਖਾਂ ਦੀ ਇਕ ਕਮੇਟੀ ਬਣਾਈ ਗਈ, ਜਿਸ ਵਿਚ ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਨੂੰ ਮੈਂਬਰ ਲਿਆ ਗਿਆ। ਇਸ ਕਮੇਟੀ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਗੱਲ-ਬਾਤ ਕਰਨੀ ਸੀ। ਭਾਵੇਂ ਕਿ ਪ੍ਰਿੰਸੀਪਲ ਸਾਹਿਬ ਉਸ ਸਮੇਂ ਸ. ਹੁਕਮ ਸਿੰਘ ਦੇ ਨਿਵਾਸ 'ਤੇ ਦਿੱਲੀ ਠਹਿਰੇ ਹੋਏ ਸਨ ਪਰ ਉਹ ਕਿਸੇ ਮੀਟਿੰਗ ਵਿਚ ਸ਼ਾਮਿਲ ਨਹੀਂ ਹੋਏ। 1960 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੈਨਟ ਮੈਂਬਰ ਨਾਮਜ਼ਦ ਹੋਏ ਪਰ ਉਹ ਕਿਸੇ ਵੀ ਮੀਟਿੰਗ ਵਿਚ ਸ਼ਾਮਿਲ ਨਾ ਹੋਏ। ਵਾਸਤਵ ਵਿਚ ਇਸ ਸਮੇਂ ਤਕ ਬਾਵਾ ਜੀ ਨਿਰਲੇਪ ਅਵਸਥਾ ਵਿਚ ਵਿਚਰਨ ਲੱਗ ਪਏ ਸਨ।

20 ਅਗਸਤ, 1978 ਈ. ਵਿਚ ਦਿੱਲੀ ਦੇ ਸੈਨਿਕ ਹਸਪਤਾਲ 'ਚ ਕੁਝ ਸਮਾਂ ਬੀਮਾਰ ਰਹਿਣ ਉਪਰੰਤ ਪ੍ਰਿੰ. ਬਾਵਾ ਹਰਿਕਿਸ਼ਨ ਸਿੰਘ ਜੀ ਇਸ ਨਾਸ਼ਮਾਨ ਸੰਸਾਰ ਨੂੰ ਅਲਵਿਦਾ ਕਹਿ ਗਏ।

•

15

ਸ. ਗਿਆਨ ਸਿੰਘ 'ਰਾੜੇਵਾਲਾ'

ਪੈਪਸੂ ਦੇ ਮੁੱਖ-ਮੰਤਰੀ, ਪਟਿਆਲਾ ਰਿਆਸਤ ਦੀ ਹਾਈਕੋਰਟ ਦੇ ਜੱਜ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਆਦਿ, ਮਹੱਤਵਪੂਰਨ ਪਦਵੀਆਂ 'ਤੇ ਸੁਸ਼ੋਭਿਤ ਰਹੇ ਸ. ਗਿਆਨ ਸਿੰਘ 'ਰਾੜੇਵਾਲਾ' ਦਾ ਜਨਮ 16 ਦਸੰਬਰ, 1901 ਨੂੰ ਸ. ਰਤਨ ਸਿੰਘ ਜੀ ਬਿਸਵੇਦਾਰ ਦੇ ਘਰ, ਪਿੰਡ ਭੜੀ, ਜ਼ਿਲ੍ਹਾ ਲੁਧਿਆਣਾ 'ਚ ਨਾਨਕੇ ਘਰ ਹੋਇਆ। ਸ. ਗਿਆਨ ਸਿੰਘ ਜੀ 'ਰਾੜੇਵਾਲਾ' ਨੇ ਅੱਖਰ-ਗਿਆਨ ਨਾਨਕੇ ਪਿੰਡ ਭੜੀ ਅਤੇ ਸਮਰਾਲੇ ਤੋਂ ਪ੍ਰਾਪਤ ਕਰ ਕੇ ਮਾਡਲ ਹਾਈ ਸਕੂਲ, ਪਟਿਆਲਾ ਤੋਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਮਹਿੰਦਰਾ ਕਾਲਜ, ਪਟਿਆਲਾ ਤੋਂ 1925 'ਚ ਗਰੈਜੂਏਸ਼ਨ ਕਰ ਕੇ ਪਟਿਆਲਾ ਰਿਆਸਤ ਦੀ ਸਿਵਲ ਸਰਵਿਸ 'ਚ ਸਹਾਇਕ ਡਿਪਟੀ ਕਮਿਸ਼ਨਰ ਨਿਯੁਕਤ ਹੋਏ। ਉਪਰੰਤ ਪਟਿਆਲਾ ਦੇ ਡਿਪਟੀ ਕਮਿਸ਼ਨਰ ਬਣੇ। ਆਪ ਜੀ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਦੇ ਮਾਮਾ ਜੀ ਸਨ। ਸ਼ਾਹੀ ਘਰਾਣੇ 'ਚ ਪਾਲਣ-ਪੋਸਣ ਹੋਣ ਦੇ ਬਾਵਜੂਦ ਵੀ ਵੱਡੇਪਨ ਦਾ ਹੰਕਾਰ ਨਹੀਂ ਸੀ ਸ. 'ਰਾੜੇਵਾਲ' ਨੂੰ! ਇਨ੍ਹਾਂ ਦਾ ਅਨੰਦ ਕਾਰਜ ਬੀਬੀ ਮਨਮੋਹਨ ਕੌਰ ਜੀ ਨਾਲ ਹੋਇਆ। ਇਨ੍ਹਾਂ ਦੇ ਘਰ ਚਾਰ ਸਪੁੱਤਰ ਤੇ ਇਕ ਸਪੁੱਤਰੀ, ਬੀਬੀ ਨਿਰਲੇਪ ਕੌਰ ਪੈਦਾ ਹੋਈ।

ਸਰਦਾਰ ਰਾੜੇਵਾਲਾ 1942 ਈ. ਵਿਚ ਪਟਿਆਲਾ ਰਿਆਸਤ ਦੀ ਹਾਈਕੋਰਟ ਦੇ ਮੁੱਖ ਜੱਜ ਬਣ ਗਏ। ਦੇਸ਼-ਵੰਡ ਸਮੇਂ ਇਨ੍ਹਾਂ ਨੇ ਹਿੰਦੂ-ਸਿੱਖ ਹਿਜਰਤਕਾਰੀਆਂ ਦੀ ਤਨ-ਮਨ ਤੋਂ ਸਹਾਇਤਾ ਕੀਤੀ। ਆਪ ਜੀ ਕੁਝ ਸਮਾਂ ਖੇਤੀਬਾੜੀ ਮੰਤਰੀ ਰਹੇ। 1948 ਈ. ਤੋਂ 1952 ਈ. ਤੀਕ ਆਪ ਨੂੰ ਪੈਪਸੂ ਦੇ ਮੁੱਖ-ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਮਾਂ-ਬੋਲੀ ਪੰਜਾਬੀ ਦੇ ਵਿਕਾਸ ਵਾਸਤੇ ਮਹਿਕਮਾ ਪੰਜਾਬੀ ਅਰੰਭ ਕਰਵਾਇਆ ਅਤੇ ਪੰਜਾਬੀ ਸੂਬੇ ਦੀ ਡੱਟਵੀਂ ਹਮਾਇਤ ਕੀਤੀ। ਪੈਪਸੂ ਦੇ ਮੁੱਖ-ਮੰਤਰੀ ਵੇਲੇ ਆਪ ਜੀ ਨੇ ਮਾਂ-ਬੋਲੀ ਪੰਜਾਬੀ ਨੂੰ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਅਤੇ ਅਦਾਲਤਾਂ ਦੀ ਕੰਮ-ਕਾਜ ਦੀ ਭਾਸ਼ਾ ਬਣਾ ਕੇ ਵਡਮੁੱਲੀ ਤੇ ਇਤਿਹਾਸਕ ਸੇਵਾ ਕੀਤੀ। ਪੰਜਾਬੀ ਭਾਸ਼ਾ ਦੇ ਵਿਕਾਸ ਤੇ ਸਾਂਭ-ਸੰਭਾਲ ਲਈ ਬਣੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਅਰੰਭ ਕਰਨ ਵਿਚ ਵੀ ਸਰਦਾਰ ਸਾਹਿਬ ਦੀ ਵਿਸ਼ੇਸ਼ ਭੂਮਿਕਾ ਤੇ ਯੋਗਦਾਨ ਸੀ। ਸ. ਤਰਲੋਚਨ ਸਿੰਘ ਜੀ ਮੈਂਬਰ ਪਾਰਲੀਮੈਂਟ ਦੇ ਲਿਖੇ ਖ਼ਤ ਮੁਤਾਬਿਕ, "ਜਦੋਂ ਉਹ (ਸ. ਗਿਆਨ ਸਿੰਘ ਜੀ 'ਰਾੜੇਵਾਲਾ')



ਸ. ਗਿਆਨ ਸਿੰਘ 'ਰਾੜੇਵਾਲਾ'

ਮੁੱਖ-ਮੰਤਰੀ ਪੈਪਸੂ ਸਨ ਤਾਂ ਅੰਮ੍ਰਿਤਸਰ ਵਿਚ 1953 ਈ. ਦੇ ਅਖ਼ੀਰ ਵਿਚ ਮੋਰਚਾ ਲੱਗਾ ਹੋਇਆ ਸੀ। ਸ਼੍ਰੀ ਭੀਮ ਸੈਨ ਸੱਚਰ ਮੁੱਖ-ਮੰਤਰੀ ਪੰਜਾਬ ਸਨ, ਸਰਦਾਰ 'ਰਾੜੇਵਾਲਾ' ਨੂੰ ਮੁੱਖ-ਮੰਤਰੀ ਪਦ ਤੋਂ ਭਾਰਤ ਸਰਕਾਰ ਨੇ ਹਟਾ ਦਿੱਤਾ ਸੀ। ਉਨ੍ਹਾਂ ਐਲਾਨ ਕੀਤਾ ਕਿ ਉਹ ਅਗਲੇ ਜਥੇ ਵਿਚ ਗ੍ਰਿਫ਼ਤਾਰੀ ਦੇਣਗੇ ਪਰ ਉਦੋਂ ਹੀ ਮੋਰਚਾ ਸਮਾਪਤ ਹੋ ਗਿਆ। ਉਸ ਵਕਤ ਇਕ ਜਥਾ ਪਟਿਆਲਾ ਤੋਂ ਉਹਨਾਂ ਦੀ ਸਰਦਾਰਨੀ ਮਨਮੋਹਨ ਕੌਰ ਵੀ ਲੈ ਕੇ ਗਈ ਸੀ ਪਰ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਇਕ ਵਾਰ ਅੰਮ੍ਰਿਤਸਰ ਵਿਚ ਕਰਫ਼ਿਊ ਲੱਗਾ ਸੀ ਤਾਂ 'ਰਾੜੇਵਾਲਾ' ਜ਼ਬਰਦਸਤੀ ਪੁਲਿਸ ਨਾਕਾ ਤੋੜ ਕੇ ਦਰਬਾਰ ਸਾਹਿਬ ਪੁੱਜ ਗਏ ਸਨ। ਬਤੌਰ ਮੁੱਖ-ਮੰਤਰੀ, ਪੰਜਾਬੀ ਵਿਭਾਗ ਤੇ ਵੱਖਰਾ ਮਹਿਕਮਾ ਪੱਛੜੀਆਂ ਸ਼੍ਰੇਣੀਆਂ ਲਈ ਬਣਾਇਆ। ਪਹਿਲਾ ਹਰੀਜਨ ਅਫ਼ਸਰ ਵੀ ਉਹਨਾਂ ਬਣਾਇਆ ਅਤੇ ਸ. ਮੀਹਾਂ ਸਿੰਘ ਗਿੱਲ ਨੂੰ ਵਜ਼ੀਰ ਬਣਾਇਆ ਆਦਿ।"

1954 ਈ. ਵਿਚ ਅਕਾਲੀ ਦਲ ਦੀ ਮਿਲੀ-ਜੁਲੀ ਸਰਕਾਰ 'ਚ ਆਪ ਜੀ ਵਿਰੋਧੀ ਧਿਰ ਦੇ ਨੇਤਾ ਬਣੇ। 1954 ਈ. ਵਿਚ ਦੋਬਾਰਾ ਮੁੱਖ-ਮੰਤਰੀ ਬਣ ਗਏ ਪਰ ਉਨ੍ਹਾਂ ਦੀ ਚੋਣ ਰੱਦ ਹੋਣ ਕਰਕੇ ਉਨ੍ਹਾਂ ਨੂੰ ਮੁੱਖ-ਮੰਤਰੀ ਪਦ ਤਿਆਗਣਾ ਪਿਆ। 'ਪੰਜਾਬੀ ਸੂਬਾ ਜ਼ਿੰਦਾਬਾਦ' ਨਾਹਰੇ ਦੇ ਮੋਰਚੇ ਸਮੇਂ ਡਿਕਟੇਟਰ ਰਹੇ। ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਬੰਦ ਕਰ ਦਿੱਤਾ। ਪਹਿਲੀ ਨਵੰਬਰ, 1956 'ਚ ਪੈਪਸੂ ਨੂੰ ਪੰਜਾਬ 'ਚ ਸ਼ਾਮਿਲ ਕਰ ਦਿੱਤਾ ਗਿਆ ਤਾਂ ਆਪ ਆਪਣੇ ਬਹੁਤ ਸਾਰੇ ਅਕਾਲੀ ਸੰਗੀ-ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਿਲ ਹੋ ਗਏ। ਆਪ ਸ. ਪ੍ਰਤਾਪ ਸਿੰਘ ਜੀ ਕੈਰੋਂ ਮੰਤਰੀ ਮੰਡਲ 'ਚ ਬਿਜਲੀ ਤੇ ਸਿੰਚਾਈ ਵਿਭਾਗ ਦੇ ਮੰਤਰੀ ਬਣੇ। ਇਨ੍ਹਾਂ ਦੇ ਉੱਦਮ ਸਦਕਾ ਪੰਜਾਬ ਦੇ ਸਿੱਖ ਵਿਧਾਨਕਾਰਾਂ ਦੀ ਸਹਿਮਤੀ ਨਾਲ ਭਾਸ਼ਾ ਦੇ ਆਧਾਰ 'ਤੇ ਹੋਰ ਸੂਬਿਆਂ ਵਾਂਗ ਪੰਜਾਬੀ ਸੂਬਾ ਬਣਾਉਣ ਦੀ ਜ਼ੋਰਦਾਰ ਮੰਗ ਉਠੀ।

7 ਫ਼ਰਵਰੀ, 1955 ਨੂੰ ਹੋਏ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਨਰਲ ਇਜਲਾਸ 'ਚ ਸ. ਗਿਆਨ ਸਿੰਘ ਜੀ 'ਰਾੜੇਵਾਲਾ' ਨਾਮਜ਼ਦ ਮੈਂਬਰ ਵਜੋਂ ਹਾਜ਼ਰ ਸਨ। ਇਸ ਦਿਨ ਹੀ ਇਹ ਅੰਤ੍ਰਿੰਗ ਕਮੇਟੀ ਦੇ ਮੈਂਬਰ ਚੁਣੇ ਗਏ। 7 ਜੁਲਾਈ, 1955 ਨੂੰ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 1107 ਅਨੁਸਾਰ ਪ੍ਰਧਾਨ, ਸ਼੍ਰੋਮਣੀ ਕਮੇਟੀ ਦੀ ਖ਼ਾਲੀ ਹੋਈ ਥਾਂ ਪੂਰ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਾਸਤੇ ਚੇਅਰਮੈਨ ਸਾਹਿਬ ਨੇ ਕੋਈ ਨਾਮ ਪੇਸ਼ ਕਰਨ ਲਈ ਮੰਗ ਕੀਤੀ। ਸ. ਜਸਬੀਰ ਸਿੰਘ ਜੀ ਨੇ ਸ. ਗਿਆਨ ਸਿੰਘ ਜੀ 'ਰਾੜੇਵਾਲਾ' ਅੰਤ੍ਰਿੰਗ ਕਮੇਟੀ ਮੈਂਬਰ ਦਾ ਨਾਮ ਪ੍ਰਧਾਨ ਦੇ ਅਹੁਦੇ ਲਈ ਪੇਸ਼ ਕੀਤਾ ਅਤੇ ਸ. ਕਰਨੈਲ ਸਿੰਘ ਜੀ ਨੇ ਤਾਈਦ ਕੀਤੀ, ਹੋਰ ਕੋਈ ਨਾਮ ਪੇਸ਼ ਨਾ ਹੋਇਆ। ਇਸ ਲਈ ਆਪ ਆਰਜ਼ੀ ਤੌਰ 'ਤੇ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤ੍ਰਤਾ ਤੀਕ ਸਰਬ-ਸੰਮਤੀ ਨਾਲ ਪ੍ਰਧਾਨ ਚੁਣੇ ਗਏ। ਮਤਾ ਨੰ: 1108 ਅਨੁਸਾਰ ਆਪ ਜੀ ਦੇ ਪ੍ਰਧਾਨ ਚੁਣੇ ਜਾਣ ਕਰਕੇ ਇਹਨਾਂ ਦੀ ਅੰਤ੍ਰਿੰਗ ਕਮੇਟੀ ਵਿਚ ਮੈਂਬਰ ਦੀ ਖ਼ਾਲੀ ਥਾਂ ਪੂਰ ਕਰਨ ਲਈ ਸ. ਹਰਨਾਮ ਸਿੰਘ ਜੀ ਫ਼ਿਰੋਜ਼ਪੁਰੀ ਆਰਜ਼ੀ ਤੌਰ 'ਤੇ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ।

ਮਤਾ ਨੰ: 1572 ਮਿਤੀ 14 ਅਕਤੂਬਰ, 1955 ਅਨੁਸਾਰ ਹੜ੍ਹ-ਪੀੜਤਾਂ ਦੀ ਸਹਾਇਤਾ ਸੰਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ-ਪੀੜਤ ਇਲਾਕਿਆਂ ਲਈ ਰੋਟੀ ਦਾ ਪ੍ਰਬੰਧ ਕਰਨ ਵਾਸਤੇ ਵੱਖ ਵੱਖ ਸੱਜਣਾਂ ਦੀ ਪ੍ਰਬੰਧ ਕਰਨ ਦੀ ਡਿਊਟੀ ਲਾਈ ਗਈ, ਜਿਸ ਵਿਚ ਆਪ ਜੀ ਨੂੰ ਪਟਿਆਲਾ ਜ਼ਿਲ੍ਹੇ ਦੀ ਸੇਵਾ ਸੌਂਪੀ ਗਈ। 16 ਅਕਤੂਬਰ, 1955 ਨੂੰ ਹੋਏ ਜਨਰਲ ਸਮਾਗਮ ਸਮੇਂ ਸ. ਗਿਆਨ ਸਿੰਘ ਜੀ 'ਰਾੜੇਵਾਲਾ' (ਪੈਪਸੂ) ਨਾਮਜ਼ਦ ਮੈਂਬਰ ਸ਼੍ਰੋਮਣੀ ਕਮੇਟੀ ਵਜੋਂ ਹਾਜ਼ਰ ਸਨ। 16 ਅਕਤੂਬਰ, 1955 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤ੍ਰਤਾ ਸਮੇਂ ਸ. ਕਰਤਾਰ ਸਿੰਘ ਸਪੁੱਤਰ ਸ. ਸ਼ੰਕਰ ਸਿੰਘ ਜ਼ਿਲ੍ਹਾ ਫ਼ਿਰੋਜ਼ਪੁਰ ਮੈਂਬਰ, ਸ਼੍ਰੋਮਣੀ ਕਮੇਟੀ, ਸ. ਨਾਜ਼ਰ ਸਿੰਘ ਮੈਂਬਰ, ਸ਼੍ਰੋਮਣੀ ਕਮੇਟੀ ਅਤੇ ਸ. ਸਾਧੂ ਸਿੰਘ ਲਾਇਲਪੁਰੀ ਮੈਂਬਰ ਦੇ ਅਕਾਲ ਚਲਾਣੇ 'ਤੇ ਸ਼ੋਕ-ਮਤੇ ਕੀਤੇ ਗਏ। ਇਸ ਸਮੇਂ ਹੀ ਹੜ੍ਹ-ਪੀੜਤਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦਾ ਮਤਾ ਪਾਸ ਕੀਤਾ ਗਿਆ।

ਪ੍ਰੋ. ਸਤਿਬੀਰ ਸਿੰਘ ਜੀ ਨੇ ਮਤਾ ਪੇਸ਼ ਕੀਤਾ ਕਿ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਸੂਬਿਆਂ ਦੀ ਨਵੀਂ ਹੱਦ ਬੰਦੀ ਕਰਨ ਵਾਲੇ ਕਮਿਸ਼ਨ ਦੀ ਰੀਪੋਰਟ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਪੰਜਾਬੀ ਸੂਬੇ ਦੀ ਸਰਬ-ਸੰਮਤੀ ਵਾਲੀ ਮੰਗ ਨੂੰ ਰੱਦ ਕਰ ਕੇ ਮਹਾਂ ਪੰਜਾਬ ਬਣਾਉਣ ਦੀ ਤਜਵੀਜ਼ ਕੀਤੀ ਗਈ ਹੈ, ਬਿਲਕੁਲ ਹੀ ਨਾ-ਮਨਜ਼ੂਰ ਕਰਦਾ ਹੈ ਅਤੇ ਸਰਕਾਰ ਹਿੰਦ 'ਤੇ ਜ਼ੋਰ ਦਿੰਦਾ ਹੈ ਕਿ ਇਸ ਤਜਵੀਜ਼ ਨੂੰ ਨਾ-ਮਨਜ਼ੂਰ ਕਰ ਦੇਵੇ ਤੇ ਤੁਰੰਤ ਹੀ ਪੰਜਾਬੀ ਸੂਬਾ ਬਣਾਉਣ ਦੀ ਕਾਰਵਾਈ ਕਰੇ।" ਕਾਫ਼ੀ ਬਹਿਸ ਉਪਰੰਤ ਇਹ ਮਤਾ ਪਾਸ ਕੀਤਾ ਗਿਆ।

16 ਅਕਤੂਬਰ, 1955 ਨੂੰ ਮਾਸਟਰ ਤਾਰਾ ਸਿੰਘ ਜੀ ਫਿਰ ਸਰਬ-ਸੰਮਤੀ ਨਾਲ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ ਅਤੇ ਅੰਤ੍ਰਿੰਗ ਕਮੇਟੀ ਦੀ ਚੋਣ ਸਮੇਂ ਸ. ਗਿਆਨ ਸਿੰਘ ਜੀ 'ਰਾੜੇਵਾਲਾ' ਮੈਂਬਰ ਅੰਤ੍ਰਿੰਗ ਕਮੇਟੀ ਚੁਣੇ ਗਏ। 'ਰਾੜੇਵਾਲਾ' ਸਾਹਿਬ ਇਸ ਤਰ੍ਹਾਂ 7 ਜੁਲਾਈ, 1955 ਤੋਂ 16 ਅਕਤੂਬਰ, 1955 ਤੀਕ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਕਾਰਜਸ਼ੀਲ ਰਹੇ।

1957 ਈ. 'ਚ ਸ. ਗਿਆਨ ਸਿੰਘ ਜੀ 'ਰਾੜੇਵਾਲਾ' ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਸਿੰਚਾਈ ਮੰਤਰੀ ਦੇ ਅਹੁਦੇ 'ਤੇ ਕਾਰਜਸ਼ੀਲ ਰਹੇ। 1962 ਈ. ਅਤੇ 1967 ਈ. 'ਚ ਸਰਦਾਰ ਸਾਹਿਬ ਕਾਂਗਰਸ ਪਾਰਟੀ ਵੱਲੋਂ ਐਮ.ਐਲ.ਏ. ਚੁਣੇ ਗਏ ਅਤੇ ਕਾਂਗਰਸ ਵਿਧਾਨਕਾਰ ਪਾਰਟੀ ਦੇ ਮੁਖੀ ਰਹੇ। 1969 ਈ. 'ਚ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ, ਫਿਰ ਅਕਾਲੀ ਦਲ 'ਚ ਸ਼ਾਮਿਲ ਹੋ ਗਏ ਅਤੇ ਆਖ਼ਰੀ ਸਾਹਾਂ ਤੀਕ ਅਕਾਲ ਦੇ ਪੁਜਾਰੀ ਅਕਾਲੀ ਰਹੇ। ਆਪ ਸਬਰ-ਸਿਦਕ ਵਾਲੇ ਸਿੱਖ ਨੀਤੀਵੇਤਾ ਸਨ। ਉਹ ਸਮੇਂ ਅਨੁਸਾਰ ਸਿਧਾਂਤ ਨਾਲ ਸਮਝੌਤਾ ਨਹੀਂ ਸਨ ਕਰਦੇ। ਇਨ੍ਹਾਂ ਦੀ ਸਪੁੱਤਰੀ ਬੀਬੀ ਨਿਰਲੇਪ ਕੌਰ ਸਿੱਖ ਸਿਆਸਤ 'ਚ ਕਾਫ਼ੀ ਸਰਗਰਮ ਰਹੀ ਅਤੇ ਰਾਜ ਸਭਾ ਦੀ ਮੈਂਬਰ ਵੀ ਰਹੀ।

ਬਿਮਾਰੀ ਸਮੇਂ ਸਰਗਰਮ ਸਿਆਸਤ ਤੋਂ ਸੰਨਿਆਸ ਲੈਣ ਉਪਰੰਤ ਵੀ

ਸ. 'ਰਾੜੇਵਾਲਾ' ਪੰਥਕ ਸਰਗਰਮੀਆਂ ਤੇ ਰਾਜਨੀਤੀ ਨਾਲ ਜੁੜੇ ਰਹੇ ਅਤੇ ਪੰਥ ਦੀ ਚੜ੍ਹਦੀ ਕਲ੍ਹਾ ਲਈ ਹਮੇਸ਼ਾ ਯਤਨਸ਼ੀਲ ਰਹੇ। ਆਪ ਬੁੱਧੀਮਾਨ, ਗੁਰਸਿੱਖ ਨੀਤੀਵੇਤਾ, ਸੁਚੱਜੇ ਪ੍ਰਬੰਧਕ, ਰਾਜਨੀਤੀ ਤੋਂ ਧਰਮ ਨੂੰ ਪਹਿਲ ਦੇਣ ਵਾਲੇ, ਈਮਾਨਦਾਰ, ਹਉਮੈ-ਹੰਕਾਰ ਤੋਂ ਦੂਰ ਸਿੱਖ ਨੇਤਾ ਸਨ।

ਲੰਮਾ ਸਮਾਂ ਬਿਮਾਰੀ ਨਾਲ ਸੰਘਰਸ਼ ਕਰਦੇ ਹੋਏ 31 ਦਸੰਬਰ, 1979 ਈ. ਨੂੰ ਸ. ਗਿਆਨ ਸਿੰਘ ਜੀ 'ਰਾੜੇਵਾਲਾ' ਦਿੱਲੀ 'ਚ ਗੁਰਪੁਰੀ ਪਿਆਨਾ ਕਰ ਗਏ। ਇਸ ਦਿਨ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੇ ਸੰਬੰਧਿਤ ਅਦਾਰੇ ਅਫ਼ਸੋਸ ਵਜੋਂ ਬੰਦ ਰੱਖੇ ਗਏ। ਦੋ ਦਿਨਾਂ ਬਾਅਦ ਇਨ੍ਹਾਂ ਦੀ ਮਿਰਤਕ ਦੇਹ ਦਾ ਅੰਤਿਮ ਸੰਸਕਾਰ, ਇਨ੍ਹਾਂ ਦੇ ਪਿਤਾ-ਪੁਰਖੀ ਪਿੰਡ 'ਰਾੜੇਵਾਲਾ' 'ਚ ਕੀਤਾ ਗਿਆ। ਪਹਿਲੀ ਜਨਵਰੀ, 1980 ਦੀ *ਟ੍ਰਿਬਿਊਨ* ਦੇ ਅਨੁਸਾਰ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਪ੍ਰਧਾਨ, ਸ਼੍ਰੋਮਣੀ ਕਮੇਟੀ, ਆਪ ਜੀ ਦੇ ਅੰਤਿਮ ਸਸਕਾਰ ਵਿਚ ਸ਼ਾਮਿਲ ਹੋਏ ਤੇ ਐਲਾਨ ਕੀਤਾ ਕਿ ਸ. 'ਰਾੜੇਵਾਲਾ' ਦੀ ਤਸਵੀਰ ਕੇਂਦਰੀ ਸਿੱਖ ਅਜਾਇਬ-ਘਰ ਲਗਾਈ ਜਾਵੇਗੀ। ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ ਮਾਰਚ, 1980 ਵਿਚ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ ਸ. ਗਿਆਨ ਸਿੰਘ ਜੀ 'ਰਾੜੇਵਾਲਾ' ਸਾਬਕਾ ਮੁੱਖ-ਮੰਤਰੀ ਤੇ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਕੀਤਾ ਗਿਆ।

•



ਸ. ਪ੍ਰੇਮ ਸਿੰਘ 'ਲਾਲਪੁਰਾ'

16

ਸ. ਪ੍ਰੇਮ ਸਿੰਘ 'ਲਾਲਪੁਰਾ'

ਐਮ.ਐਲ.ਸੀ., ਐਮ.ਐਲ.ਏ. ਅਤੇ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਰਹੇ ਸ. ਪ੍ਰੇਮ ਸਿੰਘ ਜੀ 'ਲਾਲਪੁਰਾ' ਦਾ ਜਨਮ ਸ. ਗੰਡਾ ਸਿੰਘ ਜੀ ਤੇ ਸਰਦਾਰਨੀ ਬਲਵੰਤ ਕੌਰ ਦੇ ਘਰ 26 ਫ਼ਰਵਰੀ, 1925 ਨੂੰ ਪਿੰਡ ਲਾਲਪੁਰਾ, ਜ਼ਿਲ੍ਹਾ ਤਰਨ ਤਾਰਨ ਵਿਖੇ ਹੋਇਆ। ਆਪ ਜੀ ਨੇ ਦਸਵੀਂ ਦਾ ਇਮਤਿਹਾਨ 1944 ਈ. 'ਚ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ, ਤਰਨ ਤਾਰਨ ਤੋਂ ਪਾਸ ਕੀਤਾ। ਇਨ੍ਹਾਂ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ 'ਚ ਪੜ੍ਹਾਈ ਸਮੇਂ ਖ਼ਾਲਸਾ ਕਾਲਜ ਕਬੱਡੀ ਟੀਮ ਦੇ ਕੈਪਟਨ ਤੇ ਬੈਸਟ ਐਥਲੀਟ ਹੋਣ ਦਾ ਮਾਣ ਪ੍ਰਾਪਤ ਕੀਤਾ। ਇਸੇ ਸਮੇਂ ਹੀ ਆਪ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਰਗਰਮ ਮੈਂਬਰ ਬਣੇ। ਇਨ੍ਹਾਂ ਦਾ ਅਨੰਦ ਕਾਰਜ 4 ਜਨਵਰੀ, 1948 ਨੂੰ ਸਰਦਾਰਨੀ ਗੁਰਮੇਜ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਲੜਕਿਆਂ ਅਤੇ ਤਿੰਨ ਲੜਕੀਆਂ ਨੇ ਜਨਮ ਲਿਆ।

7 ਫ਼ਰਵਰੀ, 1955 ਨੂੰ ਨਵੀਂ ਚੁਣੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਦੀ ਇਕੱਤ੍ਰਤਾ ਸਮੇਂ ਸ. 'ਲਾਲਪੁਰਾ' ਬਤੌਰ ਮੈਂਬਰ ਵਜੋਂ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 16 ਅਕਤੂਬਰ, 1955 ਨੂੰ ਸੂਬਕ ਤੇ ਇਲਾਕਾਈ ਵੰਡ ਦੇ ਵਿਰੁੱਧ ਮਤਾ ਪੇਸ਼ ਕੀਤਾ ਜਿਸ ਵਿਚ ਸ. 'ਲਾਲਪੁਰਾ' ਨੇ ਆਪਣੇ ਵਿਚਾਰ ਪੇਸ਼ ਕੀਤੇ। ਸ਼੍ਰੋਮਣੀ ਕਮੇਟੀ ਦਾ 3 ਦਸੰਬਰ, 1957 ਨੂੰ ਜਨਰਲ ਸਮਾਗਮ ਹੋਇਆ, ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਤੇ ਸ. ਪ੍ਰੇਮ ਸਿੰਘ ਜੀ 'ਲਾਲਪੁਰਾ' ਜਨਰਲ ਸਕੱਤਰ, ਚੁਣੇ ਗਏ।

ਸ਼੍ਰੋਮਣੀ ਕਮੇਟੀ ਦੇ 16 ਨਵੰਬਰ, 1958 ਦੇ ਸਾਲਾਨਾ ਜਨਰਲ ਸਮਾਗਮ ਸਮੇਂ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਹੁਦੇ ਵਾਸਤੇ ਸ. ਜੋਗਿੰਦਰ ਸਿੰਘ ਮੁਕੇਰੀਆਂ ਦੀ ਤਜਵੀਜ਼ 'ਤੇ ਮਾਸਟਰ ਤਾਰਾ ਸਿੰਘ ਜੀ ਦਾ ਨਾਂ ਅਤੇ ਸ. ਕੁੰਦਨ ਸਿੰਘ ਜੀ ਦੀ ਤਜਵੀਜ਼ 'ਤੇ ਸ. ਪ੍ਰੇਮ ਸਿੰਘ ਜੀ 'ਲਾਲਪੁਰਾ' ਦਾ ਨਾਂ ਪੇਸ਼ ਹੋਇਆ। ਦੋ ਨਾਂ ਪੇਸ਼ ਹੋਣ ਕਰਕੇ ਵੋਟਾਂ ਪਾਈਆਂ ਗਈਆਂ। ਮਾਸਟਰ ਤਾਰਾ ਸਿੰਘ ਜੀ ਨੂੰ 74 ਵੋਟਾਂ ਤੇ ਸ. ਪ੍ਰੇਮ ਸਿੰਘ ਜੀ 'ਲਾਲਪੁਰਾ' ਦੇ ਹੱਕ ਵਿਚ 77 ਵੋਟਾਂ ਭੁਗਤੀਆਂ। ਇਸ ਤਰ੍ਹਾਂ ਸ. ਪ੍ਰੇਮ ਸਿੰਘ ਜੀ 'ਲਾਲਪੁਰਾ' ਤਿੰਨ ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤ ਕੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਚੁਣੇ ਗਏ। ਉਪਰੰਤ ਇਨ੍ਹਾਂ

ਦੀ ਪ੍ਰਧਾਨਗੀ 'ਚ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਹੋਈ।

ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਇਜਲਾਸ 7 ਮਾਰਚ, 1959 ਨੂੰ ਇਨ੍ਹਾਂ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਵਿਚ 172 ਮੈਂਬਰ, ਸ਼੍ਰੋਮਣੀ ਕਮੇਟੀ ਹਾਜ਼ਰ ਸਨ। ਕਾਰਵਾਈ ਅਰੰਭ ਕਰਨ ਤੋਂ ਪਹਿਲਾਂ ਪ੍ਰਧਾਨ ਸਾਹਿਬ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪਹਿਲੇ 162 ਮੈਂਬਰ ਸਨ, ਹੁਣ 209 ਹੋ ਗਏ ਹਨ। 47 ਮੈਂਬਰ ਸਾਹਿਬਾਨ ਸਾਬਕਾ ਪੈਪਸੂ ਦੇ ਇਲਾਕੇ ਵਿੱਚੋਂ ਲਏ ਗਏ ਹਨ। ਉਨ੍ਹਾਂ ਨਵੇਂ ਆਏ ਮੈਂਬਰ ਸਾਹਿਬਾਨ ਦਾ ਹਾਰਦਿਕ ਸਵਾਗਤ ਕੀਤਾ। ਉਪਰੰਤ ਆਲ ਇੰਡੀਆ ਸਿੱਖ ਗੁਰਦੁਆਰਾ ਬਿੱਲ ਸੰਬੰਧੀ ਆਈਟਮ ਪੇਸ਼ ਹੋਣ 'ਤੇ ਕਰਾਰ ਪਾਇਆ ਕਿ ਗੁਰਦੁਆਰਾ ਬਿੱਲ ਦੀ ਨਵੀਂ ਸੋਧ ਮੁਤਾਬਿਕ ਜੋ ਨਵੀਂ ਸ਼ਰਤ ਲਾਈ ਗਈ ਹੈ, ਕਿ ਗੁਰਦੁਆਰਾ ਵੋਟਰ ਉਹੋ ਬਣ ਸਕੇਗਾ ਜਿਸ ਨੂੰ ਜਪੁਜੀ ਸਾਹਿਬ ਜ਼ੁਬਾਨੀ ਯਾਦ ਹੋਵੇ, ਇਹ ਸ਼ਰਤ ਹਟਾਈ ਜਾਵੇ ਕਿਉਂਕਿ ਇਸ ਦੇ ਮੁਤਾਬਿਕ ਗੁਰਦੁਆਰਾ ਵੋਟਰਾਂ ਦੀ ਸੂਚੀ ਵਿੱਚੋਂ ਪੇਂਡੂ ਹਲਕੇ ਦੇ ਵੋਟਰ ਕੱਟੇ ਜਾਣ 'ਤੇ ਸਿਰਫ਼ ਸ਼ਹਿਰੀ ਹਲਕੇ ਇਸ ਵਿਚ ਰਹਿ ਜਾਣਗੇ। ਇਹ ਵਿਚਾਰ ਕੇ ਇਸ ਸੰਬੰਧ ਵਿਚ ਹੇਠ ਲਿਖਿਆ ਮਤਾ ਪੇਸ਼ ਤੇ ਸਰਬ-ਸੰਮਤੀ ਨਾਲ ਪਾਸ ਹੋਇਆ :

ਹੋਮ ਸਕੱਤਰ ਪੰਜਾਬ ਸਰਕਾਰ ਦੀ ਪੱਤ੍ਰਿਕਾ 21 ਜੀ-59/ਐਚ-ਜੀ-86 ਮਿਤੀ 14-01-1959 ਜਿਸ ਨਾਲ ਉਨ੍ਹਾਂ ਆਲ ਇੰਡੀਆ ਗੁਰਦੁਆਰਾ ਬਿੱਲ ਦੀ ਇਕ ਕਾਪੀ ਭੇਜ ਕੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਰਾਇ ਮੰਗੀ ਹੈ, ਪੇਸ਼ ਹੋਈ, ਕਿਉਂਕਿ ਇਹ ਮਾਮਲਾ ਸਿੱਖ ਧਰਮ ਨਾਲ ਡੂੰਘਾ ਸੰਬੰਧ ਰੱਖਦਾ ਹੈ ਅਤੇ ਇਸ ਨੂੰ ਵਿਚਾਰਨ ਤੇ ਰਾਇ ਦੇਣ ਲਈ ਨਿਯਤ ਕੀਤਾ ਸਮਾਂ ਕਾਫ਼ੀ ਨਹੀਂ, ਇਸ ਲਈ ਇਹ ਸਮਾਗਮ ਸਰਬ-ਸੰਮਤੀ ਨਾਲ ਗਵਰਨਮੈਂਟ ਤੇ ਸ. ਅਮਰ ਸਿੰਘ ਜੀ ਸਹਿਗਲ ਐਮ.ਪੀ. ਪਾਸੋਂ ਮੰਗ ਕਰਦਾ ਹੈ ਕਿ ਇਸ ਬਿੱਲ ਸੰਬੰਧੀ ਰਾਇ ਦੇਣ ਲਈ ਮਿਆਦ 'ਚ ਘੱਟੋ-ਘੱਟ 6 ਮਹੀਨੇ ਵਾਧਾ ਕੀਤਾ ਜਾਵੇ ਅਤੇ ਇਸ ਨੂੰ ਪੰਜਾਬੀ ਵਿਚ ਉਲਥਾ ਕੇ ਸਭ ਸਿੱਖ ਸੰਸਥਾਵਾਂ ਅਤੇ ਸਿੰਘ ਸਭਾਵਾਂ ਦੀ ਰਾਇ ਲਈ ਭੇਜਿਆ ਜਾਵੇ।

ਗੁਰਦੁਆਰਾ ਬਜਟ ਤੇ ਨਵੇਂ ਪੁਰਾਣੇ ਗੁਰਦੁਆਰਿਆਂ ਬਾਰੇ ਇਸ ਜਨਰਲ ਇਜਲਾਸ ਵਿਚ ਸ. ਅਮਰ ਸਿੰਘ ਦੁਸਾਂਝ ਨੇ ਦੱਸਿਆ ਕਿ "ਐਲਾਨ ਹੋਏ ਸਾਰੇ ਗੁਰਦੁਆਰਿਆਂ ਦੀ ਆਮਦਨ ਦਾ ਅੰਦਾਜ਼ਾ ਅਗਲੇ ਸਾਲ ਲਈ 30 ਲੱਖ ਰੁਪਏ ਤਕਰੀਬਨ ਹੈ। ਦੇਸ਼-ਵੰਡ ਤੋਂ ਪਹਿਲਾਂ ਅਣਵੰਡੇ ਪੰਜਾਬ ਵਿਚ ਸਾਰੇ ਐਲਾਨ ਹੋਏ ਗੁਰਦੁਆਰਿਆਂ ਦੀ ਗਿਣਤੀ 751 ਸੀ, ਜਿਨ੍ਹਾਂ ਵਿੱਚੋਂ 179 ਗੁਰਦੁਆਰੇ ਪੱਛਮੀ ਪੰਜਾਬ (ਪਾਕਿਸਤਾਨ) 'ਚ ਰਹਿ ਗਏ। ਪੈਪਸੂ ਦੇ ਇਲਾਕੇ 'ਚ ਗੁਰਦੁਆਰਾ ਐਕਟ ਲਾਗੂ ਹੋਣ ਨਾਲ 176 ਹੋਰ ਗੁਰਦੁਆਰੇ ਸ਼ਡੂਲ ਨੰ: 1 ਦੇ ਗੁਰਦੁਆਰਿਆਂ ਦੀ ਲਿਸਟ ਵਿਚ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਗੁਰਦੁਆਰਿਆਂ ਦਾ ਮੁਕੰਮਲ ਚਾਰਜ ਲੈਣ ਵਿਚ ਇਕ ਸਾਲ ਲੱਗ ਜਾਵੇਗਾ। ਉਪਰੰਤ ਪਰਿਕਰਮਾ ਸਕੀਮ ਸ੍ਰੀ ਦਰਬਾਰ ਸਾਹਿਬ ਵਾਸਤੇ 4 ਲੱਖ ਰੁਪਏ ਤਜਵੀਜ਼ ਹੋਏ ਤੇ ਕੇਂਦਰੀ ਸਿੱਖ ਅਜਾਇਬ ਘਰ ਲਈ 22,000/- ਰੁਪਏ ਅਤੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਲਈ 1,36,000/- ਰੁਪਏ

ਖ਼ਰਚਣ ਦੀ ਤਜਵੀਜ਼ ਪ੍ਰਵਾਨ ਕੀਤੀ ਗਈ। ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਦੀ ਪ੍ਰਵਾਨਗੀ ਵੀ ਇਸ ਜਨਰਲ ਸਮਾਗਮ ਸਮੇਂ ਦਿੱਤੀ ਗਈ।

22 ਅਪ੍ਰੈਲ, 1959 ਨੂੰ ਇਨ੍ਹਾਂ ਦੀ ਪ੍ਰਧਾਨਗੀ 'ਚ ਜਨਰਲ ਸਮਾਗਮ ਅਰੰਭ ਹੋਇਆ ਜਿਸ ਵਿਚ 154 ਮੈਂਬਰ, ਸ਼੍ਰੋਮਣੀ ਕਮੇਟੀ ਹਾਜ਼ਰ ਸਨ। ਇਸ ਜਨਰਲ ਸਮਾਗਮ ਵਿਚ ਮਾਸਟਰ ਤਾਰਾ ਸਿੰਘ—ਨਹਿਰੂ ਸਮਝੌਤਾ ਵਿਰੁੱਧ ਮਤਾ ਪਾਸ ਕੀਤਾ ਗਿਆ।

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਖ਼ਿਆਲਾਂ ਦੇ ਸਿੱਖਾਂ ਦੀ ਧਾਰਮਿਕ ਪ੍ਰਤਿਨਿਧ ਜਥੇਬੰਦੀ ਹੈ ਅਤੇ ਇਹ ਕਮੇਟੀ ਸਦਾ ਹੀ ਇਸ ਰਾਇ ਦੀ ਹਾਮੀ ਰਹੀ ਹੈ ਕਿ ਗੁਰਦੁਆਰਾ ਪ੍ਰਬੰਧ ਬਾਰੇ ਕਿਸੇ ਕਿਸਮ ਦਾ ਕੋਈ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਾ ਕੀਤਾ ਜਾਵੇ।" ...**ਇਹੋ ਜਿਹਾ ਸਮਝੌਤਾ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸੁਤੰਤਰਤਾ ਉੱਤੇ ਸਿੱਧਾ ਹਮਲਾ ਹੈ ਕਿਉਂਕਿ ਕਿਸੇ ਵਿਅਕਤੀ ਜਾਂ ਸਭਾ-ਸੁਸਾਇਟੀ ਨੂੰ ਸ਼੍ਰੋਮਣੀ ਕਮੇਟੀ ਬਾਰੇ ਅਜਿਹਾ ਕਰਨ ਦਾ ਕੋਈ ਅਧਿਕਾਰ ਨਹੀਂ। ਇਸ ਲਈ ਇਹ ਸਮਾਗਮ ਇਸ ਸਮਝੌਤੇ ਦੀ ਸਖ਼ਤ ਨਿਖੇਧੀ ਕਰਦਾ ਹੈ।** ਇਨ੍ਹਾਂ ਦੀ ਪ੍ਰਧਾਨਗੀ ਸਮੇਂ ਹੀ ਧਰਮ ਪ੍ਰਚਾਰ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਬਕਾਇਦਾ ਚੋਣ ਹੋਣ 'ਤੇ ਸੱਤ ਮੈਂਬਰਾਂ ਦੀ ਧਰਮ ਪ੍ਰਚਾਰ ਕਮੇਟੀ ਬਣਾਈ ਗਈ, ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਬਤੌਰ ਮੈਂਬਰ ਲਏ ਗਏ।

ਇਨ੍ਹਾਂ ਦੀ ਪ੍ਰਧਾਨਗੀ 'ਚ 27 ਨਵੰਬਰ, 1959 ਨੂੰ ਜਨਰਲ ਸਾਲਾਨਾ ਸਮਾਗਮ ਅਰੰਭ ਹੋਇਆ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ 'ਤੇ ਮਤ-ਭੇਦਾਂ ਦਾ ਮਤਾ ਪੇਸ਼ ਹੋਣ 'ਤੇ ਪਾਸ ਕੀਤਾ ਕਿ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਰਘ ਵਿਚਾਰ ਉਪਰੰਤ ਇਹ ਰਾਇ ਦੇਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸੰਬੰਧੀ ਚੱਲ ਰਹੀ ਚਰਚਾ ਤੁਰੰਤ ਬੰਦ ਹੋਣੀ ਚਾਹੀਦੀ ਹੈ।" "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸੰਪੂਰਨ ਕੀਤੀ ਗਈ ਗੁਰਤਾ ਪ੍ਰਾਪਤ ਦਮਦਮੀ ਬੀੜ ਨੂੰ ਹੀ ਛਪਾਈ ਦਾ ਆਧਾਰ ਮੰਨਿਆ ਜਾਵੇ।" ਇਸ ਸੰਬੰਧੀ ਸਮੂਹ ਲੋੜੀਂਦੀ ਕਾਰਵਾਈ ਕਰਨ ਲਈ ਸਬ-ਕਮੇਟੀ ਨਿਯਤ ਕੀਤੀ ਜਾਂਦੀ ਹੈ—ਪ੍ਰਧਾਨ, ਸ਼੍ਰੋਮਣੀ ਕਮੇਟੀ, ਪੰਜ ਸੱਜਣ ਸ਼੍ਰੋਮਣੀ ਕਮੇਟੀ ਵੱਲੋਂ ਅਤੇ ਪੰਜ ਸੱਜਣ ਸੰਤ ਸਮਾਜ ਵੱਲੋਂ।

ਇਸ ਦਿਨ ਹੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਦੀ ਚੋਣ ਸੰਬੰਧੀ ਸਵਾਲ ਪੇਸ਼ ਹੋਣ 'ਤੇ ਮਤਾ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਅਗਲੇ ਸਾਲ (ਜਨਵਰੀ, 1960) ਵਿਚ ਚੂੰਕਿ ਕਮੇਟੀ ਦੀ ਜਨਰਲ ਚੋਣ ਹੋ ਰਹੀ ਹੈ, ਇਸ ਲਈ ਓਦੋਂ ਤੀਕ ਕਮੇਟੀ ਦੇ ਨਵੇਂ ਅਹੁਦੇਦਾਰ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਮੁਲਤਵੀ ਕੀਤੀ ਜਾਵੇ ਤੇ ਮੌਜੂਦਾ ਅਹੁਦੇਦਾਰ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਹੀ ਇਹ ਸੇਵਾ ਉਸੇ ਤਰ੍ਹਾਂ ਜਾਰੀ ਰੱਖਣ।

ਸ਼੍ਰੋਮਣੀ ਕਮੇਟੀ ਦਾ ਇਹ ਇਜਲਾਸ ਬਾਬਾ ਕਰਤਾਰ ਸਿੰਘ ਛੀਨੇਵਾਲ ਤੇ ਬਾਬਾ ਭੋਲਾ ਸਿੰਘ ਲੋਹਾ ਖੇੜਾ, ਜ਼ਿਲ੍ਹਾ ਸੰਗਰੂਰ ਦੀ ਉਸ ਸੇਵਾ ਦੀ ਪ੍ਰਸੰਸਾ ਕਰਦਾ ਹੈ ਕਿ ਜੋ ਉਨ੍ਹਾਂ ਨੇ ਅਕਾਲੀ ਲਹਿਰ ਸਮੇਂ ਗੁਰੂ ਕੇ ਬਾਗ਼ ਦੇ ਮੋਰਚੇ ਦੇ ਅਤਿਆਚਾਰੀ ਮਿਸਟਰ

ਬੀ.ਟੀ. ਦੇ ਕਤਲ ਦੇ ਦੋਸ਼ ਵਿਚ ਉਮਰ ਕੈਦ ਕੱਟ ਕੇ ਕੀਤੀ ਤੇ ਉਸ ਕੈਦ ਵਿੱਚੋਂ ਉਹ ਹੁਣੇ ਰਿਹਾ ਹੋਏ ਹਨ। ਇਸ ਦਿਨ ਹੀ ਦੇਸ਼-ਭਗਤਾਂ ਨੂੰ ਖੁੱਲ੍ਹੀ ਸਹਾਇਤਾ ਦੇਣ ਬਾਰੇ ਵੀ ਮਤਾ ਪੇਸ਼ ਕੀਤਾ ਗਿਆ। ਕਾਫ਼ੀ ਬਹਿਸ ਹੋਣ 'ਤੇ ਚਾਰ ਮੈਂਬਰਾਂ ਦੀ ਸਬ-ਕਮੇਟੀ ਬਣਾਈ ਗਈ ਜੋ ਇਸ ਬਾਰੇ ਆਪਣੀ ਰੀਪੋਰਟ ਇਸ ਮਹੀਨੇ ਪੇਸ਼ ਕਰੇ। ਇਸ ਜਨਰਲ ਸਮਾਗਮ 'ਚ ਹੀ ਪਾਸ ਕੀਤਾ ਗਿਆ ਹੈ ਕਿ ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਨੂੰ ਇਤਿਹਾਸਕ ਮੋਹਰਾਂ, ਰਿਆਸਤ ਪਟਿਆਲਾ ਦੇ ਗਜ਼ਟਾਂ ਰਾਹੀਂ ਤੇ ਹੋਰ ਲਿਖਤਾਂ ਮੁਤਾਬਿਕ "ਤਖ਼ਤ" ਕਰਾਰ ਦਿੰਦਾ ਹੈ। ਇਸ ਬਾਰੇ ਗੁਰਦੁਆਰਾ ਐਕਟ ਵਿਚ ਲੋੜੀਂਦੀ ਤਰਮੀਮ ਕਰਾਉਣ ਲਈ ਦਫ਼ਤਰ ਨੂੰ ਅਧਿਕਾਰ ਦਿੰਦਾ ਹੈ। ਇਸ ਬਾਰੇ ਕਾਫ਼ੀ ਬਹਿਸ ਮੁਬਾਹਸੇ ਤੋਂ ਬਾਅਦ ਮੁਕੰਮਲ ਰੀਪੋਰਟ ਦੇਣ ਲਈ 16 ਮੈਂਬਰੀ ਸਬ-ਕਮੇਟੀ ਬਣਾਈ ਗਈ।

ਸ਼੍ਰੋਮਣੀ ਕਮੇਟੀ ਦੀ ਜਨਰਲ ਚੋਣ ਉਪਰੰਤ ਜਨਰਲ ਸਮਾਗਮ 7 ਮਾਰਚ, 1960 ਨੂੰ ਹੋਇਆ, ਜਿਸ ਵਿਚ ਸ. ਪ੍ਰੇਮ ਸਿੰਘ M.L.C., ਪਿੰਡ 'ਲਾਲਪੁਰਾ' (ਤਰਨ ਤਾਰਨ) ਤੋਂ ਬਤੌਰ ਮੈਂਬਰ ਹਾਜ਼ਰ ਹੋਏ। ਪ੍ਰਧਾਨਗੀ ਚੋਣ ਸਮੇਂ ਮਾਸਟਰ ਤਾਰਾ ਸਿੰਘ ਜੀ ਸਰਬ-ਸੰਮਤੀ ਨਾਲ ਫਿਰ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। ਇਸ ਤਰ੍ਹਾਂ ਆਪ ਜੀ 16 ਨਵੰਬਰ, 1958 ਤੋਂ 7 ਮਾਰਚ, 1960 ਤੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਰਹੇ।

ਸ਼੍ਰੋਮਣੀ ਕਮੇਟੀ ਦੇ 18 ਜੂਨ, 1963 ਨੂੰ ਹੋਏ ਜਨਰਲ ਇਜਲਾਸ ਵਿਚ ਵੀ ਸ. 'ਲਾਲਪੁਰਾ' ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 1 ਜੂਨ, 1964 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਅਕਾਲ ਚਲਾਣੇ ਬਾਰੇ ਹਾਰਦਿਕ ਸ਼ੋਕ ਤੇ ਦੁਖ ਦਾ ਪ੍ਰਗਟਾਅ ਕਰਦਾ ਮਤਾ ਪੇਸ਼ ਕੀਤਾ ਗਿਆ, ਜਿਸ ਵਿਚ ਸ. 'ਲਾਲਪੁਰਾ' ਤੇ ਦੋ ਹੋਰ ਮੈਂਬਰਾਂ ਵੱਲੋਂ ਇਸ ਮਤੇ ਦੀ ਪ੍ਰੋੜ੍ਹਤਾ ਕਰਨ 'ਤੇ ਮਤਾ ਪਾਸ ਹੋ ਗਿਆ।

29 ਮਾਰਚ, 1980 ਨੂੰ ਜਨਰਲ ਸਮਾਗਮ ਸਮੇਂ ਆਪ ਜੀ ਨੇ ਬਤੌਰ ਜਨਰਲ ਸਕੱਤਰ ਸਾਲਾਨਾ ਬਜਟ ਪੇਸ਼ ਕੀਤਾ। ਆਪ ਜੀ 19 ਨਵੰਬਰ, 1980 ਨੂੰ ਜਨਰਲ ਇਜਲਾਸ ਸਮੇਂ ਨਾਮਜ਼ਦ ਮੈਂਬਰ ਵਜੋਂ ਹਾਜ਼ਰ ਹੋਏ। 21 ਨਵੰਬਰ, 1981; 30 ਅਪ੍ਰੈਲ, 1982; 30 ਮਾਰਚ, 1983 ਤੇ 30 ਨਵੰਬਰ 1983 ਨੂੰ ਵੀ ਨਾਮਜ਼ਦ ਮੈਂਬਰ ਵਜੋਂ ਹਾਜ਼ਰ ਸਨ। 30 ਨਵੰਬਰ, 1982 ਸ. ਪ੍ਰੇਮ ਸਿੰਘ ਜੀ 'ਲਾਲਪੁਰਾ' ਮੈਂਬਰ, ਸ਼੍ਰੋਮਣੀ ਕਮੇਟੀ (ਐਮ.ਐਲ.ਏ.) ਨੇ ਮਤੇ ਦੀ ਤਾਈਦ ਕੀਤੀ ਕਿ ਅਹੁਦੇਦਾਰ ਤੇ ਅੰਤ੍ਰਿੰਗ ਕਮੇਟੀ ਮੈਂਬਰ ਪਹਿਲੇ ਹੀ ਰਹਿਣ।

ਰਾਜਸੀ ਖੇਤਰ 'ਚ ਵੀ ਸ. ਲਾਲਪੁਰਾ ਕਾਫ਼ੀ ਸਰਗਰਮ ਰਹੇ। 1 ਮਈ, 1958 ਤੋਂ 6 ਜਨਵਰੀ, 1970 ਤੀਕ ਨਿਰੰਤਰ ਐਮ.ਐਲ.ਸੀ. ਅਤੇ 27 ਜੂਨ, 1980 ਤੋਂ 26 ਜੂਨ, 1985; 14 ਅਕਤੂਬਰ, 1985 ਤੋਂ 1 ਜੂਨ, 1986 ਅਤੇ 3 ਮਾਰਚ, 1997 ਤੋਂ 26 ਫ਼ਰਵਰੀ, 2002 ਤੀਕ ਮੈਂਬਰ, ਪੰਜਾਬ ਵਿਧਾਨ ਸਭਾ ਹਲਕਾ ਤਰਨ ਤਾਰਨ ਤੋਂ ਰਹੇ। 1969 ਈ. ਵਿਚ ਕਾਮਨਵੈੱਲਥ ਦੇਸ਼ਾਂ ਦੇ ਇੰਗਲੈਂਡ ਵਿਖੇ ਹੋਏ ਸੰਮੇਲਨ ਸਮੇਂ ਭਾਰਤ ਸਰਕਾਰ ਵਲੋਂ ਸ. ਲਾਲਪੁਰਾ ਮੈਂਬਰ ਪੰਜਾਬ ਵਿਧਾਨ ਸਭਾ ਵਜੋਂ ਹਾਜ਼ਰ ਹੋਏ। ਆਪ ਜੀ ਅੱਜ-ਕੱਲ੍ਹ ਬਹੁਤਾ ਸਮਾਂ ਕੈਨੇਡਾ 'ਚ ਆਪਣੇ ਸਪੁੱਤਰ ਪਾਸ ਨਿਵਾਸ ਰੱਖ ਰਹੇ ਹਨ।

•

17

ਸ. ਅਜੀਤ ਸਿੰਘ 'ਬਾਲਾ'

ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਰਹੇ ਸ. ਅਜੀਤ ਸਿੰਘ ਜੀ 'ਬਾਲਾ' ਦਾ ਜਨਮ ਸ. ਮੰਗਲ ਸਿੰਘ ਦੇ ਘਰ 1907 ਈ. ਪਿੰਡ ਬਹਿਰਾਮਪੁਰ, ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਵਿਖੇ ਹੋਇਆ। ਸ. ਅਜੀਤ ਸਿੰਘ ਜੀ ਦਾ ਇਕ ਭਰਾ ਤੇ ਇਕ ਭੈਣ ਸੀ। ਇਨ੍ਹਾਂ ਦੀ ਉਮਰ ਅਜੇ ਛੋਟੀ ਸੀ ਕਿ ਇਨ੍ਹਾਂ ਦੇ ਪਿਤਾ ਜੀ ਗੁਰਪੁਰੀ ਪਿਆਨਾ ਕਰ ਗਏ, ਜਿਸ ਕਾਰਨ ਇਨ੍ਹਾਂ ਨੂੰ ਬਾਲ ਵਰੇਸ ਤੇ ਜੁਆਨੀ ਘਰ-ਨਿਰਬਾਹ ਅਤੇ ਜ਼ਿੰਮੇਵਾਰੀਆਂ 'ਚ ਨਿਬਾਹੁਣੀ ਪਈ। ਸ. ਅਜੀਤ ਸਿੰਘ ਜੀ 'ਬਾਲਾ' ਨਾਲ ਜੁੜਿਆ ਸ਼ਬਦ 'ਬਾਲਾ' ਜਾਤ ਦਾ ਸੂਚਕ ਹੈ, ਜਿਸ ਨੂੰ ਪੰਜਾਬ ਦੇ ਮਾਝੇ ਖੇਤਰ 'ਚ 'ਵਾਲਾ' ਕਿਹਾ ਜਾਂਦਾ ਹੈ, ਉਹੀ ਸ਼ਬਦ ਮਾਲਵੇ 'ਚ 'ਬਾਲਾ' ਬਣ ਜਾਂਦਾ ਹੈ। ਇਨ੍ਹਾਂ ਦਾ ਅਨੰਦ ਕਾਰਜ ਬੀਬੀ ਰਣਜੀਤ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਸਪੁੱਤਰ ਤੇ ਤਿੰਨ ਧੀਆਂ ਨੇ ਜਨਮ ਲਿਆ। ਇਨ੍ਹਾਂ ਦਾ ਇਕ ਸਪੁੱਤਰ 1986 ਈ. ਵਿਚ ਅਕਾਲ ਚਲਾਣਾ ਕਰ ਗਿਆ। ਦੂਸਰੇ ਸਪੁੱਤਰ ਡਾ. ਪਰਮਜੀਤ ਸਿੰਘ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਕਮਿਸਟਰੀ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਹਨ।

ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਮੈਂਬਰ ਸਾਹਿਬਾਨ ਦੀ ਪਹਿਲੀ ਜਨਰਲ ਇਕੱਤ੍ਰਤਾ 26 ਅਪ੍ਰੈਲ, 1930 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਸ. ਅਜੀਤ ਸਿੰਘ ਜੀ ਪਿੰਡ ਬਹਿਰਾਮਪੁਰ ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਤੋਂ ਬਤੌਰ ਮੈਂਬਰ ਹਾਜ਼ਰ ਸਨ। ਖੇਤੀਬਾੜੀ ਤੋਂ ਇਲਾਵਾ ਇਨ੍ਹਾਂ ਨੇ ਪ੍ਰਧਾਨ, ਸ਼੍ਰੋਮਣੀ ਕਮੇਟੀ ਤੇ ਟਰਾਂਸਪੋਰਟਰ ਦੇ ਤੌਰ 'ਤੇ ਕਾਫ਼ੀ ਨਾਮਣਾ ਤੇ ਪ੍ਰਸਿੱਧੀ ਪ੍ਰਾਪਤ ਕੀਤੀ। ਭਾਵੇਂ ਕਿ ਇਨ੍ਹਾਂ ਨੇ ਕੇਵਲ ਸਕੂਲੀ ਵਿੱਦਿਆ ਹੀ ਪ੍ਰਾਪਤ ਕੀਤੀ ਪਰ ਇਹ 1940 ਈ. ਤੋਂ 1971 ਈ. ਤੀਕ ਨਿਰੰਤਰ 'ਅੰਬਾਲਾ ਬੱਸ ਸਿੰਡੀਕੇਟ' ਦੇ ਸਕੱਤਰ ਦੇ ਅਹੁਦੇ 'ਤੇ ਕਾਰਜਸ਼ੀਲ ਰਹੇ। 1972 ਈ. 'ਚ ਸ. ਅਜੀਤ ਸਿੰਘ ਜੀ 'ਬਾਲਾ' ਸਾਬਕਾ ਪ੍ਰਧਾਨ, ਸ਼੍ਰੋਮਣੀ ਕਮੇਟੀ ਨੇ ਆਪਣਾ ਪਿਤਾ-ਪੁਰਖੀ ਕਾਰੋਬਾਰ ਖੇਤੀਬਾੜੀ ਪਿੰਡ ਬਹਿਰਾਮਪੁਰ 'ਚ ਸ਼ੁਰੂ ਕੀਤਾ ਤੇ ਅਖ਼ੀਰ ਤੀਕ ਇਸ ਕਾਰਜ ਵਿਚ ਮਸਰੂਫ਼ ਰਹੇ।

7 ਫ਼ਰਵਰੀ, 1955 ਨੂੰ ਫਿਰ ਨਵੀਂ ਚੁਣੀ ਸ਼੍ਰੋਮਣੀ ਕਮੇਟੀ ਦੀ ਪਹਿਲੀ ਜਨਰਲ ਇਕੱਤ੍ਰਤਾ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ 'ਚ ਹੋਈ, ਜਿਸ ਵਿਚ ਸ. ਅਜੀਤ



ਸ. ਅਜੀਤ ਸਿੰਘ 'ਬਾਲਾ'

ਸਿੰਘ ਜੀ 'ਬਾਲਾ' ਹਾਜ਼ਰ ਸਨ। ਮਾਸਟਰ ਤਾਰਾ ਸਿੰਘ ਜੀ 7 ਮਾਰਚ, 1960 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਗਿਆਨੀ ਹਰਿਭਗਤ ਸਿੰਘ ਜੀ 'ਨਾਰੰਗਵਾਲ' ਮੈਂਬਰ, ਸ਼੍ਰੋਮਣੀ ਕਮੇਟੀ ਵੱਲੋਂ ਸ. ਅਜੀਤ ਸਿੰਘ 'ਬਾਲਾ' ਦਾ ਨਾਮ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਵਾਸਤੇ ਪੇਸ਼ ਕੀਤਾ ਗਿਆ ਜੋ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਤਰ੍ਹਾਂ ਆਪ ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੇ ਗਏ।

29 ਮਾਰਚ, 1960 ਨੂੰ ਸ਼੍ਰੋਮਣੀ ਕਮੇਟੀ ਦਾ ਜਨਰਲ ਸਮਾਗਮ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ 'ਚ ਅਰੰਭ ਹੋਇਆ ਜਿਸ ਵਿਚ 126 ਮੈਂਬਰ ਹਾਜ਼ਰ ਸਨ। ਅਰਦਾਸ ਬੇਨਤੀ ਉਪਰੰਤ ਜਨਰਲ ਹਾਊਸ ਦੀ ਕਾਰਵਾਈ ਸ. ਅਜੀਤ ਸਿੰਘ ਜੀ 'ਬਾਲਾ' ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ 'ਚ ਅਰੰਭ ਹੋਈ। ਸ. ਗੁਰਬਖ਼ਸ਼ ਸਿੰਘ ਜੀ ਐਡਵੋਕੇਟ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਨੇ ਸਾਲ 1960-61 ਈ. ਦਾ ਸਾਲਾਨਾ ਬਜਟ ਪੇਸ਼ ਕੀਤਾ, ਜੋ ਕਾਫ਼ੀ ਵਿਚਾਰ-ਚਰਚਾ ਤੇ ਮਤ-ਭੇਦਾਂ ਦੇ ਬਾਵਜੂਦ ਪਾਸ ਹੋ ਗਿਆ। ਇਸ ਸਾਲ ਦਾ ਸਾਲਾਨਾ ਆਮਦਨ ਖ਼ਰਚ 5,92,050/- ਰੁਪਏ ਪ੍ਰਵਾਨ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦਾ ਸਾਲਾਨਾ ਜਨਰਲ ਸਮਾਗਮ 10 ਮਾਰਚ, 1961 ਨੂੰ ਤੇਜਾ ਸਿੰਘ ਸਮੁੰਦਰੀ ਹਾਲ 'ਚ ਸ. ਅਜੀਤ ਸਿੰਘ ਜੀ 'ਬਾਲਾ' ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ 'ਚ ਅਰੰਭ ਹੋਇਆ, ਜਿਸ ਵਿਚ 133 ਮੈਂਬਰ ਹਾਜ਼ਰ ਸਨ। ਉਪਰੰਤ ਸਿੱਖ ਗੁਰਦੁਆਰਾ ਐਕਟ ਦੀ ਧਾਰਾ 65 ਅਨੁਸਾਰ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਗਈ, ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਤੇ ਸ. ਅਜੀਤ ਸਿੰਘ ਜੀ 'ਬਾਲਾ' ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਾਂ ਦੀ ਸੂਚੀ ਵਾਲੇ ਬੋਰਡ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਸ਼੍ਰੋਮਣੀ ਡਾਇਰੀ, 2009 ਅਨੁਸਾਰ ਸ. ਅਜੀਤ ਸਿੰਘ ਜੀ 'ਬਾਲਾ' 30 ਅਪ੍ਰੈਲ, 1960 ਤੋਂ 10 ਮਰਚ, 1961 ਤੀਕ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇ 'ਤੇ ਬਿਰਾਜਮਾਨ ਰਹੇ। ਇਸ ਸਮੇਂ ਦੇ ਗੁਰਦੁਆਰਾ ਗਜ਼ਟ ਨਾ ਮਿਲਣ ਕਾਰਨ ਇਨ੍ਹਾਂ ਦੇ ਕਾਰਜਕਾਲ ਦੀ ਵਿਸਥਾਰਤ ਜਾਣਕਾਰੀ ਨਹੀਂ ਮਿਲਦੀ ਤੇ ਨਾ ਹੀ ਤੱਥਾਂ ਦੀ ਪੁਸ਼ਟੀ ਹੁੰਦੀ ਹੈ।

30 ਨਵੰਬਰ, 1961 ਨੂੰ ਸ਼੍ਰੋਮਣੀ ਕਮੇਟੀ ਦੇ ਹੋਏ ਜਨਰਲ ਇਜਲਾਸ ਸਮੇਂ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਤੇ ਸ. ਅਜੀਤ ਸਿੰਘ ਜੀ 'ਬਾਲਾ' ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। 18 ਅਕਤੂਬਰ, 1964 ਨੂੰ ਹੋਏ ਸਾਲਾਨਾ ਜਨਰਲ ਇਜਲਾਸ ਸਮੇਂ ਸ. ਅਜੀਤ ਸਿੰਘ ਜੀ 'ਬਾਲਾ' ਪਿੰਡ ਬਹਿਰਾਮਪੁਰ ਤੋਂ ਬਤੌਰ ਨਾਮਜ਼ਦ ਮੈਂਬਰ ਹਾਜ਼ਰ ਸਨ। ਆਪ 1965 ਈ. 'ਚ ਸ਼੍ਰੋਮਣੀ ਕਮੇਟੀ ਦੀ ਚੋਣ ਸਮੇਂ ਚੰਡੀਗੜ੍ਹ ਤੋਂ ਬਿਨਾਂ ਮੁਕਾਬਲਾ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ। 29 ਨਵੰਬਰ, 1969 ਈ. ਨੂੰ ਸਾਲਾਨਾ ਜਨਰਲ ਇਜਲਾਸ ਸਮੇਂ ਸ. ਬਾਲਾ ਇਕ ਵਾਰ ਫਿਰ ਅੰਤ੍ਰਿੰਗ ਕਮੇਟੀ ਦੇ ਮੈਂਬਰ ਚੁਣੇ ਗਏ। 31 ਮਾਰਚ, 1973 ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਜਨਰਲ

ਇਕੱਤ੍ਰਤਾ ਸਮੇਂ ਆਪ ਜੀ ਪਿੰਡ ਬਹਿਰਾਮਪੁਰ, ਜ਼ਿਲ੍ਹਾ ਰੋਪੜ ਤੋਂ ਬਤੌਰ ਮੈਂਬਰ, ਸ਼੍ਰੋਮਣੀ ਕਮੇਟੀ ਹਾਜ਼ਰ ਸਨ।

6 ਸਤੰਬਰ, 1979 ਨੂੰ ਸ. ਅਜੀਤ ਸਿੰਘ ਜੀ 'ਬਾਲਾ' ਇਸ ਨਾਸ਼ਮਾਨ ਸੰਸਾਰ ਨੂੰ ਆਖ਼ਰੀ ਫ਼ਤਹਿ ਬੁਲਾ ਗਏ। ਗੁਰਦੁਆਰਾ ਗਜ਼ਟ ਸਤੰਬਰ, 1979 ਅਨੁਸਾਰ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਪ੍ਰਧਾਨ, ਸ਼੍ਰੋਮਣੀ ਕਮੇਟੀ ਨੇ ਸ. ਅਜੀਤ ਸਿੰਘ 'ਬਾਲਾ' ਦੀ ਮੌਤ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਤੁਰ ਜਾਣ ਨਾਲ ਸਿੱਖ ਪੰਥ ਨੂੰ ਬਹੁਤ ਘਾਟਾ ਪਿਆ ਹੈ। ਸਿੱਖ ਪੰਥ ਲਈ ਸ. 'ਬਾਲਾ' ਦੀਆਂ ਸ਼ਾਨਦਾਰ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਜਥੇਦਾਰ 'ਟੌਹੜਾ' ਨੇ ਉਨ੍ਹਾਂ ਨੂੰ ਭਰਪੂਰ ਸ਼ਰਧਾਂਜਲੀ ਅਰਪਨ ਕੀਤੀ। ਇਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਹੈ।

•

18

ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ'

ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਦਾ ਜਨਮ 4 ਜਨਵਰੀ, 1902 ਨੂੰ ਸ. ਹਰਨਾਮ ਸਿੰਘ ਅਤੇ ਸਰਦਾਰਨੀ ਸੰਤ ਕੌਰ ਦੇ ਘਰ ਚੱਕ ਸ਼ੇਰੇਵਾਲਾ, ਸ਼ਾਹੀ ਜਗੀਰਦਾਰ ਘਰਾਣੇ 'ਚ ਜ਼ਿਲ੍ਹਾ ਫ਼ਿਰੋਜ਼ਪੁਰ 'ਚ ਹੋਇਆ। ਆਪ ਜੀ ਨੇ ਮੈਟ੍ਰਿਕ ਸਰਕਾਰੀ ਹਾਈ ਸਕੂਲ ਫ਼ਿਰੋਜ਼ਪੁਰ ਤੋਂ ਪਾਸ ਕੀਤੀ। ਇਨ੍ਹਾਂ ਦਾ ਅਨੰਦ ਕਾਰਜ ਸਰਦਾਰਨੀ ਈਸ਼ਵਰ ਕੌਰ ਨਾਲ ਰਾਵਲਪਿੰਡੀ 'ਚ 1921 ਈ. 'ਚ ਹੋਇਆ। ਇਨ੍ਹਾਂ ਦੇ ਘਰ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਪੈਦਾ ਹੋਈਆਂ। ਸਰਦਾਰ ਸਾਹਿਬ ਦਾ ਸਾਰਾ ਪਰਿਵਾਰ ਗੁਰੂ ਕਿਰਪਾ ਸਦਕਾ ਉੱਚ ਅਹੁਦਿਆਂ 'ਤੇ ਬਿਰਾਜਮਾਨ ਰਿਹਾ। ਆਪ ਹਾਕੀ, ਫੁਟਬਾਲ ਤੇ ਪੋਲੋ ਦੇ ਬਹੁਤ ਵਧੀਆ ਖਿਡਾਰੀ ਸਨ। ਆਪ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਅਕਾਲੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਇਸ ਵਿਚ ਸ਼ਾਮਿਲ ਹੋ ਗਏ। ਆਪ ਜੀ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੇ ਬਹੁਤ ਪ੍ਰਸੰਸਕ ਸਨ। ਮਾਸਟਰ ਜੀ ਦੇ ਜੀਵਨ-ਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਹੀ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀਆਂ ਗਤੀਵਿਧੀਆਂ ਵਿਚ ਭਾਗ ਲੈਣਾ ਸ਼ੁਰੂ ਕੀਤਾ ਤੇ ਤਰੱਕੀ ਕਰਦੇ-ਕਰਦੇ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਹੁਦੇ ਤੀਕ ਪਹੁੰਚੇ।

ਮਾਸਟਰ ਤਾਰਾ ਸਿੰਘ ਜੀ ਨਾਲ ਹੀ ਪੰਜਾਬੀ ਸੂਬੇ ਮੋਰਚੇ 'ਚ ਸਰਗਰਮੀ ਨਾਲ ਭਾਗ ਲਿਆ ਤੇ 10 ਮਈ, 1955 ਨੂੰ ਗ੍ਰਿਫ਼ਤਾਰ ਹੋਏ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਤੋਂ ਬਾਅਦ ਪਹਿਲੀ ਜਨਰਲ ਇਕੱਤ੍ਰਤਾ 7 ਫ਼ਰਵਰੀ, 1955 ਨੂੰ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ 'ਚ ਹੋਈ, ਜਿਸ ਵਿਚ ਸ. ਕ੍ਰਿਪਾਲ ਸਿੰਘ ਜੀ (ਪੰਜਾਬ) ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ। ਇਸ ਦਿਨ ਹੀ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। 11 ਨਵੰਬਰ, 1956 ਨੂੰ ਹੋਏ ਜਨਰਲ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ।

ਫਿਰ 3 ਦਸੰਬਰ, 1957; 7 ਮਾਰਚ, 1960 ਤੇ 10 ਮਾਰਚ, 1961 ਨੂੰ ਸ਼੍ਰੋਮਣੀ ਕਮੇਟੀ ਦੇ ਹੋਏ ਜਨਰਲ ਇਜਲਾਸਾਂ ਸਮੇਂ ਆਪ ਜੀ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ। 10 ਮਾਰਚ, 1962 ਨੂੰ ਸਾਲਾਨਾ ਬਜਟ ਇਜਲਾਸ ਸਮੇਂ ਸਿੱਖ ਇਤਿਹਾਸ ਰੀਸਰਚ ਬੋਰਡ ਦੀ ਚੋਣ ਸਮੇਂ 5 ਮੈਂਬਰੀ ਬੋਰਡ ਨਿਯੁਕਤ ਕੀਤਾ ਗਿਆ, ਜਿਸ ਦੇ ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਮੈਂਬਰ ਚੁਣੇ ਗਏ।

ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 2 ਅਕਤੂਬਰ, 1962 ਨੂੰ ਹੋਇਆ, ਜਿਸ ਵਿਚ ਕੁਝ ਮੈਂਬਰਾਂ ਵੱਲੋਂ ਸਿੱਖ ਗੁਰਦੁਆਰਾ ਐਕਟ ਦੀ ਧਾਰਾ 53 ਅਤੇ 63



ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ'

ਅਧੀਨ ਮੀਟਿੰਗ ਸੱਦੇ ਜਾਣ ਲਈ ਨੋਟਿਸ ਪੁੱਜਣ 'ਤੇ ਪ੍ਰਧਾਨ, ਸ਼੍ਰੋਮਣੀ ਕਮੇਟੀ ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' ਵਿਰੁੱਧ ਬੇਪ੍ਰਤੀਤੀ ਦੇ ਮਤੇ ਉੱਤੇ ਵਿਚਾਰ ਕਰਨ ਲਈ ਮੀਟਿੰਗ ਸੱਦੀ ਗਈ, ਜਿਸ ਵਿਚ 148 ਮੈਂਬਰ ਸਾਹਿਬਾਨ ਸ਼ਾਮਿਲ ਹੋਏ। ਗਿਆਨੀ ਤੇਜਾ ਸਿੰਘ ਐਡੀਸ਼ਨਲ ਸਕੱਤਰ, ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਐਕਟ ਦੀ ਧਾਰਾ 53 ਤੇ 63 ਦੇ ਅਧੀਨ ਕੁਝ ਮੈਂਬਰਾਂ ਵੱਲੋਂ ਸ. ਕ੍ਰਿਪਾਲ ਸਿੰਘ ਵਿਰੁੱਧ ਬੇ-ਪ੍ਰਤੀਤੀ ਦਾ ਮਤਾ ਪੇਸ਼ ਹੋਣ 'ਤੇ ਬਹੁ-ਸੰਮਤੀ ਨਾਲ ਪਾਸ ਹੋ ਗਿਆ, ਜਿਸ ਕਰਕੇ ਸਰਦਾਰ ਸਾਹਿਬ, ਪ੍ਰਧਾਨਗੀ ਪਦ ਤੋਂ ਹਟ ਗਏ। ਇਨ੍ਹਾਂ ਦੀ ਥਾਂ ਸੰਤ ਚੰਨਣ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਨਾਨਕਸ਼ਾਹੀ ਡਾਇਰੀ ਸੰਮਤ ਨਾਨਕਸ਼ਾਹੀ 541 (2009) ਅਨੁਸਾਰ ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' 11 ਮਾਰਚ, 1962 ਤੋਂ 2 ਅਕਤੂਬਰ, 1962 ਤੀਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਰਹੇ। (ਇਸ ਸਮੇਂ ਦੇ ਗੁਰਦੁਆਰਾ ਗਜ਼ਟ ਨਾ ਮਿਲਣ ਕਾਰਨ ਇਨ੍ਹਾਂ ਤੱਥਾਂ ਦੀ ਪੁਸ਼ਟੀ ਨਹੀਂ ਹੁੰਦੀ।)

29 ਨਵੰਬਰ, 1963 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਸਮੇਂ ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' ਨਾਮਜ਼ਦ ਮੈਂਬਰ ਵਜੋਂ ਹਾਜ਼ਰ ਸਨ। ਇਨ੍ਹਾਂ ਵੱਲੋਂ ਅੰਤ੍ਰਿੰਗ ਕਮੇਟੀ ਦੇ ਨਾਵਾਂ ਦੀ ਤਜਵੀਜ਼ ਪੇਸ਼ ਕੀਤੀ ਗਈ ਜੋ ਸਰਬ-ਸੰਮਤੀ ਨਾਲ ਪ੍ਰਵਾਨ ਕੀਤੀ ਗਈ। ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਉਪਰੰਤ 13 ਮਾਰਚ, 1965 ਨੂੰ ਪਹਿਲੀ ਜਨਰਲ ਇਕੱਤ੍ਰਤਾ ਹੋਈ, ਜਿਸ ਵਿਚ ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਸ਼੍ਰੋਮਣੀ ਕਮੇਟੀ ਮੈਂਬਰ ਨਾਮਜ਼ਦ ਹੋਏ। 12 ਨਵੰਬਰ, 1967 ਨੂੰ ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਸ੍ਰੀ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ, ਲੁਧਿਆਣਾ ਦੇ ਪੰਜ ਸਾਲਾਂ ਵਾਸਤੇ ਟਰੱਸਟੀ ਚੁਣੇ ਗਏ।

ਸੰਤ ਚੰਨਣ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਕਾਰਜ-ਕਾਲ ਸਮੇਂ 17 ਅਕਤੂਬਰ, 1968; 29 ਨਵੰਬਰ, 1969; 26 ਨਵੰਬਰ, 1970; 10 ਅਕਤੂਬਰ, 1971 ਤੇ 23 ਅਕਤੂਬਰ, 1972 ਨੂੰ ਹੋਏ ਸਾਲਾਨਾ ਜਨਰਲ ਇਜਲਾਸਾਂ ਸਮੇਂ ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਸੀਨੀਅਰ ਮੀਤ ਪ੍ਰਧਾਨ ਚੁਣੇ ਜਾਂਦੇ ਰਹੇ। 23 ਅਕਤੂਬਰ, 1972 ਨੂੰ ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ 'ਚ ਆਖ਼ਰੀ ਜਨਰਲ ਇਜਲਾਸ ਹੋਇਆ ਜਿਸ ਵਿਚ ਸ. ਚੱਕ ਸ਼ੇਰੇਵਾਲਾ ਪੰਜ ਸਾਲਾਂ ਵਾਸਤੇ ਸ੍ਰੀ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਦੇ ਮੈਂਬਰ ਚੁਣੇ ਗਏ।

ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਪ੍ਰਧਾਨ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ 'ਚ ਪਹਿਲਾ ਜਨਰਲ ਇਜਲਾਸ 31 ਮਾਰਚ, 1973 ਨੂੰ ਹੋਇਆ, ਜਿਸ ਵਿਚ ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਬਤੌਰ ਨਾਮਜ਼ਦ ਮੈਂਬਰ ਹਾਜ਼ਰ ਸਨ। ਟੌਹੜਾ ਸਾਹਿਬ ਦੀ ਪ੍ਰਧਾਨਗੀ ਸਮੇਂ ਵੀ 28 ਨਵੰਬਰ, 1973 ਤੇ 31 ਅਕਤੂਬਰ 1975 ਨੂੰ ਹੋਏ ਸਾਲਾਨਾ ਜਨਰਲ ਇਜਲਾਸਾਂ ਸਮੇਂ ਆਪ ਜੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ।

31 ਅਕਤੂਬਰ, 1975 ਨੂੰ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਜਨਰਲ ਸਮਾਗਮ ਦਫ਼ਤਰ, ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਸ. ਕ੍ਰਿਪਾਲ ਸਿੰਘ 'ਚੱਕ ਸ਼ੇਰੇਵਾਲਾ' ਐਕਟਿੰਗ ਪ੍ਰਧਾਨ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ, ਜਿਸ ਵਿਚ ਕੁਲ

99 ਮੈਂਬਰ ਹਾਜ਼ਰ ਸਨ। ਸਭ ਤੋਂ ਪਹਿਲਾਂ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਤੇ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦੇ ਮਤੇ ਕੀਤੇ ਗਏ। ਇਸ ਦਿਨ ਹੀ ਭਾਈ ਦਿਆਲ ਸਿੰਘ ਅਮਰੀਕਨ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਕੀਤਾ ਗਿਆ। ਭਾਈ ਦਿਆਲ ਸਿੰਘ ਜੀ ਮੁੱਖ ਗ੍ਰੰਥੀ, ਸਿੱਖ ਧਰਮ ਬ੍ਰਦਰਜ਼ਹੁੱਡ (ਯੂ.ਐਸ.ਏ.) ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਅਮਰੀਕਾ ਤੋਂ ਆਏ ਸਨ ਅਤੇ ਕਾਰ ਹਾਦਸਾ ਹੋਣ ਕਾਰਨ ਅਕਾਲ ਚਲਾਣਾ ਕਰ ਗਏ ਸਨ।

ਜਨਰਲ ਇਜਲਾਸ ਸਮੇਂ 'ਜਥੇਦਾਰ ਮੋਹਨ ਸਿੰਘ ਜੀ 'ਤੁੜ' ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਤੇ ਮੈਂਬਰ ਸ਼੍ਰੋਮਣੀ ਕਮੇਟੀ ਦੀ ਰਾਇ ਨਾਲ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕਈ ਕਾਰਨਾਂ ਕਰਕੇ ਮੁਲਤਵੀ ਹੋ ਗਈ ਤੇ ਪਿਛਲੇ ਅਹੁਦੇਦਾਰਾਂ ਨੂੰ ਹੀ ਆਪੋ-ਆਪਣੀਆਂ ਪਦਵੀਆਂ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ।' ਇਸ ਤਰ੍ਹਾਂ ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' ਫਿਰ ਸੀਨੀਅਰ ਮੀਤ ਪ੍ਰਧਾਨ ਰਹਿ ਗਏ। ਇਨ੍ਹਾਂ ਦੀ ਪ੍ਰਧਾਨਗੀ 'ਚ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਦਿਹਾੜੇ 'ਤੇ ਕੈਦੀਆਂ ਨੂੰ ਕੈਦ ਤੋਂ ਛੋਟ ਦੇਣ ਤੇ ਗੁਰਦੁਆਰਾ ਗੁਰੂ ਕੇ ਮਹਿਲ ਨੂੰ ਲਿੰਕ ਰੋਡ ਬਣਾਉਣ ਦਾ ਮਤਾ ਪਾਸ ਕੀਤਾ ਗਿਆ।

ਸ਼ਾਹੀ ਜਗੀਰਦਾਰ ਪਰਿਵਾਰ 'ਚ ਪਰਵਰਿਸ਼ ਹੋਣ ਦੇ ਬਾਵਜੂਦ ਵੀ ਆਪ ਜੀ ਨਿਮਰ ਅਤੇ ਜਨ-ਸਮੂਹ ਵਿਚ ਸਲੀਕੇ ਨਾਲ ਵਿਚਰਨ ਵਾਲੇ ਵਧੀਆ ਨਿੱਘੇ ਸੁਭਾ ਦੇ ਮਾਲਕ ਸਨ। 'ਚੱਕ ਸ਼ੇਰੇਵਾਲਾ' ਸਮਾਜ ਸੁਧਾਰਾਂ ਦੇ ਸਿਰਦਾਰ ਸਨ। ਇਨ੍ਹਾਂ ਦੇ ਉੱਦਮ, ਉਤਸ਼ਾਹ ਸਦਕਾ, 'ਚੱਕ ਸ਼ੇਰੇਵਾਲਾ' 'ਚ 20 ਬਿਸਤਰਿਆਂ ਵਾਲਾ ਹਸਪਤਾਲ, ਟੈਲੀਫੋਨ ਐਕਸਚੇਂਜ, ਪਾਣੀ ਸਪਲਾਈ ਅਤੇ ਬੈਂਕ ਦੀ ਸਹੂਲਤ ਲੋਕਾਂ ਨੂੰ ਨਸੀਬ ਹੋਈ। ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਇਨ੍ਹਾਂ ਪਿੰਡ ਦੇ ਸਕੂਲ ਨੂੰ ਅੱਠਵੀਂ ਤੋਂ ਦਸਵੀਂ ਤੀਕ ਕਰਵਾਇਆ। ਸ਼੍ਰੋਮਣੀ ਕਮੇਟੀ ਦੇ ਪੁਰਾਣੇ ਮੁਲਾਜ਼ਮਾਂ ਤੇ ਅਧਿਕਾਰੀਆਂ ਅਤੇ ਸ. ਰਣਵੀਰ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ ਦੇ ਦੱਸਣ ਅਨੁਸਾਰ ਸਰਦਾਰ ਸ਼ੇਰੇਵਾਲਾ, ਰੇਲਵੇ ਸਟੇਸ਼ਨ ਨੇੜੇ ਹੋਟਲ ਗਰੈਂਡ 'ਚ ਠਹਿਰਦੇ ਸਨ ਅਤੇ ਦਫ਼ਤਰ ਆਉਣ 'ਤੇ ਸੇਵਾਦਾਰਾਂ ਨੂੰ ਆਪਣੀ ਜੇਬ 'ਚੋਂ 5-5 ਰੁਪਏ ਦੇ ਕੇ ਜਾਂਦੇ ਸਨ।

ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਹੁਦੇ ਤੋਂ ਹਟ ਜਾਣ ਤੋਂ ਬਾਅਦ ਵੀ ਸਰਦਾਰ 'ਚੱਕ ਸ਼ੇਰੇਵਾਲਾ' ਬਹੁਤ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਣੇ ਰਹੇ। ਪਹਿਲੀ ਅਕਾਲੀ ਸਰਕਾਰ ਬਣਾਉਣ ਵਿਚ ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' ਨੇ ਵਿਸ਼ੇਸ਼ ਯੋਗਦਾਨ ਪਾਇਆ। ਐਮਰਜੈਂਸੀ ਦੇ ਸਮੇਂ ਆਪ ਜੀ ਕਾਰਜਕਾਰੀ ਪ੍ਰਧਾਨ ਦੇ ਤੌਰ 'ਤੇ ਕਾਰਜਸ਼ੀਲ ਰਹੇ।

7 ਅਗਸਤ, 1988 ਨੂੰ ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' ਇਸ ਨਾਸ਼ਮਾਨ ਸੰਸਾਰ ਨੂੰ ਆਖ਼ਰੀ ਫ਼ਤਹਿ ਬੁਲਾ ਗਏ। 30 ਨਵੰਬਰ, 1988 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੇ ਮਤਾ ਨੰ: 8, ਸ. ਕ੍ਰਿਪਾਲ ਸਿੰਘ ਜੀ 'ਚੱਕ ਸ਼ੇਰੇਵਾਲਾ' ਦੀ ਮੌਤ 'ਤੇ ਅਫ਼ਸੋਸ ਦਾ ਪ੍ਰਗਟਾਅ ਕੀਤਾ ਗਿਆ। ਆਪ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

•

19

ਸੰਤ ਚੰਨਣ ਸਿੰਘ ਜੀ

ਸ੍ਰੀਮਾਨ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਤੋਂ ਬਾਅਦ ਗੁਰੂ-ਪੰਥ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਦੇ ਸਤਿਕਾਰਤ ਅਹੁਦੇ 'ਤੇ ਨਿਰੰਤਰ ਦਸ ਸਾਲ ਬਿਰਾਜਮਾਨ ਹੋਣ ਵਾਲੀ ਧੜੱਲੇਦਾਰ, ਦਰਸਨੀ ਸਿੱਖ ਸ਼ਖ਼ਸੀਅਤ, ਸੰਤ ਚੰਨਣ ਸਿੰਘ ਜੀ ਦਾ ਜਨਮ 1907 ਈ. 'ਚ ਸ. ਤਰਲੋਕ ਸਿੰਘ ਜੀ ਤੇ ਮਾਤਾ ਪ੍ਰੇਮ ਕੌਰ ਦੇ ਘਰ, ਮੁਲਾਂਪੁਰ, ਜ਼ਿਲ੍ਹਾ ਲੁਧਿਆਣਾ 'ਚ ਹੋਇਆ। ਇਨ੍ਹਾਂ ਦੇ ਮਾਤਾ ਪਿਤਾ ਗੁਰੂ-ਘਰ 'ਚ ਸ਼ਰਧਾ-ਸਤਿਕਾਰ ਰੱਖਣ ਵਾਲੇ ਸ਼ਰਧਾਲੂ ਸਿੱਖ ਸਨ। ਸੰਤ ਚੰਨਣ ਸਿੰਘ ਜੀ ਹੋਰੀਂ ਦੋ ਭਾਈ ਤੇ ਚਾਰ ਭੈਣਾਂ ਸਨ। ਧਾਰਮਿਕ ਸਿਖਿਆ ਤੇ ਅੱਖਰ-ਗਿਆਨ ਇਨ੍ਹਾਂ ਨੇ ਪਿੰਡ 'ਚ ਨਿਰਮਲੇ ਸੰਤਾਂ ਦੇ ਡੇਰੇ ਤੋਂ ਪ੍ਰਾਪਤ ਕੀਤਾ। ਅਕਾਲੀ ਲਹਿਰ ਸਮੇਂ ਜੈਤੋ ਦੇ ਮੋਰਚੇ 'ਚ ਸ਼ਾਮਿਲ ਹੋ ਰਹੇ ਸ਼ਹੀਦੀ ਜਥੇ ਦੀ ਸੰਤ ਚੰਨਣ ਸਿੰਘ ਜੀ ਤੇ ਆਪ ਦੇ ਸੰਗੀ ਸਾਥੀਆਂ ਨੇ ਖ਼ੂਬ ਟਹਿਲ ਸੇਵਾ ਕੀਤੀ। ਆਪ ਜੀ ਨੂੰ 1928 ਈ. 'ਚ ਇਨ੍ਹਾਂ ਦੀ ਭੈਣ ਦੇ ਪਤੀ ਦੀ ਮੌਤ ਹੋ ਜਾਣ ਕਾਰਨ ਮੁਲਾਂਪੁਰ ਛੱਡ ਕੇ ਚੱਕ ਨੰ: 18-Z, ਜ਼ਿਲ੍ਹਾ ਗੰਗਾਨਗਰ ਆਉਣਾ ਪਿਆ। ਆਪਣੀ ਭੈਣ-ਬੱਚਿਆਂ ਦੀ ਦੇਖ-ਭਾਲ ਤੇ ਸਹਾਇਤਾ ਵਾਸਤੇ ਆਪ ਜੀ ਨਿਰੰਤਰ ਚਾਰ ਸਾਲ ਉਥੇ ਰਹੇ।

1932 ਈ. 'ਚ ਸੰਤ ਚੰਨਣ ਸਿੰਘ ਜੀ ਭਾਰਤੀ ਫ਼ੌਜ 'ਚ ਭਰਤੀ ਹੋ ਗਏ। ਇਨ੍ਹਾਂ ਨੂੰ ਆਪਣੀ ਪਲਟਨ ਨਾਲ ਕਲਕੱਤੇ ਜਾਣਾ ਪਿਆ, ਜਿਥੇ ਉਹ ਸਖ਼ਤ ਬੀਮਾਰ ਹੋ ਗਏ ਅਤੇ ਕੁਝ ਮਹੀਨੇ ਹਸਪਤਾਲ 'ਚ ਰਹਿਣਾ ਪਿਆ। ਇਸ ਬੀਮਾਰੀ ਕਾਰਨ ਇਨ੍ਹਾਂ ਨੂੰ ਆਰਮੀ ਦੀ ਸੇਵਾ ਤਿਆਗਣੀ ਪਈ। ਸੈਨਿਕ ਸੇਵਾ ਤਿਆਗ ਕੇ ਇਹ ਆਪਣੇ ਪਿੰਡ ਮੁਲਾਂਪੁਰ ਆ ਗਏ, ਜਿਥੋਂ ਇਹ ਫਿਰ ਆਪਣੀ ਭੈਣ ਦੇ ਘਰ ਪਹੁੰਚ ਗਏ। ਗੰਗਾਨਗਰ ਦੇ ਹੀ ਸੈਂਟਰਲ ਗੁਰਦੁਆਰੇ 'ਚ ਇਨ੍ਹਾਂ ਦਾ ਮਿਲਾਪ ਸੰਤ ਫ਼ਤਹਿ ਸਿੰਘ ਜੀ ਨਾਲ ਹੋਇਆ। ਇਹ ਐਸਾ ਮਿਲਾਪ ਸੀ ਜੋ ਆਖ਼ਰੀ ਸਾਹਾਂ ਤੀਕ ਨਿਭ ਗਿਆ। ਇਨ੍ਹਾਂ ਨੇ ਸੰਤ ਫ਼ਤਹਿ ਸਿੰਘ ਜੀ ਦੀ ਸੰਗਤ ਦਾ ਰਸ ਮਾਨਣ ਵਾਸਤੇ ਘਰ-ਬਾਰ ਤਿਆਗ ਦਿੱਤਾ। ਇਸ ਸਮੇਂ ਇਨ੍ਹਾਂ ਨੇ ਗੁਰਮਤਿ ਸਾਹਿਤ ਦਾ ਖ਼ੂਬ ਅਧਿਐਨ ਕੀਤਾ। ਸੰਤ ਫ਼ਤਹਿ ਸਿੰਘ ਜੀ ਦਾ ਜੀਵਨ-ਮਿਸ਼ਨ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਤੇ ਵਿੱਦਿਆ ਦਾ ਫੈਲਾਅ ਕਰਨਾ ਸੀ। ਸੰਤ ਫ਼ਤਹਿ ਸਿੰਘ ਜੀ ਪਾਸੋਂ ਹੀ ਇਨ੍ਹਾਂ ਕੀਰਤਨ



ਸੰਤ ਚੰਨਣ ਸਿੰਘ ਜੀ

ਦੀ ਸਿਖਿਆ ਪ੍ਰਾਪਤ ਕੀਤੀ ਅਤੇ ਭਾਰਤ ਭਰ ਦੇ ਗੁਰਦੁਆਰਿਆਂ 'ਚ ਧਰਮ ਪ੍ਰਚਾਰ ਲਈ ਪ੍ਰਚਾਰ ਦੌਰੇ ਕੀਤੇ। ਸੰਤ ਫ਼ਤਹਿ ਸਿੰਘ ਜੀ ਨੂੰ ਇਕ ਐਸਾ ਸੰਗੀ-ਸਾਥੀ ਮਿਲ ਗਿਆ ਜਿਸ 'ਤੇ ਪੂਰਨ ਭਰੋਸਾ, ਵਿਸ਼ਵਾਸ ਤੇ ਮਾਣ ਕੀਤਾ ਜਾ ਸਕਦਾ ਸੀ। ਆਪ ਜੀ ਉਮਰ 'ਚ ਸੰਤ ਫ਼ਤਹਿ ਸਿੰਘ ਜੀ ਨਾਲੋਂ ਚਾਰ ਸਾਲ ਵੱਡੇ ਸਨ ਪਰ ਹਮੇਸ਼ਾ ਹੀ ਸੰਤ ਫ਼ਤਹਿ ਸਿੰਘ ਜੀ ਦਾ ਬਜ਼ੁਰਗਾਂ ਵਾਲਾ ਮਾਣ ਸਤਿਕਾਰ ਕਰਦੇ ਸਨ। ਅਸਲ ਵਿਚ ਸੰਤ ਫ਼ਤਹਿ ਸਿੰਘ ਜੀ ਤੇ ਆਪ ਜੀ ਇਕ ਹੀ ਸਿੱਕੇ ਦੇ ਦੋ ਪਹਿਲੂ ਸਨ।

ਸ਼੍ਰੋਮਣੀ ਅਕਾਲੀ ਦਲ ਨੇ 1949 ਈ. 'ਚ ਪੈਪਸੂ ਸਰਕਾਰ ਦੇ ਵਿਰੋਧ ਵਿਚ ਮੋਰਚਾ ਲਗਾਇਆ ਤਾਂ ਆਪ ਜੀ ਨੇ ਆਪਣੇ 20 ਸੰਗੀ-ਸਾਥੀਆਂ ਸਮੇਤ ਗ੍ਰਿਫ਼ਤਾਰੀ ਦਿੱਤੀ ਤੇ ਅੱਠ ਮਹੀਨੇ ਜੇਲ੍ਹ ਕੱਟੀ। ਜੇਲ੍ਹ ਤੋਂ ਰਿਹਾ ਹੋਣ ਉਪਰੰਤ ਫਿਰ ਦੂਸਰੇ ਜਥੇ ਸਮੇਤ ਲੁਧਿਆਣਾ ਤੋਂ ਗ੍ਰਿਫ਼ਤਾਰੀ ਦਿੱਤੀ ਤੇ ਮੋਰਚਾ ਸਫਲ ਹੋਣ 'ਤੇ ਹੀ ਰਿਹਾ ਹੋਏ। ਇਨ੍ਹਾਂ ਦੀਆਂ ਧਾਰਮਿਕ, ਸਮਾਜਿਕ ਗਤੀਵਿਧੀਆਂ ਨੂੰ ਸਨਮੁਖ ਰੱਖਦਿਆਂ, ਆਪ ਜੀ ਨੂੰ ਸ਼੍ਰੋਮਣੀ ਅਕਾਲੀ ਦਲ, ਜ਼ਿਲ੍ਹਾ ਗੰਗਾਨਗਰ ਦੇ ਜ਼ਿਲ੍ਹਾ ਜਥੇਦਾਰ ਦੀ ਸੇਵਾ 1950 ਈ. 'ਚ ਸੌਂਪੀ ਗਈ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੰਗਾਨਗਰ ਦੇ ਮੁੱਖ ਪ੍ਰਬੰਧਕ ਨਿਯੁਕਤ ਕੀਤਾ ਗਿਆ। ਇਨ੍ਹਾਂ ਨੇ ਇਹ ਦੋਵੇਂ ਜ਼ਿੰਮੇਵਾਰੀਆਂ 1962 ਈ. ਤੀਕ ਤਨ-ਮਨ ਨਾਲ ਨਿਰੰਤਰ ਨਿਭਾਹੀਆਂ। ਇਨ੍ਹਾਂ ਜ਼ਿੰਮੇਵਾਰੀਆਂ ਤੋਂ ਆਪ ਤਦ ਹੀ ਮੁਕਤ ਹੋਏ ਜਦ ਆਪ ਨੂੰ ਗੁਰੂ-ਪੰਥ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਲੰਮਾ ਸਮਾਂ ਕਾਰਜਕਾਰੀ ਕਮੇਟੀ ਮੈਂਬਰ ਰਹਿਣ ਉਪਰੰਤ 1958-60 ਈ. 'ਚ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਵੀ ਰਹੇ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਵੀ ਇਨ੍ਹਾਂ ਨੇ ਮੋਹਰੀ ਰੋਲ ਅਦਾ ਕੀਤਾ। 7 ਮਾਰਚ, 1960 ਨੂੰ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਜਨਰਲ ਸਮਾਗਮ ਸਮੇਂ ਆਪ ਜੀ ਗੰਗਾਨਗਰ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਹੋਏ। ਇਸ ਦਿਨ ਹੀ ਸੰਤ ਫ਼ਤਹਿ ਸਿੰਘ ਜੀ ਗੰਗਾਨਗਰ ਤੋਂ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਦੇ ਮੈਂਬਰ ਨਾਮਜ਼ਦ ਕੀਤੇ ਗਏ। ਸ਼੍ਰੋਮਣੀ ਅਕਾਲੀ ਦਲ 1962 ਈ. ਵਿਚ ਦੋ ਧੜਿਆਂ 'ਚ ਵੰਡਿਆ ਗਿਆ। ਇਕ ਧੜੇ ਦੀ ਨੁਮਾਇੰਦਗੀ ਮਾਸਟਰ ਤਾਰਾ ਸਿੰਘ ਜੀ ਕਰਦੇ ਸਨ ਤੇ ਦੂਸਰੇ ਧੜੇ ਦੀ ਅਗਵਾਈ ਸੰਤ ਫ਼ਤਹਿ ਸਿੰਘ ਜੀ ਕਰਦੇ ਸਨ। 2 ਅਕਤੂਬਰ, 1962 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਸਮੇਂ ਸ. ਕ੍ਰਿਪਾਲ ਸਿੰਘ ਚੱਕ ਸ਼ੇਰੇਵਾਲਾ ਦੇ ਵਿਰੁੱਧ ਬੇ-ਪ੍ਰਤੀਤੀ ਦਾ ਮਤਾ ਪੇਸ਼ ਹੋਣ 'ਤੇ ਬਹੁ-ਸੰਮਤੀ ਨਾਲ ਪ੍ਰਵਾਨ ਹੋ ਗਿਆ। ਜਥੇਬੰਦਕ ਚੇਤਨਾ, ਸੇਵਾ-ਸਿਮਰਨ, ਸਿੱਖੀ ਸਿਦਕ, ਭਰੋਸਾ ਤੇ ਸਿੱਖ ਸੰਗਰਾਮ ਵਾਸਤੇ ਧੜੱਲੇਦਾਰ ਸਿੱਖ ਆਗੂ, ਸੰਤ ਚੰਨਣ ਸਿੰਘ ਜੀ ਦਾ ਨਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਵਾਸਤੇ ਸੰਤ ਧੜੇ ਵੱਲੋਂ ਪੇਸ਼ ਕੀਤਾ ਗਿਆ ਜੋ ਬਹੁ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸ ਤਰ੍ਹਾਂ ਆਪ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਦਵੀ 'ਤੇ ਬਿਰਾਜਮਾਨ ਹੋ ਗਏ। ਅੰਤ੍ਰਿੰਗ ਕਮੇਟੀ ਦੀ ਚੋਣ ਉਪਰੰਤ ਸ਼ਾਮ 6-30 ਵਜੇ ਦੋਬਾਰਾ ਜਨਰਲ

ਇਕੱਤ੍ਰਤਾ ਸੰਤ ਚੰਨਣ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ 'ਚ ਹੋਈ, ਜਿਸ ਵਿਚ 141 ਮੈਂਬਰ ਹਾਜ਼ਰ ਸਨ। 3 ਅਕਤੂਬਰ, 1962 ਨੂੰ ਤੀਸਰੀ ਵੇਰ ਜਨਰਲ ਇਕੱਤ੍ਰਤਾ ਬੁਲਾਈ ਗਈ, ਜਿਸ ਵਿਚ ਜ਼ਰੂਰੀ ਵਿਚਾਰਾਂ ਉਪਰੰਤ, ਸਿੱਖ ਇਤਿਹਾਸ ਰੀਸਰਚ ਬੋਰਡ ਦੇ ਨਿਯਮ-ਉਪਨਿਯਮ ਉਲੀਕੇ ਗਏ ਅਤੇ ਸ੍ਰੀ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ, ਲੁਧਿਆਣਾ ਦੇ ਨਵੇਂ ਟਰੱਸਟੀ 5 ਸਾਲ ਵਾਸਤੇ ਚੁਣੇ ਗਏ।

ਸ਼੍ਰੋਮਣੀ ਕਮੇਟੀ ਦਾ ਜਨਰਲ ਸਮਾਗਮ 3 ਮਾਰਚ, 1963 ਨੂੰ ਆਪ ਜੀ ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ ਸਾਲ 1963-64 ਦਾ ਬਜਟ ਪਾਸ ਕੀਤਾ ਗਿਆ। ਇਸ ਸਮੇਂ ਹੀ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਕੀਤਾ ਗਿਆ। 18 ਜੂਨ, 1963 ਨੂੰ ਜਨਰਲ ਸਮਾਗਮ ਸਮੇਂ ਮਾਸਟਰ ਤਾਰਾ ਸਿੰਘ ਧੜੇ ਵੱਲੋਂ ਸੰਤ ਚੰਨਣ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਵਿਰੁੱਧ ਬੇ-ਪ੍ਰਤੀਤੀ ਦਾ ਮਤਾ ਪੇਸ਼ ਕੀਤਾ ਗਿਆ, ਜੋ 19 ਵੋਟਾਂ ਦੇ ਫ਼ਰਕ ਨਾਲ ਰੱਦ ਹੋ ਗਿਆ। 28 ਨਵੰਬਰ, 1963 ਨੂੰ ਸਾਲਾਨਾ ਜਨਰਲ ਇਜਲਾਸ ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ 140 ਮੈਂਬਰ ਹਾਜ਼ਰ ਸਨ। ਸਭ ਤੋਂ ਪਹਿਲਾਂ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਤੇ ਡਾ. ਕਿਚਲੂ ਦੇ ਅਕਾਲ ਚਲਾਣੇ 'ਤੇ ਸ਼ੋਕ-ਮਤੇ ਪਾਸ ਕੀਤੇ ਗਏ। ਪ੍ਰਧਾਨਗੀ ਚੋਣ ਸਮੇਂ ਆਪ ਜੀ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪਹਿਲੀ ਜਨਵਰੀ, 1964 ਨੂੰ ਪ੍ਰਧਾਨ ਤੇ ਅੰਤ੍ਰਿੰਗ ਕਮੇਟੀ ਵਿਰੁੱਧ ਫਿਰ ਬੇਪ੍ਰਤੀਤੀ ਦਾ ਮਤਾ ਪੇਸ਼ ਕੀਤਾ ਗਿਆ। ਵੋਟਾਂ ਦੀ ਗਿਣਤੀ ਸਮੇਂ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ 'ਤੇ ਵਿਸ਼ਵਾਸ ਦਾ ਮਤ ਹਾਸਲ ਕਰ ਲਿਆ।

ਸ਼੍ਰੋਮਣੀ ਕਮੇਟੀ ਦੀਆਂ ਸਾਲਾਨਾ ਚੋਣਾਂ 18 ਅਕਤੂਬਰ, 1964; 13 ਮਾਰਚ, 1965; 18 ਨਵੰਬਰ, 1966; 17 ਨਵੰਬਰ, 1967; 27 ਅਕਤੂਬਰ, 1968; 29 ਨਵੰਬਰ, 1969; 26 ਨਵੰਬਰ, 1970; 10 ਅਕਤੂਬਰ, 1971 ਅਤੇ 23 ਅਕਤੂਬਰ 1972 'ਚ ਪ੍ਰਧਾਨ ਦੇ ਅਹੁਦੇ 'ਤੇ ਲਗਾਤਾਰ ਬਿਰਾਜਮਾਨ ਹੋਣ ਦਾ ਮਾਣ-ਸਤਿਕਾਰ ਹਾਸਲ ਹੋਇਆ। ਹੈਰਾਨੀ ਹੈ ਕਿ ਆਪ ਜੀ ਨੇ ਸ਼੍ਰੋਮਣੀ ਕਮੇਟੀ ਦੀ ਇਕ ਵੀ ਜਨਰਲ ਚੋਣ ਨਹੀਂ ਲੜੀ ਤੇ ਨਿਰੰਤਰ ਨਾਮਜ਼ਦ ਮੈਂਬਰ ਵਜੋਂ ਕਾਰਜਸ਼ੀਲ ਰਹੇ! ਇਨ੍ਹਾਂ ਦੀ ਜਥੇਬੰਦਕ ਸੂਝ-ਸ਼ਕਤੀ ਤੇ ਪ੍ਰਬੰਧਕ ਯੋਗਤਾ ਨਿਵੇਕਲੀ ਸੀ। ਯਾਦਦਾਸ਼ਤ ਵੀ ਕਮਾਲ ਦੀ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਅਕਾਲੀ ਦਲ ਦੇ ਵਰਕਰਾਂ ਤੀਕ ਨਾਮ ਜ਼ੁਬਾਨੀ ਯਾਦ ਸਨ। ਸ਼੍ਰੋਮਣੀ ਕਮੇਟੀ ਨੂੰ ਸੰਤ ਜੀ ਆਪਣਾ ਪਰਿਵਾਰ ਸਮਝਦੇ ਸਨ ਤੇ ਮੁਲਾਜ਼ਮਾਂ ਨਾਲ ਵੀ ਇਨ੍ਹਾਂ ਦੀ ਸਾਂਝ, ਮੁਹੱਬਤ ਤੇ ਪਿਆਰ ਓੜਕਾਂ ਦਾ ਸੀ।

ਇਨ੍ਹਾਂ ਦੇ ਲੰਮੇ ਕਾਰਜ-ਕਾਲ ਸਮੇਂ ਹੋਏ ਕਾਰਜਾਂ ਨੂੰ ਅਸੀਂ ਕੇਵਲ ਸੰਕੇਤਕ ਤੇ ਸੰਖੇਪ ਰੂਪ 'ਚ ਹੀ ਰੂਪਮਾਨ ਕਰ ਸਕਦੇ ਹਾਂ। ਤੰਬਾਕੂ ਤੇ ਸਿਗਰਟਨੋਸ਼ੀ ਦੀ ਮਨਾਹੀ, ਭਾਰਤ ਸਰਕਾਰ ਨੂੰ ਸਿੱਖ ਜਜ਼ਬਾਤਾਂ ਦੀ ਕਦਰ ਕਰਨ, ਗੁਰਦੁਆਰਾ ਪਾਉਂਟਾ ਸਾਹਿਬ

ਦੇ ਸਾਕੇ ਬਾਰੇ ਹਮਦਰਦੀ, ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਦਾ ਪ੍ਰਬੰਧ, ਜਸਟਿਸ ਹਰਨਾਮ ਸਿੰਘ ਦੇ ਅਕਾਲ ਚਲਾਣੇ 'ਤੇ ਅਫ਼ਸੋਸ, ਦੁਰਾਹੇ ਤੇ ਲੁਧਿਆਣੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਮਤਾ, ਪੰਜਾਬੀ ਸੂਬਾ ਕਾਇਮ ਕਰਨ ਬਾਰੇ ਮਤਾ, ਸਿੱਖਾਂ ਲਈ 'ਸ੍ਰੀ' ਦੀ ਥਾਂ 'ਸਰਦਾਰ' ਪਦਵੀ ਦੀ ਪ੍ਰੋੜ੍ਹਤਾ, ਗੁਰਪੁਰਬਾਂ ਦੀਆਂ ਛੁੱਟੀਆਂ, ਪੰਜਾਬੀ ਬੋਲੀ ਨੂੰ ਅਦਾਲਤੀ ਜ਼ੁਬਾਨ ਬਣਾਉਣ, ਫ਼ੌਜ 'ਚ ਸਿੱਖ ਰਹਿਤ ਮਰਯਾਦਾ ਕਾਇਮ ਰੱਖਣ, ਪਾਕਿਸਤਾਨ ਦੇ ਗੁਰਦੁਆਰਿਆਂ, ਪ੍ਰਸਿੱਧ ਇਤਿਹਾਸਕ ਯਾਦਗਾਰਾਂ ਕਾਇਮ ਕਰਨ, ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਸਟੇਟਸ ਬਾਰੇ, ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਅਕਾਲ ਚਲਾਣੇ 'ਤੇ ਅਫ਼ਸੋਸ, ਪੰਜਾਬੀ ਸੂਬਾ ਅੰਦੋਲਨ ਦੇ ਮੋਢੀਆਂ ਬਾਰੇ ਕਾਂਗਰਸ ਵਰਕਿੰਗ ਕਮੇਟੀ ਦੇ ਫ਼ੈਸਲੇ ਦੀ ਸ਼ਲਾਘਾ, ਸਿੱਖ ਫ਼ੌਜੀਆਂ ਦੀ ਬਹਾਦਰੀ ਦੀ ਪ੍ਰਸੰਸਾ, ਧਾਰਮਿਕ ਸਥਾਨਾਂ ਦੀਆਂ ਜਾਇਦਾਦਾਂ ਬਾਰੇ ਕਾਨੂੰਨੀ ਛੋਟ ਦੀ ਮੰਗ, ਧਾਰਮਿਕ ਸਥਾਨਾਂ ਦੀਆਂ ਜ਼ਮੀਨਾਂ ਲਈ ਮੁਜ਼ਾਰਾ ਐਕਟ ਤੋਂ ਛੋਟ, ਸ੍ਰੀ ਦਸਮੇਸ਼ ਜੀ ਦੇ ਵਿਲਾਇਤੋਂ ਆਏ ਪਵਿੱਤਰ ਸ਼ਸਤਰਾਂ, ਸਿੱਖ ਐਜੂਕੇਸ਼ਨ ਸੁਸਾਇਟੀ ਦੇ ਮੈਂਬਰਾਂ ਦੀ ਨਿਯੁਕਤੀ, ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਮਨਾਉਣ ਦੇ ਅਧਿਕਾਰ, ਚੰਡੀਗੜ੍ਹ ਵਿਖੇ ਗੁਰੂ ਗੋਬਿੰਦ ਸਿੰਘ ਨਿਵਾਸ ਬਣਾਉਣ, ਗੁਰਬਾਣੀ ਕਾਨੂੰਨ ਦੀ ਲੋੜ, ਗੁਰਦੁਆਰਾ ਦਮਦਮਾ ਸਾਹਿਬ ਨੂੰ ਤਖ਼ਤ ਕਰਾਰ ਦੇਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲਿਆਂ ਪੁਰ ਤਸਵੀਰਾਂ ਨਾ ਛਾਪਣ, ਟਿਕਟਾਂ ਉੱਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾ ਛਾਪਣ, ਪੰਜਾਬੀ ਸੂਬਾ ਹਕੂਮਤ ਦਾ ਸਵਾਗਤ, ਸ੍ਰੀ ਦਸਮੇਸ਼ ਪਿਤਾ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਗੁਰਪੁਰਬ ਸਮੇਂ ਕੈਦੀਆਂ ਨੂੰ ਛੋਟ, ਗੁਰਦੁਆਰਾ ਐਕਟ ਵਿਚ ਤਰਮੀਮਾਂ ਕਰਨ, ਸਿੱਖ ਰਾਜ ਦੇ ਸਮੇਂ ਦੀਆਂ ਸ਼ਹੀਦੀ ਯਾਦਗਾਰਾਂ, ਨਾਨਕ ਸਾਗਰ ਡੈਮ ਦੇ ਕਿਸਾਨਾਂ ਪ੍ਰਤੀ ਹਮਦਰਦੀ, ਮਾਸਟਰ ਤਾਰਾ ਸਿੰਘ ਦੇ ਅਕਾਲ ਚਲਾਣੇ 'ਤੇ ਅਫ਼ਸੋਸ, ਪੰਜਾਬੀ ਬੋਲੀ ਨੂੰ ਭਾਰਤ ਦੇ ਦੂਜਿਆਂ ਸੂਬਿਆਂ 'ਚ ਰਾਜ-ਭਾਸ਼ਾ ਦਾ ਦਰਜਾ ਦੇਣਾ, ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਵਿਖੇ ਸਿੱਖ ਮਰਯਾਦਾ ਕਾਇਮ ਰੱਖਣ, ਬਰਤਾਨਵੀ ਸਰਕਾਰ ਵੱਲੋਂ ਸਿੱਖਾਂ ਦੀ ਦਸਤਾਰ 'ਤੇ ਲਾਈ ਪਾਬੰਦੀ, ਭਾਖੜਾ ਡੈਮ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਵਾਪਸ ਲੈਣ, ਪੰਜਾਬ ਤੋਂ ਬਾਹਰ ਸਿੱਖਾਂ ਪੁਰ ਹੋ ਰਹੀਆਂ ਵਧੀਕੀਆਂ ਦੂਰ ਕਰਾਉਣ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਗੁਰਪੁਰਬ ਸਮੇਂ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਤੇ ਕੈਦੀਆਂ ਦੀਆਂ ਸਜ਼ਾਵਾਂ ਦੀ ਮੁਆਫ਼ੀ, ਕਸ਼ਮੀਰ ਗੁਰਦੁਆਰਾ ਪ੍ਰਬੰਧ, ਸ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ 'ਤੇ ਹਮਦਰਦੀ ਦਾ ਮਤਾ, ਤਹਿਸੀਲ ਫ਼ਾਜ਼ਿਲਕਾ ਹਰਿਆਣੇ ਨੂੰ ਦੇਣ ਦੇ ਵਿਰੁੱਧ, ਢਾਕਾ (ਪਾਕਿਸਤਾਨ) ਦੇ ਸਮੁੰਦਰੀ ਹੜ੍ਹ-ਪੀੜਤਾਂ ਦੀ ਸਹਾਇਤਾ, ਮਰਦਮ-ਸ਼ੁਮਾਰੀ ਸਮੇਂ ਮਾਂ-ਬੋਲੀ ਪੰਜਾਬੀ ਲਿਖਾਉਣ ਦੀ ਅਪੀਲ, ਹਰਿਆਣਾ ਗੁਰਦੁਆਰਾ ਬੋਰਡ ਬਣਾਉਣ ਵਿਰੁੱਧ ਮੁੱਖ-ਮੰਤਰੀ ਬੰਸੀ ਲਾਲ ਨੂੰ ਤਾੜਨਾ, ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਅਧਿਕਾਰ ਵਧਾਉਣ, ਹਿਮਾਚਲ, ਹਰਿਆਣਾ ਤੇ ਦਿੱਲੀ 'ਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ, ਸਿੱਖੀ ਨੂੰ ਪਤਿਤਪੁਣੇ ਤੋਂ ਬਚਾਉਣ ਲਈ ਯਤਨ, ਬੰਗਲਾ ਦੇਸ਼ ਦੀ ਅਜ਼ਾਦੀ ਦੇ

ਸੰਗ੍ਰਾਮ ਬਾਰੇ ਹਮਦਰਦੀ, ਗੁਰਦੁਆਰਾ ਚੋਣਾਂ ਕਰਾਉਣ, ਉੱਤਰ ਪ੍ਰਦੇਸ਼ ਵਿਚ ਸਿੱਖਾਂ ਉੱਤੇ ਹੋਏ ਜ਼ੁਲਮ ਬਾਰੇ ਪ੍ਰਸਤਾਵ, ਮੋਗੇ ਦੇ ਨਿਰਦੋਸ਼ ਵਿਦਿਆਰਥੀਆਂ ਬਾਰੇ ਹਮਦਰਦੀ, ਆਦਿ ਮਹੱਤਵਪੂਰਨ ਫ਼ੈਸਲੇ ਤੇ ਮਤੇ ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਹੋਏ।

ਗੁਰਦਾਸਪੁਰ ਦੀ ਲੋਕ ਸਭਾ ਚੋਣ ਸਮੇਂ ਸੰਤ ਫ਼ਤਹਿ ਸਿੰਘ ਜੀ ਦੀ ਰਾਇ ਸੀ ਕਿ ਚੋਣ ਅਕਾਲੀ ਦਲ ਵੱਲੋਂ ਨਾ ਲੜੀ ਜਾਵੇ ਪਰ ਆਪ ਜੀ ਚੋਣ ਲੜਨ ਦੇ ਹੱਕ ਵਿਚ ਸਨ। ਚੋਣ ਲੜੀ ਗਈ ਤੇ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਹਾਰ ਗਿਆ ਜਿਸ ਕਾਰਨ ਅਕਾਲੀ ਦਲ ਦੇ ਵੱਕਾਰ ਨੂੰ ਭਾਰੀ ਠੇਸ ਪਹੁੰਚੀ। ਸੰਤ ਫ਼ਤਹਿ ਸਿੰਘ ਜੀ ਨੇ ਚੋਣ ਲੜਨ 'ਤੇ ਹਾਰਨ ਦੇ ਦੋਸ਼ੀ ਸੰਤ ਚੰਨਣ ਸਿੰਘ ਜੀ ਨੂੰ ਮੰਨਦਿਆਂ ਕਾਫ਼ੀ ਕੋਸਿਆ। ਸੰਤ ਚੰਨਣ ਸਿੰਘ ਜੀ ਵੱਡੇ ਸੰਤਾਂ ਦੇ ਗ਼ੁੱਸੇ ਨੂੰ ਬਰਦਾਸ਼ਤ ਨਾ ਕਰ ਸਕੇ। ਅਖ਼ੀਰ ਇਨ੍ਹਾਂ ਨੂੰ ਦਿਲ ਦਾ ਗੰਭੀਰ ਦੌਰਾ ਪੈ ਗਿਆ। ਹੋਸ਼ ਆਉਣ 'ਤੇ ਇੱਕੋ ਗੱਲ ਪੁਕਾਰਦੇ ਰਹੇ, "ਮੈਥੋਂ ਭੁੱਲ ਹੋ ਗਈ, ਮੇਰੇ ਨਾਲ ਵੱਡੇ ਸੰਤ ਨਰਾਜ਼ ਹੋ ਗਏ। ਬਾਬਾ ਜੀ ਮੈਨੂੰ ਮੁਆਫ਼ ਕਰ ਦਿਓ!" ਇਨ੍ਹਾਂ ਦੇ ਬੀਮਾਰ ਹੋਣ 'ਤੇ ਸੰਤ ਫ਼ਤਹਿ ਸਿੰਘ ਜੀ ਉਚੇਚੇ ਤੌਰ 'ਤੇ ਬੁੱਢਾ ਜੌਹੜ ਪਹੁੰਚੇ ਤੇ ਕਿਹਾ, "ਭਾਈ! ਗੁਰੂ-ਪੰਥ ਦੀ ਸੇਵਾ ਕਰਨੀ ਸਾਡਾ ਫ਼ਰਜ਼ ਹੈ, ਇਕ ਚੋਣ ਹਾਰੇ ਹਾਂ, ਕਈ ਜਿੱਤੀਆਂ ਹਨ।" ਇਤਨਾ ਕਹਿਣ ਨਾਲ ਇਹ ਕੁਝ ਸਮੇਂ ਬਾਅਦ ਠੀਕ ਹੋ ਗਏ।

30 ਅਕਤੂਬਰ, 1972 ਨੂੰ ਸੰਤ ਫ਼ਤਹਿ ਸਿੰਘ ਜੀ ਅਕਾਲ ਚਲਾਣਾ ਕਰ ਗਏ। ਠੀਕ ਇਕ ਮਹੀਨੇ ਬਾਅਦ ਸੰਤ ਚੰਨਣ ਸਿੰਘ ਜੀ 29 ਨਵੰਬਰ, 1972 ਨੂੰ ਰਾਤ ਦੇ 12 ਵੱਜ ਕੇ 10 ਮਿੰਟ 'ਤੇ ਇਸ ਨਾਸ਼ਮਾਨ ਸੰਸਾਰ ਨੂੰ ਆਖ਼ਰੀ ਫ਼ਤਹਿ ਬੁਲਾ ਗਏ। ਇਨ੍ਹਾਂ ਦੀ ਥਾਂ 'ਤੇ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ 31 ਮਾਰਚ, 1973 ਅਤੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਮਤਾ ਨੰ: 2483 ਮਿਤੀ 16 ਜਨਵਰੀ, 1973 ਰਾਹੀਂ ਸੰਤ ਚੰਨਣ ਸਿੰਘ ਜੀ ਨੂੰ ਸ਼ਰਧਾ, ਸਤਿਕਾਰ ਤੇ ਸ਼ਰਧਾਂਜਲੀ ਭੇਟ ਕੀਤੀ। ਇਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ। ਇਨ੍ਹਾਂ ਦੀ ਯਾਦ 'ਚ 'ਸੰਤ ਚੰਨਣ ਸਿੰਘ ਕਲੋਨੀ' ਸ੍ਰੀ ਅੰਮ੍ਰਿਤਸਰ ਵਿਖੇ ਬਣਾਈ ਗਈ ਹੈ।

•

20

ਪੰਥ-ਰਤਨ
ਜਥੇਦਾਰ ਗੁਰਚਰਨ ਸਿੰਘ 'ਟੌਹੜਾ'

ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਰੋਮ ਰੋਮ ਤੋਂ ਸਮਰਪਿਤ ਸੁਹਿਰਦ ਧਾਰਮਿਕ, ਰਾਜਸੀ, ਸਮਾਜਿਕ ਆਗੂ, ਪ੍ਰਬੁੱਧ ਵਕਤਾ, ਦਰਸ਼ਨੀ ਗੁਰਸਿੱਖ, ਲੰਮੇਰਾ ਸਮਾਂ ਰਾਜ ਸਭਾ ਤੇ ਲੋਕ ਸਭਾ ਦੇ ਮੈਂਬਰ ਤੇ ਸਿੱਖਾਂ ਦੀ ਸਿਰਮੌਰ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੁਣ ਤੀਕ ਦੇ ਸਭ ਤੋਂ ਵਧੇਰੇ ਸਮਾਂ ਪ੍ਰਧਾਨਗੀ ਪਦ 'ਤੇ ਸੁਸ਼ੋਭਿਤ ਰਹੀ ਸਨਮਾਨਤ ਸ਼ਖ਼ਸੀਅਤ, ਪੰਥ-ਰਤਨ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਬਾਰੇ, ਜੇ ਮੇਰੇ ਵਾਸਤੇ ਲਿਖਣਾ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਕਾਰਨ, ਮੈਂ ਟੌਹੜਾ ਸਾਹਿਬ ਜੀ ਦੀ ਜੀਵਨ-ਜਾਚ ਦਾ ਕਾਇਲ ਹਾਂ। ਮੈਨੂੰ ਟੌਹੜਾ ਸਾਹਿਬ ਦੇ ਨਜ਼ਦੀਕ ਰਹਿਣ, ਉਨ੍ਹਾਂ ਨਾਲ ਕੰਮ ਕਰਨ, ਉਨ੍ਹਾਂ ਨੂੰ ਸੁਣਨ ਤੇ ਉਨ੍ਹਾਂ ਬਾਰੇ ਪੜ੍ਹਨ ਦਾ ਵੀ ਮੌਕਾ ਮਿਲਿਆ। ਉਨ੍ਹਾਂ ਬਾਰੇ ਬਹੁਤ ਕੁਝ ਲਿਖਿਆ ਗਿਆ, ਲਿਖਿਆ ਜਾਵੇਗਾ, ਖੋਜ ਕਾਰਜ ਹੋਣਗੇ ਪਰ ਸਮੇਂ ਦੇ ਨਾਲ, ਕਿਉਂਕਿ ਸਮਾਂ ਕਈ ਵੇਰ ਸਮੇਂ ਸਿਰ, ਸੱਚ ਬੋਲਣ ਦੀ ਇਜਾਜ਼ਤ ਨਹੀਂ ਦਿੰਦਾ!

ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਦਾ ਜਨਮ 24 ਸਤੰਬਰ, 1924 ਨੂੰ ਸਰਦਾਰ ਦਲੀਪ ਸਿੰਘ ਤੇ ਸਰਦਾਰਨੀ ਬਸੰਤ ਕੌਰ ਦੇ ਘਰ ਪਿੰਡ ਟੌਹੜਾ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ 'ਚ ਸਾਧਾਰਨ ਕਿਸਾਨ ਦੇ ਘਰ ਹੋਇਆ। ਅਜੇ ਢਾਈ ਸਾਲ ਦੀ ਬਾਲ ਵਰੇਸ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਟੌਹੜਾ ਸਾਹਿਬ ਦਾ ਪਾਲਣ ਪੋਸਣ ਉਨ੍ਹਾਂ ਦੇ ਮਾਮਾ ਜੀ ਨੇ ਕੀਤਾ ਜੋ ਕਿ ਅਕਾਲੀ ਲਹਿਰ ਦੇ ਸਰਗਰਮ ਵਰਕਰ ਸਨ। ਟੌਹੜਾ ਸਾਹਿਬ ਨੇ ਅੱਖਰ-ਗਿਆਨ ਪ੍ਰਾਇਮਰੀ ਸਕੂਲ ਡਕੋਂਦਾ ਤੋਂ ਪ੍ਰਾਪਤ ਕਰ, ਪਬਲਿਕ ਸਕੂਲ, ਚਰਨਾਰਥਲ ਤੋਂ ਅੱਠਵੀਂ ਦਾ ਇਮਤਿਹਾਨ ਪਾਸ ਕੀਤਾ। ਘਰ ਤੋਂ ਸਕੂਲ ਦੂਰ ਹੋਣ 'ਤੇ ਪਰਿਵਾਰਕ-ਆਰਥਿਕ ਮਜਬੂਰੀਆਂ ਕਾਰਨ ਟੌਹੜਾ ਸਾਹਿਬ ਨਿਰੰਤਰ ਵਿੱਦਿਆ ਪ੍ਰਾਪਤ ਨਾ ਕਰ ਸਕੇ ਪਰ ਕੁਝ ਸਮਾਂ ਸੰਸਕ੍ਰਿਤ ਵਿਦਿਆਲਾ, ਪਟਿਆਲਾ ਤੋਂ ਸੰਸਕ੍ਰਿਤ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ। ਤੀਖਣ ਬੁੱਧੀ ਸਦਕਾ ਉਨ੍ਹਾਂ ਨੇ 1942 ਈ. 'ਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਟੌਹੜਾ ਸਾਹਿਬ ਨੂੰ ਜੁਆਨੀ ਦੇ ਕੁਝ ਸਾਲ ਖੇਤੀਬਾੜੀ ਦੇ ਗੋਰਖ ਧੰਦੇ 'ਚ ਵੀ ਗੁਜ਼ਾਰਨੇ ਪਏ।



ਪੰਥ-ਰਤਨ ਜਥੇਦਾਰ ਗੁਰਚਰਨ ਸਿੰਘ 'ਟੌਹੜਾ'

13 ਸਾਲ ਦੀ ਉਮਰੇ, 1937 ਈ. ਵਿਚ ਟੌਹੜਾ ਸਾਹਿਬ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰੂ ਪਰਿਵਾਰ ਦੇ ਮੈਂਬਰ ਬਣ, ਗੁਰਬਾਣੀ ਦੇ ਨੇਮੀ ਤੇ ਪ੍ਰੇਮੀ ਬਣ ਗਏ। ਗਿਆਨੀ ਵਰਿਆਮ ਸਿੰਘ ਜੀ ਦੇ ਸਾਥੀ ਵਜੋਂ ਕੀਰਤਨ ਕਰਨ ਸਦਕਾ ਆਪ ਜੀ ਦੀ ਇਲਾਕੇ 'ਚ ਪ੍ਰਸਿੱਧ ਰਾਗੀ ਵਜੋਂ ਪਹਿਚਾਣ ਬਣੀ।

ਨਿਤਨੇਮ, ਆਸਾ ਦੀ ਵਾਰ ਤੋਂ ਇਲਾਵਾ ਕਈ ਬਾਣੀਆਂ ਤੇ ਗੁਰਬਾਣੀ ਦੇ ਅਨੇਕਾਂ ਸ਼ਬਦ ਟੌਹੜਾ ਸਾਹਿਬ ਨੂੰ ਜ਼ੁਬਾਨੀ ਯਾਦ ਸਨ। ਜੁਆਨੀ ਸਮੇਂ ਉਨ੍ਹਾਂ ਨੂੰ ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਵੀ ਪੰਜਾਂ ਪਿਆਰਿਆਂ 'ਚ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਕਾਰਜ ਕਾਲ ਸਮੇਂ ਵੀ ਕਈ ਵਾਰ ਅੰਮ੍ਰਿਤ ਸੰਚਾਰ ਸਮਾਗਮਾਂ 'ਚ ਸ਼ਾਮਿਲ ਹੁੰਦੇ ਰਹੇ। ਇਨ੍ਹਾਂ ਦਾ ਅਨੰਦ ਕਾਰਜ 16 ਸਾਲ ਦੀ ਉਮਰ 'ਚ ਬੀਬੀ ਜੋਗਿੰਦਰ ਕੌਰ ਜੀ ਨਾਲ ਪਟਿਆਲਾ 'ਚ ਹੋਇਆ। ਉਨ੍ਹਾਂ ਦੇ ਘਰ ਇਕ ਸਪੁੱਤਰ ਨੇ ਜਨਮ ਲਿਆ ਜੋ ਕੁਝ ਸਮੇਂ ਬਾਅਦ ਅਕਾਲ ਚਲਾਣਾ ਕਰ ਗਿਆ। ਫਿਰ ਉਨ੍ਹਾਂ ਨੇ ਆਪਣੀ ਧਰਮ ਸੁਪਤਨੀ ਦੀ ਭੈਣ ਦੀ ਲੜਕੀ ਕੁਲਦੀਪ ਕੌਰ ਨੂੰ ਗੋਦ ਲੈ ਲਿਆ ਜਿਸ ਦਾ ਅਨੰਦ ਕਾਰਜ ਸ. ਹਰਮੇਲ ਸਿੰਘ ਨਾਲ ਹੋਇਆ, ਜੋ ਪਟਿਆਲੇ 'ਚ ਨਿਵਾਸ ਰੱਖਦੇ ਹਨ।

ਅਕਾਲ ਦੇ ਪੁਜਾਰੀ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' 1938 ਈ. 'ਚ ਅਕਾਲੀ ਦਲ 'ਚ ਭਰਤੀ ਹੋ ਗਏ। 20 ਸਾਲ ਦੀ ਭਰ ਜੁਆਨੀ 'ਚ ਟੌਹੜਾ ਸਾਹਿਬ ਨੇ ਪਹਿਲੀ ਵੇਰ ਜੇਲ੍ਹ ਯਾਤਰਾ ਕੀਤੀ ਤੇ ਫਿਰ ਅਕਾਲੀ ਦਲ ਵੱਲੋਂ ਲੱਗੇ ਹਰ ਮੋਰਚੇ ਸਮੇਂ ਇਸ ਨੇਮ ਨੂੰ ਸਿਦਕ-ਭਰੋਸੇ ਨਾਲ ਨਿਭਾਹਿਆ। ਅਨੁਸ਼ਾਸਤ ਸਿੱਖੀ ਜੀਵਨ, ਸਖ਼ਤ ਮਿਹਨਤ, ਨਿਰ-ਸੁਆਰਥੀ ਜਜ਼ਬੇ ਨੂੰ ਤੱਕਦਿਆਂ ਸਮੇਂ ਦੇ ਅਕਾਲੀ ਆਗੂਆਂ ਨੇ ਟੌਹੜਾ ਸਾਹਿਬ ਨੂੰ 1948 ਈ. 'ਚ ਰਿਆਸਤੀ ਅਕਾਲੀ ਦਲ ਦੇ ਸਕੱਤਰ ਹੋਣ ਦਾ ਮਾਣ ਬਖ਼ਸ਼ਿਸ਼ ਕੀਤਾ। ਸਾਦਗੀ, ਸੰਜਮੀ, ਸਮੇਂ ਦੀ ਪਾਬੰਦੀ ਦੇ ਸੁਭਾਅ ਤੇ ਪਾਰਟੀ ਪ੍ਰਤੀ ਸਮਰਪਣ ਦੀ ਭਾਵਨਾ ਕਰ ਕੇ 1952 ਈ. 'ਚ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰ ਚੁਣੇ ਗਏ। 'ਜਥੇਦਾਰ' ਸ਼ਬਦ ਟੌਹੜਾ ਸਾਹਿਬ ਦੀ ਸ਼ਖ਼ਸੀਅਤ ਨਾਲ ਪੂਰਨ ਤੌਰ 'ਤੇ ਸੁਮੇਲ ਖਾਂਦਾ ਤੇ ਖ਼ੂਬ ਫੱਬਦਾ ਸੀ। 1959 ਈ. ਵਿਚ ਆਪ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੋਇਆ।

1960 ਈ. ਵਿਚ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਸਮੇਂ ਟੌਹੜਾ ਸਾਹਿਬ, ਮੈਂਬਰ ਸ਼੍ਰੋਮਣੀ ਕਮੇਟੀ ਚੁਣੇ ਗਏ ਤੇ ਆਖ਼ਰੀ ਸਾਹਾਂ ਤੀਕ ਚੁਣੇ ਹੋਏ ਮੈਂਬਰ ਦੀ ਹੈਸੀਅਤ 'ਚ ਕ੍ਰਿਆਸ਼ੀਲ ਰਹੇ। ਪਹਿਲੀ ਚੋਣ ਸਮੇਂ ਉਨ੍ਹਾਂ ਨੇ ਚੋਣ ਫ਼ੰਡ 'ਚੋਂ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਨੂੰ ਪਾਰਟੀ ਦੇ ਪੈਸੇ ਵਾਪਸ ਕੀਤੇ ਤੇ ਕਿਹਾ ਸੀ ਕਿ ਚੋਣ ਤਾਂ ਮੈਂ ਪੈਦਲ ਤੇ ਸਾਈਕਲ 'ਤੇ ਚੱਲ ਕੇ ਲੜੀ ਹੈ, ਇਹ ਪੰਥ ਦੀ ਅਮਾਨਤ ਹੈ, ਜੋ ਮੈਂ ਵਾਪਿਸ ਕਰ ਰਿਹਾ ਹਾਂ। 13 ਮਾਰਚ, 1965 ਨੂੰ ਟੌਹੜਾ ਸਾਹਿਬ ਪਹਿਲੀ ਵੇਰ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ। 12 ਨਵੰਬਰ, 1967; 27 ਅਕਤੂਬਰ, 1968; 29 ਨਵੰਬਰ, 1969; 26 ਨਵੰਬਰ, 1970; 10 ਅਕਤੂਬਰ, 1971; ਅਤੇ 23 ਅਕਤੂਬਰ, 1972 ਨੂੰ ਹੋਈਆਂ ਸਾਲਾਨਾ ਚੋਣਾਂ ਸਮੇਂ ਟੌਹੜਾ ਸਾਹਿਬ ਅੰਤ੍ਰਿੰਗ ਕਮੇਟੀ ਮੈਂਬਰ

ਚੁਣੇ ਜਾਂਦੇ ਰਹੇ। 30 ਨਵੰਬਰ, 1972 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੰਤ ਚੰਨਣ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਨੂੰ ਪ੍ਰਧਾਨ, ਸ਼੍ਰੋਮਣੀ ਕਮੇਟੀ ਥਾਪਿਆ ਗਿਆ। 6 ਜਨਵਰੀ, 1973 ਨੂੰ ਬਕਾਇਦਾ ਪ੍ਰਧਾਨਗੀ ਪਦ ਦੀ ਚੋਣ ਸਮੇਂ ਟੌਹੜਾ ਸਾਹਿਬ, ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ ਤੇ 31 ਮਾਰਚ, 1973 ਨੂੰ ਪਹਿਲੀ ਵਾਰ ਉਨ੍ਹਾਂ ਦੀ ਪ੍ਰਧਾਨਗੀ 'ਚ ਬਜਟ ਇਜਲਾਸ ਹੋਇਆ ਤੇ ਫਿਰ ਇਹ ਸਿਲਸਿਲਾ ਨਿਰੰਤਰ ਜਾਰੀ ਰਿਹਾ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਰੀਕਾਰਡ ਅਨੁਸਾਰ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' 6 ਜਨਵਰੀ, 1973 ਤੋਂ 23 ਮਾਰਚ, 1986; 30 ਨਵੰਬਰ, 1986 ਤੋਂ 28 ਨਵੰਬਰ, 1990; 13 ਨਵੰਬਰ, 1991 ਤੋਂ 13 ਅਕਤੂਬਰ, 1996; 20 ਦਸੰਬਰ, 1996 ਤੋਂ 16 ਮਾਰਚ, 1999 ਤੇ ਫਿਰ 27 ਜੁਲਾਈ, 2003 ਤੋਂ 31 ਮਾਰਚ, 2004 ਤੀਕ ਸਿੱਖ ਪਾਰਲੀਮੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਭ ਤੋਂ ਸਤਿਕਾਰਤ ਉੱਚ ਅਹੁਦੇ, ਪ੍ਰਧਾਨਗੀ ਪਦਵੀ 'ਤੇ ਸ਼ੋਭਨੀਕ ਰਹੇ। ਪੰਥਕ ਜਜ਼ਬੇ 'ਚ ਗੜੂੰਦ ਟੌਹੜਾ ਸਾਹਿਬ ਨੂੰ ਜ਼ੀ.ਟੀ.ਵੀ. ਦੇ ਪ੍ਰੋਗਰਾਮ 'ਆਪ ਕੀ ਅਦਾਲਤ' 'ਚ ਪੁੱਛਿਆ ਗਿਆ ਕਿ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਕਦ ਤਕ ਕਰੋਗੇ ?' ਉਨ੍ਹਾਂ ਦਾ ਗੁਰੂ-ਭਰੋਸੇ ਸਹਿਜ-ਸੁਭਾਵ ਜੁਆਬ ਸੀ : 'ਜਦ ਤੀਕ ਧਰਮ ਰਾਜ ਨਹੀਂ ਬੁਲਾ ਲੈਂਦਾ !' ਇੰਨ-ਬਿੰਨ ਸੱਚ ਹੋਇਆ।

ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਵੀ ਟੌਹੜਾ ਸਾਹਿਬ ਨੂੰ ਰਿਟ ਕਰ ਕੇ ਕਰਵਾਉਣੀਆਂ ਪਈਆਂ। ਇਨ੍ਹਾਂ ਦੇ ਸਮੇਂ 1979 ਈ. ਅਤੇ 1996 ਈ. ਵਿਚ ਜਨਰਲ ਚੋਣਾਂ ਹੋਈਆਂ ਅਤੇ ਨਵੇਂ ਬਣੇ ਹਾਊਸ ਵਿਚ ਫਿਰ ਪ੍ਰਧਾਨ ਚੁਣੇ ਜਾਂਦੇ ਰਹੇ। 1977 ਈ. ਤੋਂ 1979 ਈ. ਤੀਕ ਲੋਕ ਸਭਾ ਦੇ ਮੈਂਬਰ ਤੇ 1969 ਈ. ਤੋਂ 2004 ਈ. ਦੌਰਾਨ 6 ਵਾਰ ਰਾਜ ਸਭਾ ਦੇ ਮੈਂਬਰ ਚੁਣੇ ਗਏ। 21 ਮਾਰਚ, 1993 ਤੋਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਅਤੇ 1995 ਤੋਂ ਸਿੱਖ ਐਜੂਕੇਸ਼ਨ ਸੁਸਾਇਟੀ, ਚੰਡੀਗੜ੍ਹ ਦੇ ਪ੍ਰਧਾਨ ਦੇ ਅਹੁਦੇ 'ਤੇ ਵੀ ਕਾਰਜਸ਼ੀਲ ਰਹੇ। ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੇ ਪ੍ਰਧਾਨ ਤੋਂ ਇਲਾਵਾ ਕਾਫ਼ੀ ਲੰਮਾ ਸਮਾਂ ਮੈਂਬਰ ਵੀ ਰਹੇ। ਸਾਰੀਆਂ ਸੇਵਾਵਾਂ ਦਾ ਜ਼ਿਕਰ ਕਰਨਾ ਮੁਸ਼ਕਿਲ ਹੈ।

1973 ਈ. ਵਿਚ ਜਿਸ ਸਮੇਂ ਟੌਹੜਾ ਸਾਹਿਬ ਪਹਿਲੀ ਵੇਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਉਸ ਸਮੇਂ ਸ਼੍ਰੋਮਣੀ ਕਮੇਟੀ ਕੇਵਲ ਗਿਣਤੀ ਦੇ ਸਕੂਲ ਤੇ ਇਕ ਇੰਜੀਨੀਅਰਿੰਗ ਕਾਲਜ ਚਲਾ ਰਹੀ ਸੀ। ਉਨ੍ਹਾਂ ਦੇ ਕਾਰਜ-ਕਾਲ ਵਿਚ ਪਵਿੱਤਰ ਇਤਿਹਾਸਕ ਸਰੋਵਰਾਂ ਦੀਆਂ ਕਾਰ-ਸੇਵਾਵਾਂ ਅਰੰਭ ਹੋਈਆਂ, ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦਾ ਨਵ-ਨਿਰਮਾਣ ਕਾਰਜ, ਗੁਰਪੁਰਬ ਤੇ ਸ਼ਤਾਬਦੀਆਂ ਵੱਡੀ ਪੱਧਰ 'ਤੇ ਮਨਾਉਣ ਦੀ ਪਿਰਤ ਸਥਾਪਤ ਹੋਈ। ਸ੍ਰੀ ਗੁਰੂ ਰਾਮਦਾਸ ਹਸਪਤਾਲ; ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਅੰਮ੍ਰਿਤਸਰ; ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਡੈਂਟਲ ਸਾਇੰਸਜ਼ ਐਂਡ ਰੀਸਰਚ, ਅੰਮ੍ਰਿਤਸਰ; ਮੀਰੀ-ਪੀਰੀ ਇੰਸਟੀਚਿਊਟ ਆਫ਼ ਮੈਡੀਕਲ

ਸਾਇੰਸਜ਼ ਐਂਡ ਰੀਸਰਚ, ਸ਼ਾਹਬਾਦ ਮਾਰਕੰਡਾ (ਹਰਿਆਣਾ); ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫ਼ਤਹਿਗੜ੍ਹ ਸਾਹਿਬ ਅਤੇ ਅਨੇਕਾਂ ਡਿਗਰੀ ਕਾਲਜ ਅਤੇ ਪਬਲਿਕ ਸਕੂਲ ਹੋਂਦ ਵਿਚ ਆਏ; ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ 'ਚ ਸ਼੍ਰੋਮਣੀ ਕਮੇਟੀ ਦੀ ਪਹਿਚਾਣ ਬਣੀ ਤੇ ਸ਼੍ਰੋਮਣੀ ਕਮੇਟੀ ਪੰਜਾਬ ਦਾ ਵੱਡਾ ਪਬਲੀਕੇਸ਼ਨ ਅਦਾਰਾ ਬਣਿਆ। ਦਿੱਲੀ ਸਿੱਖ ਗੁਰਦੁਆਰਾ ਐਕਟ 1971 ਨੂੰ ਬਣਾਉਣ ਵਿਚ ਟੌਹੜਾ ਸਾਹਿਬ ਦਾ ਵਿਸ਼ੇਸ਼ ਹੱਥ ਸੀ। ਉਨ੍ਹਾਂ ਦੇ ਯਤਨਾਂ ਸਦਕਾ ਹੀ ਗੁਰਦੁਆਰਿਆਂ 'ਤੇ ਲੱਗੀ ਸੀਲਿੰਗ ਹਟੀ। 24 ਜੂਨ, 1975 ਨੂੰ ਦੇਸ਼ ਭਰ ਵਿਚ ਲੱਗੀ ਐਮਰਜੈਂਸੀ ਦਾ ਵਿਰੋਧ ਸਭ ਤੋਂ ਪਹਿਲੇ ਤੇ ਵਧੇਰੇ ਸਿੱਖਾਂ ਵਲੋਂ ਕੀਤਾ ਗਿਆ, ਜਿਸ ਦੇ ਨੇਤਾ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਸਨ। ਕੋਈ ਮੋਰਚਾ ਟੌਹੜਾ ਸਾਹਿਬ ਦੇ ਜੀਵਨ ਦਾ ਅਜਿਹਾ ਨਹੀਂ, ਜਿਸ ਵਿਚ ਉਨ੍ਹਾਂ ਨੇ ਗ੍ਰਿਫ਼ਤਾਰੀ ਦੇ ਕੇ ਕੈਦ ਨਾ ਕੱਟੀ ਹੋਵੇ।

ਉਨ੍ਹਾਂ ਦੀ ਮਿਹਨਤ, ਲਗਨ, ਤੀਖਣ ਬੁੱਧੀ ਤੇ ਸੁਹਿਰਦ ਯਤਨਾਂ ਸਦਕਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਪਾਰਲੀਮੈਂਟ, ਸ਼੍ਰੋਮਣੀ ਸਿੱਖ ਸੰਸਥਾ ਹੋਣ ਦਾ ਮਾਣ ਸਤਿਕਾਰ ਹਾਸਲ ਹੋਇਆ। ਟੌਹੜਾ ਛੋਟਾ ਜਿਹਾ ਪਿੰਡ ਸੀ, ਜਿਸ 'ਚ ਪ੍ਰਾਇਮਰੀ ਸਕੂਲ ਵੀ ਨਹੀਂ ਸੀ। ਜਥੇਦਾਰ ਟੌਹੜਾ ਦੀ ਅਨੂਠੀ ਸ਼ਖ਼ਸੀਅਤ ਸਦਕਾ ਹੀ ਵਿਸ਼ਵ-ਵਿਆਪੀ ਸਿੱਖ ਭਾਈਚਾਰੇ 'ਚ ਉਨ੍ਹਾਂ ਦੀ ਨਿਵੇਕਲੀ ਪਹਿਚਾਨ ਬਣੀ। ਆਖ਼ਰੀ ਪਲਾਂ ਤੀਕ ਵੀ ਟੌਹੜਾ ਸਾਹਿਬ ਟੌਹੜਾ ਪਿੰਡ 'ਚ ਆਪਣੇ ਬਾਲਿਆਂ ਵਾਲੇ ਘਰ 'ਚ ਨਿਵਾਸ ਰੱਖਦੇ ਰਹੇ। ਸ਼੍ਰੋਮਣੀ ਕਮੇਟੀ ਦਾ ਏਨੀ ਵੇਰ ਪ੍ਰਧਾਨ ਬਣਨਾ ਟੌਹੜਾ ਸਾਹਿਬ ਦੀ ਲੋੜ ਹੀ ਨਹੀਂ, ਸਗੋਂ ਸਮਕਾਲੀ ਹਾਲਾਤ ਦੀ ਮਜਬੂਰੀ ਤੇ ਜ਼ਰੂਰਤ ਵੀ ਸੀ। ਟੌਹੜਾ ਸਾਹਿਬ ਰਾਜਾਂ ਦੀ ਅੰਦਰੂਨੀ ਖ਼ੁਦ-ਮੁਖਤਿਆਰੀ ਦੇ ਹੱਕ ਵਿਚ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਅਜੋਕੇ ਰਾਜਨੀਤਕ ਵਾਤਾਵਰਣ 'ਚ 'ਹਲੇਮੀ ਰਾਜ' ਸੰਭਵ ਨਹੀਂ। ਸਮਕਾਲੀ ਹਾਲਾਤਾਂ ਦੀਆਂ ਮਜਬੂਰੀਆਂ ਕਰਕੇ ਟੌਹੜਾ ਸਾਹਿਬ ਸਿੱਖ ਕੌਮ, ਪੰਜਾਬ ਤੇ ਪੰਜਾਬੀਅਤ ਬਾਰੇ ਉਹ ਕੁਝ ਨਹੀਂ ਕਰ ਸਕੇ ਜੋ ਕਰਨਾ ਸੋਚਦੇ ਤੇ ਲੋਚਦੇ ਸਨ। ਸਮੇਂ-ਸਥਾਨ ਦੀਆਂ ਮਜਬੂਰੀਆਂ ਦੀ ਕਲਰਾਠੀ ਧਰਤੀ 'ਚ ਉੱਗੇ ਗੁਲਾਬ ਟੌਹੜਾ ਸਾਹਿਬ ਸਿਆਸੀ ਮਜਬੂਰੀਆਂ ਕਾਰਨ ਕੁਮਲਾ ਗਏ। **ਟੌਹੜਾ ਸਾਹਿਬ ਸੋਚਦੇ ਸਨ ਕਿ ਸਿੱਖ ਸਿਆਸਤ, ਸਿੱਖ ਸਿਧਾਂਤਾਂ ਤੇ ਜਜ਼ਬਿਆਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ, ਇਹੀ ਕਾਰਨ ਸੀ ਕਿ ਉਨ੍ਹਾਂ ਦੀ ਬਹੁਤੀ ਸ਼ਕਤੀ ਸਿੱਖ ਸਿਆਸਤ ਨੂੰ ਸਿੱਖ ਜਜ਼ਬਿਆਂ ਨਾਲ ਜੋੜਨ 'ਚ ਹੀ ਗੁਜ਼ਰ ਗਈ।** ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅਕਾਲੀ ਕਹਾਉਣ ਵਾਲਿਆਂ ਨੂੰ ਕੇਵਲ ਅਕਾਲ ਦਾ ਪੁਜਾਰੀ ਹੋਣਾ ਜ਼ਰੂਰੀ ਹੈ ਪਰ ਸਰਕਾਰ ਚਲਾਉਣ ਵਾਸਤੇ ਧਰਮ ਨਿਰਪੱਖ ਹੋਣਾ ਮਜਬੂਰੀ ਹੈ। ਦਰਵੇਸ਼, ਦਾਨਸ਼ਵਰ, ਸਿੱਖ ਨੇਤਾ ਟੌਹੜਾ ਸਾਹਿਬ ਸਿੱਖ ਵਿਦਵਾਨਾਂ, ਵਿਚਾਰਵਾਨਾਂ ਤੇ ਬੁੱਧੀਜੀਵੀਆਂ ਦੇ ਕਦਰ-ਦਾਨ ਸਨ। ਟੌਹੜਾ ਸਾਹਿਬ ਹੀ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਪੰਥ ਦਾ ਰੌਸ਼ਨ ਦਿਮਾਗ਼ ਆਗੂ, ਸਿਆਸਤ ਦਾ ਭੀਸ਼ਮ ਪਿਤਾਮਾ, ਬਾਬਾ ਬੋਹੜ ਤੇ ਆਦਰਸ਼ਕ ਸਿੱਖ ਨੇਤਾ ਦੇ ਤਖ਼ੱਲਸ ਮਿਲੇ ਪਰ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਨੂੰ ਕਾਮਰੇਡ, ਮੌਕਾਪ੍ਰਸਤ ਤੇ ਦਗ਼ੇਬਾਜ਼ ਤੀਕ ਵੀ ਕਹਿ ਜਾਂਦੇ ਅਤੇ ਉਹ ਹੱਸ ਕੇ ਜਰ ਲੈਂਦੇ ਸਨ।

ਪੰਥ ਦੇ ਰੋਸ਼ਨ ਦਿਮਾਗ਼ ਆਗੂ ਵਜੋਂ ਜਾਣੇ ਜਾਂਦੇ ਰਹੇ ਜਥੇਦਾਰ ਟੌਹੜਾ ਸਾਹਿਬ ਨੂੰ ਰਾਜਸ਼ਾਹੀ, ਰਜਵਾੜਾਸ਼ਾਹੀ, ਜ਼ਿਮੀਂਦਾਰੀ ਪ੍ਰਥਾ, ਅਖੌਤੀ ਸਾਧਵਾਦ, ਡੇਰਾਵਾਦ ਵਿਰੁੱਧ ਲੰਮਾ ਸੰਘਰਸ਼ ਕਰਨਾ ਪਿਆ। ਲੰਮੇਰਾ ਸੰਘਰਸ਼ਮਈ ਜੀਵਨ ਹੋਣ ਕਰਕੇ **ਉਨ੍ਹਾਂ ਦੇ ਬੋਲਾਂ 'ਚੋਂ ਗੁਰਬਾਣੀ ਦੀ ਖ਼ੁਸ਼ਬੋਈ, ਸਿੱਖੀ ਸਿਧਾਂਤਾਂ ਪ੍ਰਤੀ ਪ੍ਰਤਿਬੱਧਤਾ, ਪੰਥ-ਪ੍ਰਸਤੀ, ਪੰਜਾਬ ਤੇ ਪੰਜਾਬੀਅਤ ਲਈ ਦਰਦ ਬੋਲਦਾ ਪ੍ਰਗਟ ਹੁੰਦਾ ਸੀ।** ਜੀਵਨ ਭਰ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਉਤਰਾਵਾਂ-ਚੜ੍ਹਾਵਾਂ ਦਾ ਸਾਹਮਣਾ ਕਰਨਾ ਪਿਆ। ਕਈ ਵਾਰ ਜਵਾਰ-ਭਾਟਿਆਂ ਦਾ ਸਾਹਮਣਾ ਕਰਨਾ ਪਿਆ ਤੇ ਕਈ ਵਾਰ ਸ਼ਾਂਤ ਸਾਗਰਾਂ ਦੀ ਥਾਹ ਪਾਉਣੀ ਪਈ। ਸਿੱਖ ਜਜ਼ਬਾਤਾਂ ਦੀ ਤਰਜਮਾਨੀ ਜੋ ਟੌਹੜਾ ਸਾਹਿਬ ਕਰ ਗਏ ਹਨ, ਉਹ ਇਕ ਮਿਸਾਲ ਹੈ। ਟੌਹੜਾ ਸਾਹਿਬ ਨੂੰ ਮਿਲਣ ਵਾਸਤੇ ਅੰਮ੍ਰਿਤ ਵੇਲੇ ਜਾਗਣਾ ਪੈਂਦਾ, ਕਿਉਂਕਿ ਟੌਹੜਾ ਸਾਹਿਬ ਤਿਆਰ ਬਰ ਤਿਆਰ ਹੋ ਕੇ ਸਵੇਰੇ 6 ਵਜੇ ਆਏ ਮਹਿਮਾਨਾਂ ਨੂੰ ਮਿਲਦੇ ਸਨ। ਸੂਰਜਮੁਖੀ ਸਿੱਖ ਟੌਹੜਾ ਸਾਹਿਬ ਦੀ ਜੀਵਨ-ਜਾਚ ਨਾਲ ਕਦਮ ਮਿਲਾ ਕੇ ਨਹੀਂ ਸਨ ਚੱਲ ਸਕਦੇ। ਸਫ਼ੇਦ ਲਿਬਾਸ, ਨੀਲੀ ਦਸਤਾਰ, ਚੇਹਰੇ ਦੀ ਗੰਭੀਰਤਾ ਤੇ ਨੈਣਾਂ ਦਾ ਤੇਜ, ਸਫ਼ੇਦ ਦਾਹੜਾ, ਟੌਹੜਾ ਸਾਹਿਬ ਦੀ ਸ਼ਖ਼ਸੀਅਤ ਨੂੰ ਬਿਆਨ ਕਰਨ 'ਚ ਕਾਫ਼ੀ ਸਹਾਈ ਹੁੰਦਾ। ਟੌਹੜਾ ਸਾਹਿਬ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਨੇੜਿਓਂ ਦਰਸ਼ਨ ਕਰਨ ਨੂੰ ਮਨ ਲੋਚਦਾ ਸੀ, ਵਿਚਾਰ ਸਰਵਣ ਕਰਨ ਨੂੰ ਮਨ ਤਰਸਦਾ ਸੀ। ਟੌਹੜਾ ਸਾਹਿਬ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਸਤਿਕਾਰ ਤੇ ਦਹਿਸ਼ਤ ਨੂੰ ਸੇਵਾਦਾਰ ਤੋਂ ਸਕੱਤਰ, ਸ਼੍ਰੋਮਣੀ ਕਮੇਟੀ ਤੀਕ ਕਬੂਲ ਕਰਦੇ ਸਨ। ਉਨ੍ਹਾਂ ਦਾ ਫੋਨ ਸੁਣਨ ਸਮੇਂ ਸੰਬੰਧਿਤ ਅਧਿਕਾਰੀ ਚੈਨ ਨਾਲ ਨਹੀਂ ਸੀ ਬੈਠ ਸਕਦਾ। ਸ਼੍ਰੋਮਣੀ ਕਮੇਟੀ ਦੇ ਦਫ਼ਤਰਾਂ 'ਚ ਆਈ ਖ਼ਾਮੋਸ਼ੀ ਟੌਹੜਾ ਸਾਹਿਬ ਦੀ ਆਮਦ ਨੂੰ ਮੂਕ ਭਾਸ਼ਾ 'ਚ ਪ੍ਰਸਤੁਤ ਕਰਦੀ। ਟੌਹੜਾ ਸਾਹਿਬ ਦੇ ਪੰਥਕ ਬੋਲਿਆਂ ਦਾ ਅਸਰ ਕੇਵਲ ਪੰਜਾਬ ਤੀਕ ਹੀ ਸੀਮਤ ਨਹੀਂ, ਸਗੋਂ ਕੇਂਦਰ ਸਰਕਾਰ ਵੀ ਉਨ੍ਹਾਂ ਨੂੰ ਤਰਜੀਹ ਦੇਂਦੀ ਸੀ। ਟੌਹੜਾ ਸਾਹਿਬ ਸਮੇਂ ਸਿਰ ਬੋਲਦੇ ਸਨ ਤੇ ਹਰ ਬੋਲ ਖ਼ਬਰ ਹੁੰਦਾ।

ਅਪ੍ਰੈਲ, 1978 'ਚ ਵਾਪਰੇ ਨਿਰੰਕਾਰੀ ਕਾਂਡ, ਜੂਨ, 1984 'ਚ ਵਾਪਰੇ ਘੱਲੂਘਾਰੇ, ਆਪ੍ਰੇਸ਼ਨ ਬਲੈਕ ਥੰਡਰ ਨੇ ਵੀ ਟੌਹੜਾ ਸਾਹਿਬ ਨੂੰ ਗਹਿਰੇ ਮਾਨਸਿਕ ਜ਼ਖ਼ਮ ਦਿੱਤੇ। ਕਿਸਾਨਾਂ ਦੇ ਕੰਗਾਲੀ ਕਰਨ ਤੇ ਖ਼ੁਦਕਸ਼ੀਆਂ ਦੇ ਰਸਤੇ 'ਤੇ ਲੈ ਜਾਣ ਵਾਲੀਆਂ ਕਿਸਾਨ ਮਾਰੂ ਨੀਤੀਆਂ ਤੇ ਮਜ਼ਦੂਰਾਂ ਦੀਆਂ ਮਜਬੂਰੀਆਂ ਤੋਂ ਟੌਹੜਾ ਸਾਹਿਬ ਭਲੀ ਭਾਂਤ ਜਾਣੂ ਸਨ। ਵਿੱਦਿਅਕ ਢਾਂਚੇ 'ਚ ਆਈ ਗਿਰਾਵਟ, ਨਕਲ, ਨੰਗੇਜ ਤੇ ਨਸ਼ਿਆਂ ਦੇ ਘੁਣ ਨਾਲ ਪੰਜਾਬ ਤੇ ਪੰਜਾਬੀਅਤ ਦਾ ਜੋ ਨੁਕਸ਼ਾਨ ਹੋਇਆ, ਉਸ ਤੋਂ ਬੇਹੱਦ ਨਿਰਾਸ਼ ਸਨ। ਉਹ ਕਹਿੰਦੇ ਸਨ ਕਿ ਸਰੀਰਕ ਨਸ਼ੇ ਬਹੁਤ ਮਾੜੇ ਹਨ। ਇਹ ਕੇਵਲ ਸਰੀਰ ਨੂੰ ਹੀ ਗਾਲਦੇ ਹਨ ਪਰ ਕਈ ਵਾਰ ਹਕੂਮਤ ਦਾ ਨਸ਼ਾ ਕੌਮਾਂ ਨੂੰ ਬਰਬਾਦ ਕਰ ਦਿੰਦਾ ਹੈ। ਪੰਜਾਬ ਦੇ ਬਿਖੜੇ ਦਿਨਾਂ 'ਚ ਜਿਤਨੇ ਵੀ ਡੈਪੂਟੇਸ਼ਨ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ ਨੂੰ ਮਿਲਨ ਗਏ, ਉਨ੍ਹਾਂ ਵਿਚ ਟੌਹੜਾ ਸਾਹਿਬ ਦੀ ਹਾਜ਼ਰੀ ਲਾਜ਼ਮੀ ਸੀ। ਜਿਸ ਬੇਬਾਕੀ ਨਾਲ ਟੌਹੜਾ ਸਾਹਿਬ ਸਿੱਖਾਂ ਤੇ ਪੰਜਾਬ

ਦੇ ਮਸਲਿਆਂ ਬਾਰੇ ਵਾਰਤਾਲਾਪ ਕਰਨ ਦਾ ਹੁਨਰ ਤੇ ਸਮਰੱਥਾ ਰੱਖਦੇ ਸਨ, ਉਹ ਕਿਸੇ ਹੋਰ ਪਾਸ ਨਹੀਂ ਸੀ। ਟੌਹੜਾ ਸਾਹਿਬ ਕਹਿੰਦੇ ਸਨ ਕਿ ਕੇਂਦਰ ਸਰਕਾਰ ਪੰਜਾਬ ਤੇ ਸਿੱਖਾਂ ਪ੍ਰਤੀ ਸੁਹਿਰਦ ਨਹੀਂ, ਐਵੇਂ ਗੱਲਬਾਤ ਰਾਹੀਂ ਡਰਾਮੇਬਾਜ਼ੀ ਕਰਦੀ ਹੈ। ਮਾਂ-ਬੋਲੀ ਪੰਜਾਬੀ ਤੇ ਪੰਜਾਬੀ ਸਭਿਆਚਾਰ 'ਚ ਆ ਰਹੇ ਨਿਘਾਰ ਤੋਂ ਵੀ ਪਰੇਸ਼ਾਨ ਸਨ ਟੌਹੜਾ ਸਾਹਿਬ। ਉਨ੍ਹਾਂ ਦੀ ਗ਼ੈਰ-ਹਾਜ਼ਰੀ 'ਚ ਪ੍ਰਬੰਧਕੀ ਊਣਤਾਈਆਂ ਕਰਕੇ ਦਫ਼ਤਰ ਵਲੋਂ ਪੰਥ ਪ੍ਰਸਿੱਧ ਕਥਾ-ਵਾਚਕ ਗਿਆਨੀ ਸੰਤ ਸਿੰਘ ਜੀ ਮਸਕੀਨ ਤੇ ਅਮਰੀਕਨ ਸਿੱਖਾਂ ਨਾਲ ਹੋਏ ਘਟੀਆ ਵਿਵਹਾਰ ਤੇ ਬਦਸਲੂਕੀ ਦੀ ਟੌਹੜਾ ਸਾਹਿਬ ਨੇ ਲਿਖਤੀ ਮੁਆਫ਼ੀ ਮੰਗੀ। ਉਨ੍ਹਾਂ ਦੇ ਮੁਆਫ਼ੀ ਨੁਮਾ ਪੱਤਰ ਨੂੰ ਪੜ੍ਹ ਕੇ ਗਿਆਨੀ ਸੰਤ ਸਿੰਘ ਜੀ ਮਸਕੀਨ ਵੀ ਅੱਖਾਂ ਭਰ ਆਏ।

ਜੀਵਨ ਸੰਗਰਾਮ ਦੌਰਾਨ ਟੌਹੜਾ ਸਾਹਿਬ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ, ਰੁਕਾਵਟਾਂ, ਦੁਸ਼ਵਾਰੀਆਂ, ਅਣਸੁਖਾਵੇਂ ਹਾਲਾਤ ਤੇ ਬਿਖੜੇ ਪੈਂਡਿਆਂ ਨੂੰ ਨੰਗੇ ਪੈਰੀਂ ਤਹਿ ਕਰਨਾ ਪਿਆ ਪਰ ਉਹ ਹਮੇਸ਼ਾ ਸਦ-ਜਾਗਤ ਗੁਰਸਿੱਖ ਵਜੋਂ, ਚੜ੍ਹਦੀ ਕਲ੍ਹਾ 'ਚ ਵਿਚਰਦੇ ਰਹੇ। ਟੌਹੜਾ ਸਾਹਿਬ ਪੰਥਕ ਬਾਗ਼ 'ਚ ਬਹਾਰ ਤੇ ਖੇੜਾ ਦੇਖਣਾ ਲੋਚਦੇ ਸਨ। ਉਨ੍ਹਾਂ ਦੇ ਵਿਰੋਧੀਆਂ ਵਲੋਂ ਉਨ੍ਹਾਂ 'ਤੇ ਜਾਨ ਲੇਵਾ ਹਮਲੇ ਵੀ ਕੀਤੇ ਗਏ, ਉਨ੍ਹਾਂ ਦੇ ਪਿਆਰੇ ਸਾਥੀ ਸ਼ਹੀਦ ਵੀ ਹੋਏ ਪਰ ਉਨ੍ਹਾਂ ਸਿਧਾਂਤ ਨਾਲ ਸਮਝੌਤਾ ਨਹੀਂ ਕੀਤਾ। **ਪੰਥਕ ਜਜ਼ਬਿਆਂ ਤੇ ਮਸਲਿਆਂ ਦੇ ਦਫ਼ਨ ਹੋਣ ਕਾਰਨ ਟੌਹੜਾ ਸਾਹਿਬ ਉਦਾਸ, ਉਦ੍ਰੇਵੇਂ ਤੇ ਉਕੇਵੇਂ 'ਚ ਸਨ। ਜ਼ਿੰਦਗੀ ਦੇ ਆਖ਼ਰੀ ਵਰ੍ਹੇ ਜਥੇਦਾਰ ਟੌਹੜਾ ਸਾਹਿਬ ਖ਼ੁਸ਼ਮਿਜ਼ਾਜ ਤੇ ਹਸਮੁਖ ਨਹੀਂ ਰਹੇ, ਉਹ ਉਦਾਸ, ਗ਼ਮਗੀਨ ਤੇ ਚਿੰਤਤ ਦਿਖਾਈ ਦਿੰਦੇ ਸਨ।** ਉਹ ਹਰੇਕ ਨੂੰ ਮਿਲਣਾ ਲੋਚਦੇ ਸਨ ਪਰ ਅਖੌਤੀ ਨੇੜਲੇ ਆਮ ਬੰਦੇ ਨੂੰ ਨੇੜੇ ਨਾ ਢੁਕਣ ਦੇਂਦੇ। ਜਥੇਦਾਰ ਹਰਬੰਸ ਸਿੰਘ ਮੰਝਪੁਰ ਦੀ ਪਰਬਲ ਇੱਛਾ ਸੀ ਕਿ ਉਨ੍ਹਾਂ ਦੀ ਜੀਵਨ-ਕਹਾਣੀ ਰੀਕਾਰਡ ਹੋ ਸਕੇ, ਉਨ੍ਹਾਂ ਮੈਨੂੰ ਵੀ ਇਸ ਕਾਰਜ ਲਈ ਪਰੇਰਿਆ ਪਰ ਅਸੀਂ ਕਾਮਯਾਬ ਨਾ ਹੋ ਸਕੇ ਤੇ ਸਾਥੋਂ ਸਦੀ ਦਾ ਸਿੱਖ ਇਤਿਹਾਸ ਜਾਂਦਾ ਰਿਹਾ, ਜਿਸ ਦਾ ਮੈਨੂੰ ਹਮੇਸ਼ਾ ਅਫ਼ਸੋਸ ਰਹੇਗਾ। 1999 ਈ. 'ਚ ਲੀਡਰਸ਼ਿਪ ਦੇ ਵਿਚਾਰਾਂ ਦੇ ਵਖਰੇਵੇਂ ਕਾਰਨ ਟੌਹੜਾ ਸਾਹਿਬ ਨੂੰ ਅਕਾਲੀ ਦਲ 'ਚੋਂ ਵੀ ਕੱਢ ਦਿੱਤਾ ਗਿਆ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਤਿਕਾਰਤ ਪਦਵੀ ਤੋਂ ਵੀ ਹਟਾ ਦਿੱਤਾ ਗਿਆ। ਉਨ੍ਹਾਂ ਹਾਲਾਤਾਂ ਦਾ ਸੰਤਾਪ ਦੋਹਾਂ ਧਿਰਾਂ ਨੂੰ ਭੁਗਤਣਾ ਪਿਆ ਤੇ ਲਾਹਾ ਕਾਂਗਰਸ ਲੈ ਗਈ। ਟੌਹੜਾ ਸਾਹਿਬ ਦੀ ਇੱਛਾ ਸੀ ਕਿ 'ਪੰਥ ਤੰਤਰ' ਸਥਾਪਤ ਹੋ ਸਕੇ ਕਿਉਂਕਿ ਉਹ ਜਾਣਦੇ ਸਨ ਕਿ 'ਗੁਰੂ-ਪੰਥ' ਨੇ ਹੀ 'ਗੁਰੂ ਜੋਤਿ' ਦੇ ਅਧੀਨ ਅਗਵਾਈ ਕਰਨੀ ਹੈ। ਪਰ ਉਨ੍ਹਾਂ ਨੂੰ ਦਰਦ ਸੀ ਕਿ ਪੰਥਕ ਚਾਓ—ਪੰਥਕ ਅਖਵਾਉਣ ਵਾਲਿਆਂ 'ਚੋਂ ਘੱਟ ਰਿਹਾ ਹੈ।

ਆਖ਼ਰੀ ਵੇਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣ, ਉਹ ਕਦੇ ਪ੍ਰਸੰਨਚਿਤ ਨਜ਼ਰ ਨਹੀਂ ਆਏ ਸਗੋਂ ਉਨ੍ਹਾਂ ਨੂੰ ਨੇੜਿਉਂ ਤੱਕਿਆਂ ਇਹ ਮਹਿਸੂਸ ਹੁੰਦਾ ਸੀ ਕਿ ਉਨ੍ਹਾਂ ਦੇ ਸਵੈ-ਮਾਣ ਨੂੰ ਭਾਰੀ ਠੇਸ ਪਹੁੰਚੀ ਹੈ, ਜਿਸਦੀ ਪੀੜ ਉਨ੍ਹਾਂ ਦੇ ਉਤਰੇ ਹੋਏ ਚਿਹਰੇ ਤੋਂ ਦਿਖਾਈ ਦਿੰਦੀ। ਉਨ੍ਹਾਂ ਨੂੰ ਅਹਿਸਾਸੇ ਕੰਮਤਰੀ ਨੇ ਘੇਰਿਆ ਹੋਇਆ ਸੀ ਜੋ ਉਹ

ਕਰਨਾ ਲੋਚਦੇ ਤੇ ਸੋਚਦੇ ਸਨ, ਉਹ ਕਰ ਨਾ ਸਕੇ। ਟੌਹੜਾ ਸਾਹਿਬ ਉਦਾਸ ਸਨ ਕਿ ਉਨ੍ਹਾਂ ਨੂੰ ਖ਼ਾਲਸੇ ਦੀ ਤੀਸਰੀ ਇਤਿਹਾਸਕ ਸ਼ਤਾਬਦੀ ਸਮੇਂ ਪੰਥ ਦੀ ਅਗਵਾਈ ਕਰਨ ਤੋਂ ਦੂਰ ਕਰ ਦਿੱਤਾ। ਸ਼ਾਇਦ ਕੁਦਰਤ ਦੇ ਕਰਤੇ ਨੂੰ ਇਹੀ ਮਨਜ਼ੂਰ ਸੀ! 2004 ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਤਾਬਦੀ ਮੌਕੇ ਉਨ੍ਹਾਂ ਦਾ ਸੰਦੇਸ਼ ਈ.ਟੀ.ਸੀ. ਚੈਨਲ ਨੂੰ ਰੀਕਾਰਡ ਕਰਾਉਣ ਦਾ ਸੁਭਾਗ ਦਾਸ ਨੂੰ ਪ੍ਰਾਪਤ ਹੋਇਆ ਤੇ ਇਹੀ ਸੰਦੇਸ਼ ਆਖ਼ਰੀ ਹੋ ਨਿਬੜਿਆ। ਇਹ ਵੀ ਅਜੀਬ ਇਤਫ਼ਾਕ ਹੀ ਸੀ ਕਿ ਪਹਿਲੀ ਵੇਰ ਪ੍ਰਧਾਨ ਬਣਨ 'ਤੇ ਸਚਖੰਡਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਆਰੰਭ ਹੋਈ ਅਤੇ ਜੀਵਨ-ਕਾਰਜ-ਕਾਲ ਦੀ ਸੰਪੂਰਨਤਾ ਵੀ ਸਚਖੰਡਿ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਕਾਰ-ਸੇਵਾ ਅਰੰਭ ਕਰਨ ਨਾਲ ਹੋਈ। 25 ਮਾਰਚ ਨੂੰ ਅੰਮ੍ਰਿਤ ਸਰੋਵਰ, ਸ੍ਰੀ ਅੰਮ੍ਰਿਤਸਰ ਦੀ ਕਾਰ-ਸੇਵਾ ਆਰੰਭ ਕਰਦੇ, ਕਰਤੇ ਨਾਲ ਅਭੇਦ ਹੋਣ ਲਈ ਤਿਆਰ ਹੋ ਗਏ। 31 ਮਾਰਚ, 2004 ਦੀ ਅੱਧੀ ਰਾਤ ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਇਸ ਨਾਸ਼ਮਾਨ ਤੇ ਚਲਾਏਮਾਨ ਸੰਸਾਰ ਨੂੰ ਆਖ਼ਰੀ ਫ਼ਤਹਿ ਬੁਲਾ, ਗੁਰੂ-ਚਰਨਾਂ 'ਚ ਜਾ ਬਿਰਾਜੇ। ਜੀਉਂਦੇ-ਜੀਅ ਤੇ ਅਕਾਲ ਚਲਾਣੇ ਉਪਰੰਤ ਜੋ ਮਾਣ-ਸਤਿਕਾਰ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਨੂੰ ਮਿਲਿਆ, ਉਸ ਨੇ ਨਵੇਂ ਕੀਰਤੀਮਾਨ ਸਥਾਪਤ ਕੀਤੇ। ਸਿੱਖ ਨੇਤਾਵਾਂ ਤੋਂ ਇਲਾਵਾ ਦੇਸ਼ ਦੀ ਹਰ ਪਾਰਟੀ, ਧਾਰਮਿਕ, ਸਮਾਜਿਕ ਨੇਤਾਵਾਂ ਨੇ ਉਨ੍ਹਾਂ ਨੂੰ ਸ਼ਰਧਾ-ਸਤਿਕਾਰ ਭੇਂਟ ਕੀਤਾ। ਟੌਹੜਾ ਸਾਹਿਬ ਦੇ ਗੁਰਪੁਰੀ ਪਿਆਨਾ ਕਰ ਜਾਣ 'ਤੇ ਜਿਥੇ ਸਕੇ-ਸੰਬੰਧੀ, ਰਿਸ਼ਤੇਦਾਰ, ਸੱਜਣ-ਮਿੱਤਰ, ਸਨੇਹੀ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਤੇ ਅਧਿਕਾਰੀ ਰੋਏ, ਉਥੇ ਦੁਸ਼ਮਣ ਵੀ ਗ਼ਮਗੀਨ ਚੇਹਰਿਆਂ ਤੇ ਨਮ ਅੱਖਾਂ ਨਾਲ ਅੰਤਿਮ ਯਾਤਰਾ 'ਚ ਸ਼ਾਮਿਲ ਹੋਏ। ਸਰੀਰਕ ਤੌਰ 'ਤੇ ਉਹ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ ਪਰ ਸਿੱਖ ਸੋਚ ਅਨੁਸਾਰ ਜਿਵੇਂ ਉਨ੍ਹਾਂ ਜੀਵਨ ਗੁਜ਼ਾਰਿਆ, ਉਹ ਸਾਡੇ ਵਰਗੇ ਬਹੁਤ ਸਾਰੇ ਗੁਰੂ ਨਾਨਕ ਨਾਮ-ਲੇਵਾ ਗੁਰਸਿੱਖਾਂ ਵਾਸਤੇ ਪ੍ਰੇਰਨਾ-ਸਰੋਤ ਰਹੇਗਾ!

•

21

ਸ. ਬਲਦੇਵ ਸਿੰਘ 'ਸਿਬੀਆ'

ਸ਼ਾਂਤ-ਸਹਿਜ ਸੁਭਾ ਦੇ ਮਾਲਕ, ਈਮਾਨਦਾਰ, ਵਿੱਦਿਆ ਪ੍ਰੇਮੀ, ਕੁਝ ਕਰ ਗੁਜ਼ਰਨ ਦੀ ਭਾਵਨਾ ਰੱਖਣ ਵਾਲੇ, ਸਿੱਖ-ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਪਦਵੀ 'ਤੇ ਸੁਸ਼ੋਭਿਤ ਰਹਿ ਚੁੱਕੇ ਸ. ਬਲਦੇਵ ਸਿੰਘ ਜੀ 'ਸਿਬੀਆ' ਦਾ ਜਨਮ ਪਹਿਲੀ ਜਨਵਰੀ, 1937 ਨੂੰ ਸ. ਜਗੀਰ ਸਿੰਘ ਜੀ ਤੇ ਮਾਤਾ ਪੰਜਾਬ ਕੌਰ ਜੀ ਦੇ ਘਰ ਨੰਦਗੜ੍ਹ ਤਹਿਸੀਲ ਤੇ ਜ਼ਿਲ੍ਹਾ ਮੁਕਤਸਰ 'ਚ ਹੋਇਆ। ਇਨ੍ਹਾਂ ਅੱਖਰ-ਗਿਆਨ ਤੇ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ, ਖ਼ਾਲਸਾ ਹਾਈ ਸਕੂਲ, ਮੁਕਤਸਰ ਤੋਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਗਰੈਜੂਏਸ਼ਨ ਮਹਿੰਦਰਾ ਕਾਲਜ, ਪਟਿਆਲਾ ਤੋਂ ਕਰ ਕੇ ਸ. ਸਿਬੀਆ ਨੇ ਐਲ.ਐਲ.ਬੀ. ਦੀ ਡਿਗਰੀ ਪ੍ਰਾਪਤ ਕੀਤੀ। ਇਨ੍ਹਾਂ ਦਾ ਅਨੰਦ ਕਾਰਜ 11 ਨਵੰਬਰ, 1963 ਨੂੰ ਸਰਦਾਰਨੀ ਹਰਜੀਤ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਬੱਚਿਆਂ ਤੇ ਦੋ ਬੱਚੀਆਂ ਨੇ ਜਨਮ ਲਿਆ, ਜਿਨ੍ਹਾਂ ਨੂੰ ਇਨ੍ਹਾਂ ਨੇ ਖ਼ੂਬ ਪੜ੍ਹਾਇਆ-ਲਿਖਾਇਆ ਤੇ ਕਾਰੋਬਾਰੀ ਬਣਾਇਆ। ਲੋਕ-ਹਿੱਤਾਂ 'ਚ ਇਨ੍ਹਾਂ ਨੇ ਵਕਾਲਤ ਦਾ ਕਾਰਜ ਮੁਕਤਸਰ ਵਿਖੇ ਅਰੰਭ ਕੀਤਾ ਜੋ ਨਿਰੰਤਰ ਜਾਰੀ ਹੈ। ਅੱਜ-ਕੱਲ੍ਹ ਇਹ ਆਪਣੇ ਪਰਿਵਾਰ ਸਮੇਤ ਕੋਟਕਪੂਰਾ ਰੋਡ, ਮੁਕਤਸਰ ਵਿਖੇ ਨਿਵਾਸ ਰੱਖ ਰਹੇ ਹਨ।

ਸਿੱਖਾਂ ਦੀ ਸਿਰਮੌਰ ਸੰਸਥਾ, ਸ਼੍ਰੋਮਣੀ ਕਮੇਟੀ ਦੀਆਂ 1979 'ਚ ਹੋਈਆਂ ਜਨਰਲ ਚੋਣਾਂ ਸਮੇਂ ਸ. ਬਲਦੇਵ ਸਿੰਘ ਜੀ 'ਸਿਬੀਆ' ਹਲਕਾ ਮੁਕਤਸਰ ਤੋਂ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ। ਇਨ੍ਹਾਂ ਦੇ ਸ਼ਖ਼ਸੀ ਗੁਣਾਂ, ਵਿੱਦਿਆ ਪ੍ਰੇਮੀ ਸੁਭਾ ਤੇ ਵਕਾਲਤ ਦੇ ਕਾਰਜਾਂ, ਸਿੱਖੀ ਪ੍ਰਤੀ ਸਮਰਪਿਤ ਭਾਵਨਾ ਨੂੰ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਪਾਰਖੂ ਅੱਖ ਨੇ ਪਹਿਚਾਣ ਲਿਆ ਤੇ ਇਨ੍ਹਾਂ ਨੂੰ 1979 ਈ. 'ਚ ਹੋਈ ਸਾਲਾਨਾ ਚੋਣ ਸਮੇਂ ਜਨਰਲ ਸਕੱਤਰ ਹੋਣ ਦਾ ਮਾਣ ਦਿੱਤਾ। 1981 ਈ. 'ਚ ਆਪ ਜੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। 1982 ਈ. 'ਚ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਨੂੰ ਜੇਲ੍ਹ ਯਾਤਰਾ ਕਰਨੀ ਪਈ ਤਾਂ ਆਪ ਕਾਰਜਕਾਰੀ ਪ੍ਰਧਾਨ, ਸ਼੍ਰੋਮਣੀ ਕਮੇਟੀ ਵਜੋਂ ਕਾਰਜਸ਼ੀਲ ਰਹੇ। 1982 ਈ. 'ਚ ਪੰਜਾਬ ਦੇ ਹਾਲਾਤ ਖ਼ੁਸ਼ਗਵਾਰ ਨਹੀਂ ਸਨ। ਏਸ਼ੀਅਨ ਖੇਡਾਂ ਸਮੇਂ ਬਹੁਤ ਸਾਰੇ ਸਿੱਖਾਂ 'ਤੇ ਕੇਂਦਰ ਤੇ ਹਰਿਆਣਾ ਸਰਕਾਰ ਨੇ ਵਧੀਕੀਆਂ ਕੀਤੀਆਂ। ਆਪ ਜੀ ਨੇ ਵੀ ਦਿੱਲੀ 'ਚ ਗ੍ਰਿਫ਼ਤਾਰੀ ਦਿੱਤੀ। ਇਨ੍ਹਾਂ



ਸ.ਬਲਦੇਵ ਸਿੰਘ 'ਸਿਬੀਆ'

ਨੂੰ ਕੁਝ ਸਮਾਂ ਬੰਦੀ ਰੱਖਿਆ ਗਿਆ ਤੇ ਫਿਰ ਰਿਹਾਅ ਹੋ ਕੇ ਆਪ ਅੰਮ੍ਰਿਤਸਰ ਆਏ। ਇਨ੍ਹਾਂ ਨੇ ਸ਼ਸਤਰ ਵਿੱਦਿਆ ਲਈ ਹਰ ਇਕ ਗੁਰਦੁਆਰੇ ਵਿਚ ਬਜਟ ਨਿਯਤ ਕੀਤਾ ਅਤੇ ਗਤਕਾ ਸਿੱਖਲਾਈ ਸ਼ੁਰੂ ਕਰਵਾਈ। ਇਨ੍ਹਾਂ ਆਤਮਿਕ ਸ਼ਾਂਤੀ, ਸ਼ੁੱਧਤਾ ਤੇ ਸੇਵਾ ਭਾਵਨਾ ਕਰਕੇ ਸਮੁੱਚੀ ਅੰਤ੍ਰਿੰਗ ਕਮੇਟੀ ਸਮੇਤ ਰੋਜ਼ਾਨਾ ਗੁਰੂ ਰਾਮਦਾਸ ਸਾਹਿਬ ਦੇ ਲੰਗਰ 'ਚ ਬਰਤਨ ਸਾਫ਼ ਕਰਨ ਦੀ ਸੇਵਾ ਸ਼ੁਰੂ ਕੀਤੀ। ਕਾਫ਼ੀ ਸਮਾਂ ਇਹ ਸੇਵਾ ਜਾਰੀ ਰੱਖੀ ਪਰ ਕਿਧਰੇ ਵੀ ਇਸ ਸੇਵਾ ਸੰਬੰਧੀ ਖ਼ਬਰ ਜਾਂ ਤਸਵੀਰ ਪ੍ਰਕਾਸ਼ਿਤ ਨਹੀਂ ਹੋਣ ਦਿੱਤੀ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਜਿਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਤਾਂ ਉਨ੍ਹਾਂ ਇਨ੍ਹਾਂ ਨੂੰ ਵਰਕਿੰਗ ਕਮੇਟੀ ਦਾ ਮੈਂਬਰ ਲਿਆ। 1989 ਈ. 'ਚ ਪ੍ਰਧਾਨ, ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਵਾਸਤੇ ਇਕ ਵਿਸ਼ੇਸ਼ ਅਧਿਕਾਰਾਂ ਵਾਲੀ ਕਮੇਟੀ ਗਠਨ ਕੀਤੀ ਗਈ, ਜਿਸ ਦੇ ਆਪ ਮੁਖੀ ਸਨ। ਦੋ ਸਾਲ ਤੀਕ ਇਸ ਕਮੇਟੀ ਨੇ ਕਾਫ਼ੀ ਸਲਾਹੁਣਯੋਗ ਕਾਰਜ ਕੀਤੇ।

28 ਨਵੰਬਰ, 1990 ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਸਮੇਂ, ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਨੇ ਸ. ਬਲਦੇਵ ਸਿੰਘ 'ਸਿਬੀਆ' ਦਾ ਨਾਂ ਪ੍ਰਧਾਨ, ਸ਼੍ਰੋਮਣੀ ਕਮੇਟੀ ਵਜੋਂ ਪੇਸ਼ ਕੀਤਾ ਜੋ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਸ. ਬਲਦੇਵ ਸਿੰਘ 'ਸਿਬੀਆ' ਨੇ ਪ੍ਰਧਾਨ, ਸ਼੍ਰੋਮਣੀ ਕਮੇਟੀ ਦਾ ਅਹੁਦਾ ਬੜੀ ਨਿਮਰਤਾ ਤੇ ਅਧੀਨਗੀ ਨਾਲ ਪ੍ਰਵਾਨ ਕਰਦਿਆਂ, ਟੌਹੜਾ ਸਾਹਿਬ ਤੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ। ਪਹਿਲੀ ਜਨਵਰੀ, 1991 ਨੂੰ ਪਹਿਲੀ ਅੰਤ੍ਰਿੰਗ ਕਮੇਟੀ ਦੀ ਪ੍ਰਧਾਨਗੀ ਕਰਦਿਆਂ ਆਪ ਜੀ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀਆਂ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਅਤੇ ਸੰਗਰੂਰ ਵਿਖੇ ਨਵਾਂ ਧਰਮ ਪ੍ਰਚਾਰ ਸੈਂਟਰ ਸਥਾਪਤ ਕਰਨ ਦਾ ਫ਼ੈਸਲਾ ਕੀਤਾ। 24 ਫ਼ਰਵਰੀ, 1991 ਨੂੰ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਾਸਤੇ ਪ੍ਰਚਾਰਕ ਤਿਆਰ ਕਰਨ ਲਈ, ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ ਦੀ ਸ਼ੁਭ ਅਰੰਭਤਾ ਪ੍ਰਧਾਨ ਸਾਹਿਬ ਵਲੋਂ ਕੀਤੀ ਗਈ। ਇਸ ਸਮੇਂ ਹੀ ਖ਼ਾਲਸਾ ਕਾਲਜ, ਪਟਿਆਲਾ ਨੂੰ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਵਿਚ ਲਿਆ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੀਆਂ ਸੇਵਾਵਾਂ 'ਚ ਸਲਾਹੁਣਯੋਗ ਸੁਧਾਰ ਕੀਤੇ, ਨਵੇਂ ਗਰੇਡ ਨਿਸਚਤ ਕੀਤੇ। ਅੰਮ੍ਰਿਤਸਰ ਵਿਖੇ ਗੋਲਡਨ ਆਫ਼ਸੈਟ ਪ੍ਰੈਸ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਗਾਈ ਗਈ। ਇਹ ਸ਼੍ਰੋਮਣੀ ਕਮੇਟੀ ਦਾ ਪਹਿਲਾ ਆਫ਼ਸੈੱਟ ਛਾਪਾਖ਼ਾਨਾ ਸੀ ਜਿਥੇ ਹਰ ਪ੍ਰਕਾਰ ਦਾ ਧਾਰਮਿਕ ਸਾਹਿਤ ਛਾਪਿਆ ਜਾਣ ਲੱਗਾ।

27 ਮਾਰਚ, 1991 ਨੂੰ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਇਜਲਾਸ ਸ. ਬਲਦੇਵ ਸਿੰਘ 'ਸਿਬੀਆ' ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ ਸਾਲਾਨਾ ਬਜਟ ਪਾਸ ਕਰਨ ਤੋਂ ਇਲਾਵਾ ਮਹੱਤਵਪੂਰਨ ਫ਼ੈਸਲੇ ਲਏ ਗਏ। ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਪੁਨਰ ਗਠਨ ਕਰਨ, ਫਤਿਹਗੜ੍ਹ ਸਾਹਿਬ ਵਿਖੇ ਇੰਜੀਨੀਅਰਿੰਗ ਕਾਲਜ ਲਈ ਵਿਸ਼ੇਸ਼ ਫ਼ੰਡ ਕਾਇਮ ਕਰਨ, ਝੂਠੇ ਪੁਲਿਸ ਮੁਕਾਬਲਿਆਂ ਵਿਰੁੱਧ ਮਤਾ, ਗੋਇੰਦਵਾਲ ਸਾਹਿਬ ਪੇਪਰ ਮਿਲ ਲਾਉਣ, ਘਿਓ ਅਤੇ ਸੁੱਕੇ ਦੁੱਧ, ਸਿਰੋਪਾਉ ਦੀ ਲੋੜ ਨੂੰ ਪੂਰਿਆਂ

ਕਰਨ ਲਈ ਆਪਣਾ ਕਾਰਖ਼ਾਨਾ ਲਾਉਣ ਦਾ ਫ਼ੈਸਲਾ ਲਿਆ ਗਿਆ ਪਰ ਬਹੁਤ ਸਾਰੀਆਂ ਯੋਜਨਾਵਾਂ ਸਮੇਂ ਦੀ ਗਰਦਿਸ਼ ਹੇਠ ਦਫ਼ਨ ਹੋ ਗਈਆਂ।

ਇਨ੍ਹਾਂ ਦੇ ਪ੍ਰਧਾਨਗੀ ਕਾਰਜ-ਕਾਲ ਸਮੇਂ ਹੀ ਕੇਂਦਰ ਸਰਕਾਰ ਤੋਂ ਮੈਡੀਕਲ ਤੇ ਇੰਜੀਨੀਅਰਿੰਗ ਕਾਲਜ ਖੋਲ੍ਹਣ ਲਈ ਇਜਾਜ਼ਤ ਮੰਗੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਬੈਂਕ ਖੋਲ੍ਹਣ ਸੰਬੰਧੀ ਵੀ ਗੰਭੀਰ ਵਿਚਾਰ-ਚਰਚਾ ਹੋਈ। ਪੰਜਾਬ 'ਚ ਵਿਧਾਨ ਸਭਾ ਚੋਣਾਂ ਕਰਾਉਣ ਲਈ ਮਤਾ ਪਾਸ ਕੀਤਾ ਗਿਆ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ, ਜਥੇਦਾਰ ਲੱਖਾ ਸਿੰਘ ਦੇ ਅਕਾਲ ਚਲਾਣੇ 'ਤੇ ਸ਼ੋਕ-ਮਤਾ ਕੀਤਾ ਗਿਆ। 6 ਅਗਸਤ, 1991 ਨੂੰ ਆਪ ਜੀ ਦੀ ਪ੍ਰਧਾਨਗੀ 'ਚ ਧਰਮ ਪ੍ਰਚਾਰ ਕਮੇਟੀ ਦੀ ਹੋਈ ਮੀਟਿੰਗ ਸਮੇਂ ਸ. ਬੀਰਸੁਖਪਾਲ ਸਿੰਘ ਮੈਂਬਰ, ਧਰਮ ਪ੍ਰਚਾਰ ਕਮੇਟੀ ਅਤੇ ਸ. ਸਤਨਾਮ ਸਿੰਘ ਜਲੰਧਰ ਮੈਂਬਰ, ਸ਼੍ਰੋਮਣੀ ਕਮੇਟੀ ਦੇ ਪੰਥ-ਦੋਖੀਆਂ ਵੱਲੋਂ ਕੀਤੇ ਨਿਰਦਈ ਕਤਲਾਂ ਦੀ ਨਿੰਦਾ ਕੀਤੀ ਗਈ।

1984 ਈ. 'ਚ ਵਾਪਰੇ ਘੱਲੂਘਾਰੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਸਰਕਾਰ ਵਲੋਂ ਤਹਿਸ-ਨਹਿਸ ਕਰ ਦਿੱਤੀ ਗਈ ਸੀ ਅਤੇ ਇਸ ਦੀ ਕਾਰ-ਸੇਵਾ 1987 ਈ. 'ਚ ਵਾਪਰੇ ਘਟਨਾ-ਕ੍ਰਮ ਤੋਂ ਰੁਕੀ ਪਈ ਸੀ, ਜਿਸ ਨੂੰ ਸ. ਬਲਦੇਵ ਸਿੰਘ ਜੀ 'ਸਿਬੀਆ' ਪ੍ਰਧਾਨ, ਸ਼੍ਰੋਮਣੀ ਕਮੇਟੀ ਨੇ ਦਮਦਮੀ ਟਕਸਾਲ ਤੋਂ ਸ਼ੁਰੂ ਕਰਵਾਇਆ। ਪੁਲਿਸ ਤਸ਼ੱਦਦ ਤੇ ਸਰਕਾਰੀ ਜਬਰ ਦਾ ਸੁਚਾਰੂ ਢੰਗ ਨਾਲ ਮੁਕਾਬਲਾ ਕਰਨ ਲਈ ਇਨ੍ਹਾਂ ਨੇ 'ਜਬਰ ਵਿਰੋਧੀ ਐਕਸ਼ਨ ਕਮੇਟੀ' ਬਣਾਈ, ਜਿਸ ਵਿਚ ਵੱਖ-ਵੱਖ ਅਕਾਲੀ ਦਲਾਂ ਤੇ ਜਥੇਬੰਦੀਆਂ ਦੇ ਪ੍ਰਤਿਨਿਧ ਸ਼ਾਮਿਲ ਕੀਤੇ ਗਏ। ਸ. ਸਿਬੀਆ ਦੇ ਇਸ ਕਾਰਜ ਦੀ ਸ. ਬਰਜਿੰਦਰ ਸਿੰਘ 'ਹਮਦਰਦ' ਮੁੱਖ ਸੰਪਾਦਕ *ਅਜੀਤ* ਨੇ 'ਸਾਂਝਾ ਸੰਘਰਸ਼' ਸੰਪਾਦਕੀ ਲੇਖ, ਲਿਖ ਕੇ ਵਿਸ਼ੇਸ਼ ਪ੍ਰਸੰਸਾ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਬਹੁਤੇ ਗੁਰਦੁਆਰਿਆਂ ਦੀਆਂ ਇਮਾਰਤਾਂ ਦਾ ਨਵ-ਨਿਰਮਾਣ ਕਾਰ-ਸੇਵਾ ਵਾਲੇ ਬਾਬੇ ਕਰਦੇ ਹਨ ਪਰ ਕਾਰ-ਸੇਵਾ ਵਾਲੇ ਬਾਬੇ ਵੀ ਹਰ ਗੁਰਦੁਆਰੇ 'ਚ ਆਪਣਾ ਡੇਰਾ ਸਥਾਈ ਤੌਰ 'ਤੇ ਸਥਾਪਤ ਕਰ ਲੈਂਦੇ ਹਨ। ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਸਿਬੀਆ ਸਾਹਿਬ ਨੇ ਸ਼੍ਰੋਮਣੀ ਕਮੇਟੀ ਦੇ ਆਪਣੇ ਨਿਰਮਾਣ ਵਿਭਾਗ ਨੂੰ ਚੁਸਤ-ਦਰੁਸਤ ਕਰਨ ਦਾ ਯਤਨ ਕੀਤਾ ਅਤੇ ਇਕ ਇੰਜੀਨੀਅਰਿੰਗ ਵਿੰਗ ਕਾਇਮ ਕੀਤਾ ਤਾਂ ਜੋ ਹਰ ਗੁਰਦੁਆਰਾ ਸਾਹਿਬ ਤੇ ਸੰਬੰਧਿਤ ਇਮਾਰਤਾਂ ਦੀ ਮਾਸਟਰ ਪਲਾਨ ਤਿਆਰ ਕਰਨ ਉਪਰੰਤ ਹੀ ਉਸਾਰੀ ਕੀਤੀ ਜਾਵੇ। ਇਨ੍ਹਾਂ ਨੇ ਮੁਕਤਸਰ ਵਿਖੇ ਬਠਿੰਡਾ ਰੋਡ ਉਪਰ ਅਕਾਲੀ ਮਾਰਕੀਟ ਅਤੇ ਅਬੋਹਰ ਰੋਡ ਵਿਖੇ ਮਾਈ ਭਾਗੋ ਦੇ ਨਾਮ ਪੁਰ ਕਲੋਨੀ ਬਣਵਾਈ। ਇਨ੍ਹਾਂ ਦੇ ਇਕ ਸਾਲ ਦੇ ਪ੍ਰਧਾਨਗੀ ਕਾਰਜ-ਕਾਲ ਸਮੇਂ ਨਵੀਆਂ ਯੋਜਨਾਵਾਂ ਤਾਂ ਬਹੁਤ ਉਲੀਕੀਆਂ ਗਈਆਂ ਜੋ ਸਮੇਂ ਦੀ ਸਿਆਸਤ ਦੇ ਭੇਂਟ ਚੜ੍ਹ ਗਈਆਂ।

13 ਨਵੰਬਰ, 1991 ਨੂੰ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਜਨਰਲ ਸਮਾਗਮ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ 'ਚ ਸ਼ੁਰੂ ਹੋਇਆ ਜਿਸ ਵਿਚ ਪ੍ਰਧਾਨ ਸਾਹਿਬ,

ਅਹੁਦੇਦਾਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਗਈ। ਜਥੇਦਾਰ ਜਗਦੇਵ ਸਿੰਘ 'ਤਲਵੰਡੀ' ਨੇ ਪ੍ਰਧਾਨਗੀ ਪਦ ਵਾਸਤੇ ਜਥੇਦਾਰ ਗੁਰਚਰਨ ਸਿੰਘ 'ਟੌਹੜਾ' ਦਾ ਨਾਂ ਪੇਸ਼ ਕੀਤਾ, ਜਿਸ 'ਤੇ ਟੌਹੜਾ ਸਾਹਿਬ ਪ੍ਰਧਾਨ ਚੁਣੇ ਗਏ। ਇਸ ਤਰ੍ਹਾਂ ਇਨ੍ਹਾਂ ਦਾ ਪ੍ਰਧਾਨਗੀ ਕਾਰਜ-ਕਾਲ ਦਾ ਸਮਾਂ ਸੰਪੂਰਨ ਹੋ ਗਿਆ। ਪ੍ਰਧਾਨਗੀ ਦਾ ਅਹੁਦਾ ਛੱਡਣ ਉਪਰੰਤ ਆਪ ਜੀ ਨੇ ਸਿਆਸੀ ਸਰਗਰਮੀਆਂ ਤੋਂ ਲਗਭਗ ਕਿਨਾਰਾ ਕਰ ਲਿਆ। ਪ੍ਰੋ. ਮਨਜੀਤ ਸਿੰਘ ਜੀ ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਯਤਨਾਂ ਸਦਕਾ 1995 ਈ. 'ਚ ਵਿਸ਼ਵ ਸਿੱਖ ਸੰਮੇਲਨ ਸਮੇਂ 'ਵਿਸ਼ਵ ਸਿੱਖ ਕੌਂਸਲ' ਹੋਂਦ ਵਿਚ ਆਈ, ਜਿਸ ਦੇ ਸ. ਬਲਦੇਵ ਸਿੰਘ ਜੀ 'ਸਿਬੀਆ' ਵਾਈਸ ਚੇਅਰਮੈਨ ਬਣੇ। ਜਸਟਿਸ ਸ. ਕੁਲਦੀਪ ਸਿੰਘ ਜੀ ਵੱਲੋਂ ਚੇਅਰਮੈਨਸ਼ਿਪ ਤੋਂ ਅਸਤੀਫ਼ਾ ਦੇਣ 'ਤੇ ਆਪ ਵਿਸ਼ਵ ਸਿੱਖ ਕੌਂਸਲ ਦੇ ਚੇਅਰਮੈਨ ਬਣ ਗਏ ਪਰ ਹੁਣ ਵਿਸ਼ਵ ਸਿੱਖ ਕੌਂਸਲ ਦੀ ਹੋਂਦ ਨਾਂ-ਮਾਤਰ ਹੀ ਹੈ। 1997 ਈ. 'ਚ ਉਨ੍ਹਾਂ ਨੂੰ ਸ. ਮਨਪ੍ਰੀਤ ਸਿੰਘ ਬਾਦਲ ਵਿਰੁੱਧ ਗਿੱਦੜਬਾਹਾ ਹਲਕੇ ਤੋਂ ਚੋਣ ਲੜਾਈ ਗਈ, ਜਿਸ ਵਿਚ ਜਿੱਤ ਸ. ਮਨਪ੍ਰੀਤ ਸਿੰਘ ਬਾਦਲ ਦੀ ਹੋਈ। ਅੱਜ-ਕੱਲ੍ਹ ਆਪ ਜੀ ਮੁਕਤਸਰ ਵਿਖੇ ਵਕਾਲਤ ਦੇ ਕਾਰਜਾਂ 'ਚ ਮਸਰੂਫ਼ ਹਨ।

•



ਸ. ਕਾਬਲ ਸਿੰਘ ਜੀ

22

ਸ. ਕਾਬਲ ਸਿੰਘ ਜੀ

ਪੰਜਾਬੀ, ਅੰਗਰੇਜ਼ੀ, ਫ਼ਾਰਸੀ ਅਤੇ ਉਰਦੂ ਭਾਸ਼ਾਵਾਂ ਦੇ ਗਿਆਤਾ, ਸਫਲ ਅਧਿਆਪਕ, ਕਿਸਾਨ, ਧਾਰਮਿਕ-ਸਮਾਜਿਕ ਨੇਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੀ ਹਸਮੁੱਖ ਸ਼ਖ਼ਸੀਅਤ ਸ. ਕਾਬਲ ਸਿੰਘ ਜੀ ਦਾ ਜਨਮ 24 ਦਸੰਬਰ, 1928 ਨੂੰ ਸ. ਕਿਸ਼ਨ ਸਿੰਘ ਤੇ ਮਾਤਾ ਅਮਰ ਕੌਰ ਦੇ ਘਰ ਚੱਕ ਨੰ: 275 ਝੰਗ ਬਰਾਂਚ, ਲਾਇਲਪੁਰ (ਪਾਕਿਸਤਾਨ) 'ਚ ਹੋਇਆ। ਅਰੰਭਿਕ ਵਿੱਦਿਆ ਆਪ ਜੀ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕਰ, ਦਸਵੀਂ ਦਾ ਇਮਤਿਹਾਨ ਬਾਰ ਖ਼ਾਲਸਾ ਹਾਈ ਸਕੂਲ, ਚੱਕ ਨੰ: 41, ਤਹਿਸੀਲ ਤੇ ਜ਼ਿਲ੍ਹਾ ਲਾਇਲਪੁਰ ਤੋਂ 1943 ਈ. ਵਿਚ ਪਾਸ ਕੀਤਾ। ਇਨ੍ਹਾਂ ਨੇ ਐਫ.ਐਸ.ਈ. 1946 ਈ. ਵਿਚ ਖ਼ਾਲਸਾ ਕਾਲਜ, ਲਾਇਲਪੁਰ ਤੋਂ ਕੀਤੀ ਤੇ ਬੀ.ਏ. ਦੀ ਡਿਗਰੀ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਲਪੁਰ, ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੀ। ਦੇਸ਼-ਵੰਡ ਉਪਰੰਤ ਸਤੰਬਰ, 1947 ਈ. 'ਚ ਆਪ ਜੀ ਪਰਿਵਾਰ ਸਮੇਤ ਪਿੰਡ ਬਹਿਬਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵੱਸ ਗਏ। 1959 ਈ. ਤੋਂ ਆਪ ਜੀ ਪਿੰਡ ਥੀਡਾ ਨੇੜੇ ਮਾਹਲਪੁਰ (ਹੁਸ਼ਿਆਰਪੁਰ) 'ਚ ਪਰਿਵਾਰ ਸਮੇਤ ਰਹਿ ਰਹੇ ਹਨ। ਇਨ੍ਹਾਂ ਦਾ ਅਨੰਦ ਕਾਰਜ 1953 ਈ. ਵਿਚ ਬੀਬੀ ਗੁਰਮੀਤ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਤਿੰਨ ਲੜਕੇ ਤੇ ਇਕ ਲੜਕੀ ਪੈਦਾ ਹੋਈ। ਲੜਕੀ ਕੈਨੇਡਾ ਵਿਚ ਅਤੇ ਤਿੰਨੇ ਲੜਕੇ ਅਮਰੀਕਾ ਵਿਚ ਪਰਿਵਾਰਾਂ ਸਮੇਤ ਆਪੋ-ਆਪਣੇ ਕਾਰੋਬਾਰ ਕਰਦੇ ਹਨ। ਇਨ੍ਹਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਆਪ ਜੀ ਨੇ ਕੁਝ ਸਮਾਂ ਖ਼ਾਲਸਾ ਹਾਈ ਸਕੂਲ ਸ਼ਾਮ ਚੌਰਾਸੀ ਅਤੇ ਨਡਾਲਾ ਵਿਖੇ ਅਧਿਆਪਕ ਵਜੋਂ ਸੇਵਾ ਕੀਤੀ। 1946 ਈ. ਤੋਂ ਆਪ ਸਰਗਰਮ ਸਿਆਸਤ 'ਚ ਸ਼ਾਮਿਲ ਹੋ ਗਏ ਅਤੇ ਵਿਧਾਨ ਸਭਾ ਚੋਣ ਸਮੇਂ ਉਨ੍ਹਾਂ ਦਰਵੇਸ਼ ਸਿੱਖ ਸਿਆਸਤਦਾਨ ਗਿਆਨੀ ਕਰਤਾਰ ਸਿੰਘ ਜੀ ਦੀ ਡੱਟ ਕੇ ਮਦਦ ਕੀਤੀ। ਦੇਸ਼-ਵੰਡ ਸਮੇਂ 1947 ਈ. ਵਿਚ ਇਨ੍ਹਾਂ ਨੂੰ ਤੇ ਇਨ੍ਹਾਂ ਦੀ ਭੈਣ ਨੂੰ ਗਿਆਨੀ ਕਰਤਾਰ ਸਿੰਘ ਜੀ ਹੀ ਲੈ ਕੇ ਆਏ ਸਨ। ਆਪ ਜੀ ਕਾਲਜ ਦੀ ਪੜ੍ਹਾਈ ਸਮੇਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਮਰਪਿਤ ਵਰਕਰ ਰਹੇ। 1948-49 ਈ. ਵਿਚ ਜਦ ਡਾ. ਜਸਵੰਤ ਸਿੰਘ ਜੀ ਨੇਕੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਸਨ ਤਾਂ ਆਪ ਜੀ ਕਾਰਜਕਾਰਨੀ ਦੇ ਮੈਂਬਰ ਸਨ।

ਮਾਮਾ-ਭਾਣਜਾ ਵਜ਼ਾਰਤ ਦੇ ਵਿਰੋਧ ਵਿਚ 1949 ਈ. ਵਿਚ ਮੋਰਚਾ ਲੱਗਾ ਤਾਂ ਆਪ ਜੀ ਨੇ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ ਅਤੇ 10 ਮਹੀਨੇ ਕਪੂਰਥਲੇ ਦੀ ਜੇਲ੍ਹ 'ਚ ਬੰਦੀ ਰਹੇ। 1953 ਈ. ਵਿਚ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ (ਹੁਸ਼ਿਆਰਪੁਰ) 'ਚ ਪੰਜਾਬੀ ਸੂਬੇ ਦੇ ਮੋਰਚੇ ਤੇ ਸਿੱਖਾਂ ਖ਼ਿਲਾਫ਼ ਹੋ ਰਹੀ ਕਾਰਵਾਈ ਵਿਰੁੱਧ ਇਨ੍ਹਾਂ ਜਲਸਾ ਕੀਤਾ। ਗਿਆਨੀ ਫ਼ੌਜਾ ਸਿੰਘ ਜੀ ਕਾਰਜਕਾਰੀ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਇਨ੍ਹਾਂ ਵਿਰੁੱਧ ਦੇਸ਼-ਧ੍ਰੋਹ ਤੇ 124 ਅਲਫ਼ (ੳ) ਦੇ ਤਹਿਤ ਕੇਸ ਬਣਾਇਆ ਗਿਆ। ਇਸ ਕੇਸ ਵਿਚ ਇਨ੍ਹਾਂ ਦੋਵਾਂ ਨੂੰ 3-3 ਸਾਲ ਦੀ ਸਖ਼ਤ ਸਜ਼ਾ ਸੁਣਾਈ ਗਈ। ਇਹ ਦੋ ਸ਼ਖ਼ਸੀਅਤਾਂ ਸਨ, ਜਿਨ੍ਹਾਂ ਦੇ ਇਸ ਕੇਸ ਦੀ ਸਫ਼ਾਈ ਦੇ ਗਵਾਹ ਗਿਆਨੀ ਕਰਤਾਰ ਸਿੰਘ ਜੀ ਤੇ ਸ. ਹੁਕਮ ਸਿੰਘ ਜੀ ਸਾਬਕਾ ਸਪੀਕਰ ਭੁਗਤੇ ਸਨ। ਡਿਸਟ੍ਰਿਕਟ ਅਟਾਰਨੀ ਨੇ ਗਿਆਨੀ ਕਰਤਾਰ ਸਿੰਘ ਜੀ ਨੂੰ ਪੁੱਛਿਆ ਕਿ ਕੀ ਇਹ ਦੋਨੋਂ ਕੌਮਾਂ ਦੀ ਥਿਊਰੀ ਦਾ ਨਤੀਜਾ ਨਹੀਂ ਕਿ ਪਾਕਿਸਤਾਨ ਤੇ ਭਾਰਤ ਬਣੇ ਹਨ ? ਗਿਆਨੀ ਜੀ ਨੇ ਜੁਆਬ ਦਿੱਤਾ ਕਿ ਇਹ ਦੋਹਾਂ ਕੌਮਾਂ ਦੀ ਥਿਊਰੀ ਦਾ ਨਤੀਜਾ ਨਹੀਂ ਸੀ, ਸਗੋਂ ਬਹੁਗਿਣਤੀ ਕੌਮ ਵਲੋਂ ਘੱਟ-ਗਿਣਤੀ ਕੌਮ ਨਾਲ ਕੀਤੇ ਸਲੂਕ ਦੇ ਨਤੀਜੇ ਕਰਕੇ ਦੇਸ਼ ਦੀ ਵੰਡ ਹੋਈ ਹੈ। ਦੋ ਮਹੀਨੇ ਬਾਅਦ ਆਪ ਜੀ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਗਿਆ ਤੇ 1957 ਈ. ਵਿਚ ਉਹ ਇਸ ਕੇਸ 'ਚੋਂ ਬਰੀ ਹੋ ਗਏ। ਇਸ ਸਮੇਂ ਹੀ ਉੱਤਰ ਪ੍ਰਦੇਸ ਹਾਈ ਕੋਰਟ ਨੇ ਫ਼ੈਸਲਾ ਦਿੱਤਾ ਕਿ ਦੇਸ਼ ਦਾ ਹਰ ਨਾਗਰਿਕ ਜਿਸ ਕਿਸਮ ਦੀ ਚਾਹੇ ਸਰਕਾਰ ਮੰਗ ਸਕਦਾ ਹੈ, ਉਸ ਵਿਰੁੱਧ ਦੇਸ਼-ਧਰੋਹੀ ਦਾ ਕੇਸ ਦਰਜ ਨਹੀਂ ਹੋ ਸਕਦਾ। "ਪੰਜਾਬੀ ਸੂਬਾ ਜ਼ਿੰਦਾਬਾਦ" ਨਾਹਰੇ ਦੇ ਮੋਰਚੇ ਸਮੇਂ ਵੀ ਆਪ ਨਜ਼ਰਬੰਦੀ ਐਕਟ ਤਹਿਤ ਪਹਿਲਾਂ ਘਰੋਂ ਗ੍ਰਿਫ਼ਤਾਰ ਕੀਤੇ ਗਏ ਅਤੇ ਦਫ਼ਾ 3 ਹੇਠ ਅੰਬਾਲਾ ਜੇਲ੍ਹ ਵਿਚ ਬੰਦੀ ਰਹੇ ਅਤੇ ਬਾਅਦ ਵਿਚ ਟ੍ਰਿਬਿਊਨਲ ਨੇ ਬਰੀ ਕਰ ਦਿੱਤਾ। ਉਸ ਵਕਤ ਦੇ ਸਾਰੇ ਐਮ.ਐਲ.ਏ. ਸਮੇਤ ਅਜੀਤ ਸਿੰਘ ਸਰਹੱਦੀ (ਐਡਵੋਕੇਟ) ਅਤੇ ਹੋਰ ਸਾਰੇ ਵਿਅਕਤੀਆਂ ਨੂੰ ਨਜ਼ਰਬੰਦੀ ਐਕਟ ਤਹਿਤ ਅੰਬਾਲਾ ਜੇਲ੍ਹ ਵਿਚ ਰੱਖਿਆ ਗਿਆ। ਫਿਰ ਕੇਂਦਰ ਸਰਕਾਰ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਨੂੰ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਵਿਚ ਵੰਡਣ ਦਾ ਸਮਝੌਤਾ ਹੋ ਗਿਆ।

1957 ਈ. ਵਿਚ ਗਿਆਨੀ ਕਰਤਾਰ ਸਿੰਘ ਟਾਂਡਾ ਹਲਕੇ ਤੋਂ ਚੋਣ ਲੜ ਕੇ ਐਮ.ਐਲ.ਏ. ਬਣਨ ਉਪਰੰਤ ਮਾਲ ਮੰਤਰੀ ਨਿਯੁਕਤ ਹੋ ਗਏ। ਉਸ ਸਮੇਂ ਆਪ ਉਨ੍ਹਾਂ ਦੇ ਸਿਆਸੀ ਸਕੱਤਰ ਬਣੇ ਤੇ 1957 ਤੋਂ 1961 ਈ. ਤਕ ਉਨ੍ਹਾਂ ਦੇ ਸਿਆਸੀ ਸਕੱਤਰ ਰਹੇ। 1961 ਈ. 'ਚ ਇਨ੍ਹਾਂ ਨੇ ਸਿਆਸੀ ਸਕੱਤਰ ਦੀ ਪਦਵੀ ਤੋਂ ਤਿਆਗ-ਪੱਤਰ ਦੇ ਦਿੱਤਾ ਤੇ ਬਲਾਕ ਸੰਮਤੀ ਦੇ ਪ੍ਰਧਾਨ ਚੁਣੇ ਗਏ। 1964 ਈ. ਵਿਚ ਦੁਬਾਰਾ ਇਹ ਗੜ੍ਹਸ਼ੰਕਰ ਬਲਾਕ ਦੇ ਪ੍ਰਧਾਨ ਚੁਣੇ ਗਏ। 1968 ਈ. ਵਿਚ ਪੰਜਾਬ ਕੌਂਸਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਮੈਂਬਰ ਚੁਣੇ ਗਏ। ਇਸ ਸਮੇਂ ਦੌਰਾਨ ਪੰਜਾਬੀ ਸੂਬੇ ਦੇ ਮੋਰਚੇ 'ਚ ਹਿੱਸਾ ਲੈਣ ਕਰਕੇ ਜੇਲ੍ਹ ਵਿਚ ਰਹੇ। ਪੰਜਾਬੀ ਸੂਬਾ ਬਣਨ ਤੋਂ ਬਾਅਦ 1968 ਈ. ਵਿਚ ਪੰਜਾਬ ਕੌਂਸਲ ਦੀ ਚੋਣ ਲੜ ਕੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਮੈਂਬਰ ਚੁਣੇ ਗਏ।

1977-78 ਈ. ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੋ-ਆਪ੍ਰੇਟਿਵ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਬਣੇ।

1984 ਈ. ਵਿਚ ਧਰਮ ਯੁੱਧ ਮੋਰਚੇ ਵਿਚ ਸ. ਪਰਕਾਸ਼ ਸਿੰਘ ਜੀ ਬਾਦਲ ਨਾਲ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਹੋ ਕੇ ਲੁਧਿਆਣਾ ਜੇਲ੍ਹ ਵਿਚ ਬੰਦ ਰਹੇ। ਥੋੜ੍ਹੇ ਅਰਸੇ ਮਗਰੋਂ ਸਭ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਪਰ ਬਾਅਦ 'ਚ ਇਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਉਪਰ ਫ਼ੌਜੀ ਹਮਲੇ ਮੌਕੇ ਘਰੋਂ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਰੱਖਿਆ ਗਿਆ ਅਤੇ ਫਿਰ ਕਈ ਵਾਰ ਗ੍ਰਿਫ਼ਤਾਰ ਅਤੇ ਰਿਹਾਅ ਹੁੰਦੇ ਰਹੇ। 1985 ਈ. ਵਿਚ ਆਪ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਥੇਦਾਰ ਬਣੇ। ਇਸ ਤੋਂ ਪਹਿਲਾਂ ਲੰਮਾ ਸਮਾਂ ਜ਼ਿਲ੍ਹਾ ਜਨਰਲ ਸਕੱਤਰ ਤੇ ਮੀਤ ਪ੍ਰਧਾਨ ਵੀ ਰਹੇ। ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਸ਼ਹੀਦ ਹੋਏ, ਉਦੋਂ ਵੀ ਆਪ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਨ।

ਸ਼੍ਰੋਮਣੀ ਕਮੇਟੀ ਦੀਆਂ 1979 ਈ. ਵਿਚ ਹੋਈਆਂ ਆਮ ਚੋਣਾਂ ਸਮੇਂ ਸ. ਕਾਬਲ ਸਿੰਘ ਜੀ ਹਲਕਾ ਗੜ੍ਹਸ਼ੰਕਰ ਤੋਂ ਮੈਂਬਰ ਚੁਣੇ ਗਏ ਅਤੇ ਸਤੰਬਰ, 1985 ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਣੇ ਤੇ ਫਿਰ ਫ਼ਰਵਰੀ, 1986 ਵਿਚ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਦੇ ਅਸਤੀਫ਼ਾ ਦੇਣ 'ਤੇ 3 ਮਾਰਚ, 1986 ਨੂੰ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਣ ਗਏ। 6 ਮਾਰਚ, 1986 ਨੂੰ ਕਪੂਰਥਲੇ ਵਿਖੇ ਇਨ੍ਹਾਂ 'ਤੇ ਗੋਲੀ ਚਲਾਈ ਗਈ। ਦੋ ਗੋਲੀਆਂ ਇਨ੍ਹਾਂ ਦੇ ਲੱਗੀਆਂ ਪਰ ਗੁਰੂ ਕਿਰਪਾ ਸਦਕਾ ਇਹ ਬਚ ਗਏ ਪਰ ਸ. ਰਵੇਲ ਸਿੰਘ ਮੈਨੇਜਰ, ਗੁਰਦੁਆਰਾ ਸ਼ਹੀਦਾਂ (ਮਾਹਿਲਪੁਰ) ਸ਼ਹੀਦ ਹੋ ਗਏ। 22-23 ਮਾਰਚ, 1986 ਨੂੰ ਬਜਟ ਸੈਸ਼ਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਹੋਣ ਨਾਤੇ ਏਜੰਡੇ ਵਿਚ ਪ੍ਰਧਾਨ ਦੀ ਚੋਣ ਦਾ ਪ੍ਰਸਤਾਵ ਰੱਖਿਆ ਅਤੇ ਬਜਟ ਸੈਸ਼ਨ ਦੀ ਮੀਟਿੰਗ ਦੌਰਾਨ ਭਾਵੇਂ ਆਪ ਹਾਜ਼ਰ ਨਹੀਂ ਹੋ ਸਕੇ ਪਰ ਇਨ੍ਹਾਂ ਨੂੰ ਸਰਬ-ਸੰਮਤੀ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣ ਲਿਆ ਗਿਆ ਅਤੇ ਆਪ 30 ਨਵੰਬਰ, 1986 ਤੀਕ ਇਸ ਅਹੁਦੇ 'ਤੇ ਸੁਸ਼ੋਭਿਤ ਰਹੇ।

ਇਨ੍ਹਾਂ ਦੀ ਪ੍ਰਧਾਨਗੀ ਦਾ ਕਾਰਜ ਕਾਲ ਬੜਾ ਬਿਖੜਾ ਸੀ। ਪੰਜਾਬ ਦੇ ਹਾਲਾਤ ਨਾਜ਼ੁਕ ਹੋਣ ਕਾਰਨ ਸਿੱਖ ਸੰਗਤਾਂ ਗੁਰੂ-ਘਰ, ਇਥੋਂ ਤੀਕ ਕਿ ਸ੍ਰੀ ਹਰਿਮੰਦਰ ਸਾਹਿਬ ਆਉਣ ਤੋਂ ਵੀ ਤ੍ਰਬਕਦੀਆਂ ਸਨ। ਸ੍ਰੀ ਦਰਬਾਰ ਸਾਹਿਬ ਦੇ ਸਟਾਫ਼ ਦੀਆਂ ਤਨਖ਼ਾਹਾਂ ਵੀ ਪੂਰੀਆਂ ਨਹੀਂ ਸਨ ਹੁੰਦੀਆਂ। ਆਪ ਜੀ ਨੇ ਧਰਮੀ ਫ਼ੌਜੀਆਂ ਦੀ ਟਾਸਕ ਫੋਰਸ ਤਿਆਰ ਕਰਵਾਈ। ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਨੂੰ ਬਹੁਤ ਦੇਰ ਹੋ ਚੁੱਕੀ ਸੀ। ਇਸ ਲਈ ਦਫ਼ਾ 87 ਦੀਆਂ ਗੁਰਦੁਆਰਾ ਕਮੇਟੀਆਂ ਤੋੜ ਕੇ ਸਿੱਧਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸ ਲਿਆਂਦਾ। ਗੁਰਦੁਆਰਿਆਂ ਵੱਲ ਲੱਗਦੇ ਦਸਵੰਧ, ਧਾਰਮਿਕ ਤੇ ਵਿੱਦਿਆ ਫ਼ੰਡ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸਾਹਿਬਾਨ ਤੋਂ ਇਕੱਠੇ ਕੀਤੇ ਅਤੇ ਸ਼੍ਰੋਮਣੀ ਕਮੇਟੀ ਦੀ ਮਾਲੀ ਹਾਲਤ ਦਾ ਸੁਧਾਰ ਕੀਤਾ। ਆਪ ਜੀ ਦੀ ਪ੍ਰਧਾਨਗੀ ਕਾਲ ਸਮੇਂ ਕੇਵਲ ਤਿੰਨ ਮੁਲਾਜ਼ਮ ਹੀ ਭਰਤੀ ਕੀਤੇ ਗਏ। ਸ਼੍ਰੋਮਣੀ ਕਮੇਟੀ ਦੀ ਆਰਥਿਕ ਦਸ਼ਾ ਠੀਕ ਕਰ ਕੇ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਨ੍ਹਾਂ ਦੇ ਕਾਰਜ-ਕਾਲ 'ਚ ਕਿਸੇ ਗੁਰਦੁਆਰੇ 'ਚ ਖਾੜਕੂਆਂ ਨਾਲ ਪੁਲਿਸ ਮੁਕਾਬਲਾ ਨਹੀਂ ਹੋਇਆ।

ਆਪ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬੋਰਡ ਆਫ਼ ਮੈਨੇਜਮੈਂਟ ਦੇ ਵੀ ਤਿੰਨ ਸਾਲ ਤਕ ਮੈਂਬਰ ਰਹੇ। 1960 ਈ. ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਕਾਲਜ, ਮਾਹਿਲਪੁਰ ਦੇ ਜਨਰਲ ਸਕੱਤਰ ਰਹੇ ਅਤੇ ਹੁਣ ਇਸ ਸੰਸਥਾ ਦੇ ਮੈਨੇਜਰ ਵਜੋਂ ਕਾਰਜਸ਼ੀਲ ਹਨ। ਇਹ ਕਾਲਜ ਦੇਸ਼ ਦੀ ਵੰਡ ਤੋਂ ਪਹਿਲਾਂ 1946 ਈ. ਵਿਚ ਸਥਾਪਤ ਹੋਇਆ ਸੀ ਅਤੇ ਇਸ ਕਾਲਜ ਵਿਚ ਇਸ ਸਮੇਂ ਸੱਤ ਪੋਸਟ ਗ੍ਰੈਜੂਏਟ ਵਿਸ਼ਿਆਂ ਵਿਚ ਸਿੱਖਿਆ ਦਿੱਤੀ ਜਾਂਦੀ ਹੈ। ਆਪ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਵੀ ਪ੍ਰਧਾਨ ਰਹੇ। ਵਿੱਦਿਆ ਪ੍ਰੇਮੀ ਹੋਣ ਕਰਕੇ ਆਪ ਜੀ ਨੇ ਇਲਾਕੇ 'ਚ ਵਿੱਦਿਆ ਦੇ ਪ੍ਰਸਾਰ ਲਈ ਸੰਤ ਹਰੀ ਸਿੰਘ ਕਰਾਹਪੁਰੀ ਯਾਦਗਾਰੀ ਬੀ.ਐਡ. ਕਾਲਜ ਵੀ ਅਰੰਭ ਕਰਵਾਇਆ। ਆਪ ਜੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫ਼ਤਹਿਗੜ੍ਹ ਸਾਹਿਬ ਦੇ ਪਹਿਲੇ ਟਰੱਸਟੀ ਹੋਣ ਦਾ ਮਾਣ ਵੀ ਹਾਸਲ ਹੋਇਆ। ਇਨ੍ਹਾਂ ਨੇ ਅਨੰਦਪੁਰ ਸਾਹਿਬ ਤੇ ਗੜ੍ਹਸ਼ੰਕਰ ਦੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਦੇ ਸਕੱਤਰ ਅਤੇ ਪ੍ਰਧਾਨ ਵਜੋਂ ਵੀ ਕਾਫ਼ੀ ਸਮਾਂ ਸੇਵਾ ਕੀਤੀ। ਆਪ ਆਪਣੇ ਪਿੰਡ ਦੇ ਪੰਚ, ਸਰਪੰਚ, ਬਲਾਕ ਸੰਮਤੀ ਦੇ ਪ੍ਰਧਾਨ ਅਤੇ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਦੇ ਮੈਂਬਰ ਵੀ ਰਹੇ। ਆਪ ਜੀ ਨੇ ਸਾਰੀ ਜ਼ਿੰਦਗੀ ਸ਼੍ਰੋਮਣੀ ਅਕਾਲੀ ਦਲ ਵਿਚ ਗੁਜ਼ਾਰੀ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਭ ਤੋਂ ਪੁਰਾਣੇ ਅਕਾਲੀ ਹਨ। ਇਨ੍ਹਾਂ ਐਮਰਜੈਂਸੀ ਸਮੇਤ ਅਕਾਲੀ ਦਲ ਦੇ ਹਰ ਮੋਰਚੇ ਵਿਚ ਜੇਲ੍ਹ ਕੱਟੀ।

1990 ਈ. ਤੋਂ 1995 ਈ. ਤੀਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਰਹੇ ਅਤੇ ਪਾਰਟੀ ਪ੍ਰਧਾਨ ਹੋਣ ਦੇ ਨਾਤੇ ਸ਼੍ਰੋਮਣੀ ਅਕਾਲੀ ਦਲ ਦਾ ਚੋਣ ਨਿਸ਼ਾਨ 'ਤੱਕੜੀ' ਜੋ ਕਿ ਇਨ੍ਹਾਂ ਦੇ ਅਧਿਕਾਰ ਵਿਚ ਹੀ ਸੀ, ਇਨ੍ਹਾਂ ਨੇ ਬਾਦਲ ਅਤੇ ਲੌਂਗੋਵਾਲ ਅਕਾਲੀ ਦਲਾਂ ਦੇ ਰਲੇਵੇਂ ਦੀ ਪ੍ਰਕਿਰਿਆ ਵਿਚ 1997 ਦੀ ਚੋਣ ਮੌਕੇ ਸ. ਪਰਕਾਸ਼ ਸਿੰਘ ਜੀ ਬਾਦਲ ਨੂੰ ਸੌਂਪ ਦਿੱਤਾ। ਇਨ੍ਹਾਂ ਦੇ ਕਾਰਜ-ਕਾਲ ਵਿਚ ਹੀ ਕਲਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਹਰਿਆਣਾ (ਹੁਸ਼ਿਆਰਪੁਰ), ਬੱਬਰ ਅਕਾਲੀ ਖ਼ਾਲਸਾ ਮੈਮੋਰੀਅਲ ਕਾਲਜ, ਗੜ੍ਹਸ਼ੰਕਰ ਆਦਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਲਿਆਂਦੇ ਗਏ। ਖ਼ਾਲਸਾ ਕਾਲਜ, ਗੜ੍ਹਦੀਵਾਲਾ ਅਤੇ ਸੰਤ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ) ਆਦਿ ਉੱਘੇ ਵਿੱਦਿਅਕ ਅਦਾਰੇ ਵੀ ਇਨ੍ਹਾਂ ਦੇ ਉੱਦਮ ਸਦਕਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਆਏ।

2004 ਈ. ਵਿਚ ਸ. ਕਾਬਲ ਸਿੰਘ ਫਿਰ ਗੜ੍ਹਸ਼ੰਕਰ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਯਥਾ-ਸ਼ਕਤ ਸੇਵਾ ਨਿਬਾਹ ਰਹੇ ਹਨ।

•

23

ਬੀਬੀ ਜਗੀਰ ਕੌਰ ਬੇਗੋਵਾਲ

ਸਫਲ ਅਧਿਆਪਕ, ਧਾਰਮਿਕ, ਰਾਜਨੀਤਕ ਆਗੂ, ਪ੍ਰਬੁੱਧ ਪ੍ਰਬੰਧਕ ਤੇ ਵਕਤਾ, ਸਾਬਕਾ ਕੈਬਨਿਟ ਮੰਤਰੀ, ਤਿੰਨ ਵਾਰ ਸ਼੍ਰੋਮਣੀ ਕਮੇਟੀ ਦੇ ਸਰਵਉੱਚ ਅਹੁਦੇ, ਪ੍ਰਧਾਨ ਦੀ ਪਦਵੀ 'ਤੇ ਸੁਸ਼ੋਭਿਤ ਰਹੇ ਬੀਬੀ ਜਗੀਰ ਕੌਰ ਜੀ ਦਾ ਜਨਮ 15 ਅਕਤੂਬਰ, 1954 ਨੂੰ ਸ. ਗਿਰਧਾਰਾ ਸਿੰਘ ਜੀ ਤੇ ਮਾਤਾ ਪ੍ਰਸਿੰਨ ਕੌਰ ਜੀ ਦੇ ਘਰ ਪਿੰਡ ਭਟਨੂਰਾ ਜ਼ਿਲ੍ਹਾ ਜਲੰਧਰ 'ਚ ਹੋਇਆ। ਇਹਨਾਂ ਦੇ ਤਿੰਨ ਭਰਾ ਤੇ ਪੰਜ ਭੈਣਾਂ ਹਨ। 1971 ਈ. 'ਚ ਬੀਬੀ ਜੀ ਨੇ ਮੈਟ੍ਰਿਕ ਦਾ ਇਮਤਿਹਾਨ ਸਰਕਾਰੀ ਹਾਈ ਸਕੂਲ, ਭੁਲੱਥ ਤੋਂ ਪਾਸ ਕੀਤਾ। ਬੀ.ਐਸ.ਸੀ. (ਗਣਿਤ) ਗੌਰਮਿੰਟ ਕਾਲਜ, ਚੰਡੀਗੜ੍ਹ ਤੋਂ ਅਤੇ 1979 ਈ. ਵਿਚ ਬੀ.ਐਡ. ਮਿੰਟਗੁਮਰੀ ਕਾਲਜ, ਜਲੰਧਰ ਤੋਂ ਕਰ ਕੇ ਆਪ ਸਰਕਾਰੀ ਸਕੂਲ, ਬੇਗੋਵਾਲ 'ਚ ਗਣਿਤ ਦੀ ਅਧਿਆਪਕਾ ਨਿਯੁਕਤ ਹੋਏ। 1980 ਈ. ਵਿਚ ਇਨ੍ਹਾਂ ਦਾ ਅਨੰਦ ਕਾਰਜ ਸ. ਚਰਨਜੀਤ ਸਿੰਘ ਜੀ ਸਪੁੱਤਰ ਬਾਵਾ ਹਰਨਾਮ ਸਿੰਘ ਜੀ (ਮੁਖੀ ਡੇਰਾ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲੇ ਤੇ ਸਾਬਕਾ ਮੰਤਰੀ ਪੰਜਾਬ) ਨਾਲ ਬੇਗੋਵਾਲ ਵਿਖੇ ਹੋਇਆ। ਇਨ੍ਹਾਂ ਦੇ ਘਰ ਦੋ ਸਪੁੱਤਰੀਆਂ ਨੇ ਜਨਮ ਲਿਆ। 1982 ਈ. ਵਿਚ ਸ. ਚਰਨਜੀਤ ਸਿੰਘ ਜੀ ਅਕਾਲ ਚਲਾਣਾ ਕਰ ਗਏ। ਬੀਬੀ ਜੀ ਦੀ ਇਕ ਲੜਕੀ ਹਰਪ੍ਰੀਤ ਕੌਰ ਦੀ ਅਚਨਚੇਤ ਮੌਤ ਹੋ ਗਈ ਅਤੇ ਦੂਸਰੀ ਲੜਕੀ ਰਜਨੀਤ ਕੌਰ ਦਾ ਅਨੰਦ ਕਾਰਜ ਸ. ਯੁਵਰਾਜ ਭੁਪਿੰਦਰ ਸਿੰਘ ਜੀ ਨਾਲ ਹੋਇਆ।

1987 ਈ. ਵਿਚ ਇਨ੍ਹਾਂ ਨੇ ਸਰਕਾਰੀ ਨੌਕਰੀ ਤੋਂ ਤਿਆਗ-ਪੱਤਰ ਦੇ ਦਿੱਤਾ ਤੇ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਮੁੱਖ ਅਸਥਾਨ ਬੇਗੋਵਾਲ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਅਰੰਭ ਕਰ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ। ਇਹ ਪਹਿਲੀ ਇਸਤਰੀ ਸਨ ਜਿਨ੍ਹਾਂ ਨੂੰ ਕਿਸੇ ਨਿਰਮਲੇ ਸੰਪਰਦਾ ਦੇ ਮੁੱਖ ਅਸਥਾਨ ਦਾ ਮੁਖੀ ਹੋਣ ਦਾ ਮਾਣ ਪ੍ਰਾਪਤ ਹੋਇਆ। ਧਾਰਮਿਕ ਅਸਥਾਨ ਦੇ ਮੁਖੀ ਵਜੋਂ ਬੀਬੀ ਜੀ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ, ਲੰਗਰ ਹਾਲ ਤੇ ਸਕੂਲ ਦੀ ਇਮਾਰਤ ਦਾ ਨਵ-ਨਿਰਮਾਣ ਕਾਰਜ ਕਰਵਾਇਆ। ਧਾਰਮਿਕ, ਸਮਾਜਿਕ ਅਤੇ ਵਿੱਦਿਅਕ ਆਦਰਸ਼ਾਂ ਨੂੰ ਪੂਰਿਆਂ ਕਰਨ ਲਈ ਬੀਬੀ ਜੀ ਨੇ ਅਮਰੀਕਾ, ਜਰਮਨ, ਹਾਲੈਂਡ, ਇਟਲੀ, ਨਾਰਵੇ ਆਦਿ ਦੇਸ਼ਾਂ 'ਚ ਪ੍ਰਚਾਰ ਦੌਰਾ ਕੀਤਾ। 1988 ਈ. 'ਚ ਆਏ ਭਿਆਨਕ ਹੜ੍ਹ ਸਮੇਂ ਬੇੜੀਆਂ 'ਚ ਸਵਾਰ ਹੋ, ਹੜ੍ਹ-ਪੀੜਤਾਂ ਵਾਸਤੇ ਪ੍ਰਸ਼ਾਦੇ-ਪਾਣੀ,



ਬੀਬੀ ਜਗੀਰ ਕੌਰ ਬੇਗੋਵਾਲ

ਦਵਾਈਆਂ, ਕਪੜਿਆਂ ਆਦਿ ਰੋਜ਼ਾਨਾ ਲੋੜਾਂ ਦੀ ਪੂਰਤੀ ਕਰ, ਲੋਕ ਕਲਿਆਣ ਕਾਰਜਾਂ 'ਚ ਨਾਮਣਾ ਖੱਟਿਆ। ਬੀਬੀ ਜੀ ਨੇ ਧਾਰਮਿਕ ਅਸਥਾਨ ਦੇ ਮੁਖੀ ਵਜੋਂ ਵਿਚਰਦਿਆਂ ਕਥਾ-ਕੀਰਤਨ ਰਾਹੀਂ ਧਰਮ ਪ੍ਰਚਾਰ, ਵਿੱਦਿਆ ਪਸਾਰ ਤੇ ਸਮਾਜ ਸੁਧਾਰ ਦੇ ਕਾਰਜ ਅਰੰਭ ਕੀਤੇ। ਆਪਣਾ ਰਾਜਨੀਤਕ ਜੀਵਨ ਮਾਨ ਦਲ 'ਚ ਸਰਗਰਮ ਵਰਕਰ ਵਜੋਂ ਸ਼ੁਰੂ ਕੀਤਾ ਪਰ ਕੁਝ ਸਮੇਂ ਬਾਅਦ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਬਣ ਗਏ। ਜਨਵਰੀ, 1996 'ਚ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਸਮੇਂ ਆਪ ਜੀ ਭੁਲੱਥ ਚੋਣ ਹਲਕੇ ਤੋਂ ਚੋਣ ਜਿੱਤ ਕੇ ਮੈਂਬਰ, ਸ਼੍ਰੋਮਣੀ ਕਮੇਟੀ ਬਣੇ। ਵਿਸ਼ੇਸ਼ ਗੱਲ ਇਹ ਸੀ ਕਿ ਭੁਲੱਥ ਹਲਕਾ ਇਸਤਰੀਆਂ ਵਾਸਤੇ ਰਾਖਵਾਂ ਨਹੀਂ ਸੀ।

ਪਹਿਲੀ ਫ਼ਰਵਰੀ, 1997 ਈ. 'ਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਭੁਲੱਥ ਹਲਕੇ ਤੋਂ ਹੀ ਐਮ.ਐਲ.ਏ. ਚੁਣੇ ਗਏ। ਅਗਸਤ, 1997 'ਚ ਇਨ੍ਹਾਂ ਨੂੰ ਪੰਜਾਬ ਸਰਕਾਰ 'ਚ ਸੈਰ ਸਪਾਟਾ, ਸਭਿਆਚਾਰ, ਸਮਾਜਿਕ ਸੁਰੱਖਿਆ ਮਹਿਕਮੇ ਦੇ ਕੈਬਨਿਟ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੋਇਆ। ਫ਼ਰਵਰੀ, 2002 ਵਿਚ ਦੋਬਾਰਾ ਭੁਲੱਥ ਹਲਕੇ ਤੋਂ ਐਮ.ਐਲ.ਏ. ਅਤੇ 11 ਜੁਲਾਈ, 2004 ਨੂੰ ਸ਼੍ਰੋਮਣੀ ਕਮੇਟੀ ਦੀ ਆਮ ਚੋਣ ਸਮੇਂ ਦੁਬਾਰਾ ਭੁਲੱਥ ਹਲਕੇ ਤੋਂ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ।

ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ 16 ਮਾਰਚ, 1999 ਨੂੰ ਹੋਇਆ। **ਇਹ ਦਿਨ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਤੇ ਇਨ੍ਹਾਂ ਦੇ ਜੀਵਨ-ਕਾਲ ਦਾ ਇਤਿਹਾਸਿਕ ਦਿਨ ਹੋ ਨਿਬੜਿਆ, ਜਦ ਬੀਬੀ ਜੀ ਨੂੰ ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਹੋਣ ਦਾ ਅਵਸਰ ਪ੍ਰਾਪਤ ਹੋਇਆ।** ਸ਼੍ਰੋਮਣੀ ਕਮੇਟੀ ਦੇ ਰੀਕਾਰਡ ਮੁਤਾਬਕ ਬੀਬੀ ਜੀ 16 ਮਾਰਚ, 1999 ਤੋਂ 30 ਨਵੰਬਰ, 2000 ਤੇ 23 ਸਤੰਬਰ, 2004 ਤੋਂ 23 ਨਵੰਬਰ, 2005 ਤੀਕ ਤਿੰਨ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ। ਬਿਨਾਂ ਸ਼ੱਕ ਬੀਬੀ ਜਗੀਰ ਕੌਰ ਜੀ ਅਕਾਲ ਪੁਰਖ ਦੇ ਦਰ ਤੋਂ ਵਰੋਸਾਈ ਹੋਈ ਵਿਲੱਖਣ, ਖ਼ੁਸ਼ਕਿਸਮਤ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਤਿੰਨ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ ਸੰਭਾਲਣ ਦਾ ਸੁਭਾਗ ਪ੍ਰਾਪਤ ਹੋ ਚੁੱਕਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ ਮਨਾਉਣ ਸਮੇਂ ਆਪ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ ਅਤੇ ਵਿਸ਼ਵ ਸਿੱਖ ਯੂਨੀਵਰਸਿਟੀ ਸਥਾਪਤ ਕਰਨ ਦਾ ਸੰਕਲਪ ਲਿਆ। ਬੀਬੀ ਜੀ ਨੇ ਪਹਿਲੀ ਵੇਰ ਬਾਰਸੀਲੋਨਾ 'ਚ ਵਿਸ਼ਵ ਧਰਮ ਸੰਮੇਲਨ ਸਮੇਂ ਸਿੱਖਾਂ ਦੀ ਪ੍ਰਤਿਨਿਧਤਾ ਕਰ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ।

ਇਨ੍ਹਾਂ ਨੂੰ ਖ਼ਾਲਸਾ ਪੰਥ ਦਾ 300 ਸਾਲਾ ਸਿਰਜਣਾ ਦਿਵਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦਾ 300 ਸਾਲਾ ਸ਼ਹੀਦੀ ਦਿਹਾੜਾ ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ, 40 ਮੁਕਤਿਆਂ ਦਾ 300 ਸਾਲਾ ਸ਼ਹੀਦੀ ਦਿਹਾੜਾ ਮੁਕਤਸਰ ਸਾਹਿਬ ਵਿਖੇ ਸ਼ਤਾਬਦੀਆਂ ਦੇ ਰੂਪ 'ਚ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ। ਖ਼ਾਲਸਾ ਪੰਥ ਦੇ 300 ਸਾਲਾ ਸਿਰਜਣਾ ਦਿਵਸ 'ਤੇ ਗੁਰੂ ਗੋਬਿੰਦ ਸਿੰਘ ਤ੍ਰੈ-ਸ਼ਤਾਬਦੀ ਕਾਲਜ, ਅੰਮ੍ਰਿਤਸਰ 'ਚ ਅਰੰਭ ਕੀਤਾ ਗਿਆ ਜੋ ਸਫਲਤਾ

ਪੂਰਬਕ ਚੱਲ ਰਿਹਾ ਹੈ। ਫ਼ਤਹਿਗੜ੍ਹ ਸਾਹਿਬ ਵਿਖੇ ਪਹਿਲੀ ਵਾਰ ਸ਼ਹੀਦੀ ਦਿਹਾੜੇ ਦੀ ਅਰਦਾਸ ਵਿਸ਼ਵ ਭਰ 'ਚ ਠੀਕ 1-00 ਵਜੇ ਦੁਪਹਿਰ ਕਰਨ ਦਾ ਸੰਕਲਪ ਲਿਆ ਤੇ ਅਮਲ 'ਚ ਲਿਆਂਦਾ।

2004 ਈ. 'ਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਤੋਂ ਬਾਅਦ ਪਹਿਲਾ ਜਨਰਲ ਇਜਲਾਸ 23 ਸਤੰਬਰ, 2004 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਇਆ, ਜਿਸ ਵਿਚ ਸ. ਸੁਖਦੇਵ ਸਿੰਘ ਜੀ ਭੌਰ ਮੈਂਬਰ, ਸ਼੍ਰੋਮਣੀ ਕਮੇਟੀ ਨੇ ਪ੍ਰਧਾਨਗੀ ਪਦ ਵਾਸਤੇ ਬੀਬੀ ਜਗੀਰ ਕੌਰ ਜੀ ਦਾ ਨਾਂ ਪੇਸ਼ ਕੀਤਾ ਜੋ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਨਵੇਂ ਚੁਣੇ ਜਨਰਲ ਹਾਊਸ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਗਈ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦਾ ਗਠਨ ਵੀ ਕੀਤਾ ਗਿਆ। ਚੋਣ ਉਪਰੰਤ ਪਹਿਲਾ ਮਤਾ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਦੇ ਅਕਾਲ ਚਲਾਣੇ ਸੰਬੰਧੀ ਕੀਤਾ ਗਿਆ। ਇਸ ਤੋਂ ਇਲਾਵਾ ਸਾਹਿਬਜ਼ਾਦਿਆਂ ਦੇ 300 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜ ਪਬਲਿਕ ਸਕੂਲ ਖੋਹਲਣ ਤੇ ਵੱਡੇ ਘੱਲੂਘਾਰੇ ਦੀ ਯਾਦਗਾਰ ਉਸਾਰਨ ਦੇ ਮਤੇ ਵੀ ਕੀਤੇ ਗਏ। ਪਾਕਿਸਤਾਨ ਦੀਆਂ ਜੇਲ੍ਹਾਂ ਸੰਬੰਧੀ ਸਿੱਖਾਂ ਦਾ ਮਾਮਲਾ ਕੇਂਦਰ ਸਰਕਾਰ ਤੇ ਪਾਕਿਸਤਾਨ ਸਰਕਾਰ ਨਾਲ ਜ਼ੋਰਦਾਰ ਢੰਗ ਨਾਲ ਉਠਾਇਆ। ਵਿਸ਼ਵ ਪ੍ਰਸਿੱਧ ਪੰਥਕ ਸ਼ਖ਼ਸੀਅਤਾਂ ਭਾਈ ਸਾਹਿਬ ਭਾਈ ਹਰਭਜਨ ਸਿੰਘ ਯੋਗੀ, ਗਿਆਨੀ ਸੰਤ ਸਿੰਘ ਜੀ ਮਸਕੀਨ, ਗਿਆਨੀ ਅਮੋਲਕ ਸਿੰਘ ਯੂ.ਕੇ. ਆਦਿ ਦੇ ਅਕਾਲ ਚਲਾਣੇ 'ਤੇ ਸ਼ੋਕ-ਮਤੇ ਵੀ ਕੀਤੇ ਗਏ।

21 ਮਾਰਚ, 2005 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਿਸ਼ੇਸ਼ ਸਮਾਗਮ ਸਮੇਂ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਤੇ ਗਿਆਨੀ ਸੰਤ ਸਿੰਘ ਜੀ ਮਸਕੀਨ ਨੂੰ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਪਰਿਵਾਰਾਂ ਨੂੰ ਪੰਥ ਰਤਨ ਅਤੇ ਗੁਰਮਤਿ ਵਿੱਦਿਆ ਮਾਰਤੰਡ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। 29 ਮਾਰਚ, 2005 ਨੂੰ ਬਜਟ ਇਜਲਾਸ ਦੀ ਪ੍ਰਧਾਨਗੀ ਬੀਬੀ ਜਗੀਰ ਕੌਰ ਜੀ ਨੇ ਕੀਤੀ। ਫ਼ਰਾਂਸ 'ਚ ਸਿੱਖ ਦਸਤਾਰ ਦੇ ਮਸਲੇ ਨੂੰ ਹੱਲ ਕਰਾਉਣ ਲਈ ਕੇਂਦਰ ਸਰਕਾਰ ਪਾਸ ਜ਼ੋਰਦਾਰ ਢੰਗ ਨਾਲ ਮਾਮਲਾ ਉਠਾਇਆ। ਗੁਰਦੁਆਰਾ ਸ਼ਹੀਦਗੰਜ (ਬਾਬਾ ਦੀਪ ਸਿੰਘ ਜੀ ਸ਼ਹੀਦ) ਸ੍ਰੀ ਅੰਮ੍ਰਿਤਸਰ ਵਿਖੇ ਕਾਰ ਪਾਰਕਿੰਗ ਤੇ ਸ੍ਰੀ ਦਰਬਾਰ ਸਾਹਿਬ ਦੇ ਕੜਾਹ ਪ੍ਰਸਾਦਿ ਦੀਆਂ ਪਰਚੀਆਂ ਨੂੰ ਕੰਪਿਊਟਰੀਕਰਨ ਕਰਨ, ਐਨ.ਆਰ.ਆਈ. ਸਰਾਂ ਦਾ ਉਦਘਾਟਨ ਵੀ ਬੀਬੀ ਜੀ ਨੇ ਹੀ ਕੀਤਾ।

40 ਮੁਕਤਿਆਂ ਦਾ 300 ਸਾਲਾ ਸ਼ਹੀਦੀ ਦਿਹਾੜਾ ਮੁਕਤਸਰ ਵਿਖੇ ਬੀਬੀ ਜੀ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਮਨਾਇਆ ਗਿਆ। ਭਾਈ ਮਹਾਂ ਸਿੰਘ ਅਤੇ ਮਾਤਾ ਭਾਗੋ ਯਾਦਗਾਰੀ ਗੇਟਾਂ ਦਾ ਉਦਘਾਟਨ ਵੀ ਇਸ ਸਮੇਂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਅਧਿਕਾਰ ਖੇਤਰ ਸ਼੍ਰੋਮਣੀ ਕਮੇਟੀ ਪਾਸ ਹੀ ਹੋਣਾ ਚਾਹੀਦਾ ਹੈ, ਦਾ ਇਤਿਹਾਸਕ ਮਤਾ ਵੀ ਇਸ ਸਮੇਂ ਕੀਤਾ ਗਿਆ। ਸਿੱਖ ਵਿਦਿਅਕ ਅਦਾਰਿਆਂ ਨੂੰ ਘੱਟ-ਗਿਣਤੀ ਦਾ ਦਰਜਾ ਵੀ ਇਨ੍ਹਾਂ ਦੇ ਸਾਰਥਿਕ ਯਤਨਾਂ ਸਦਕਾ ਹੀ ਪ੍ਰਾਪਤ

ਹੋਇਆ। ਬੀਬੀ ਜਗੀਰ ਕੌਰ ਜੀ ਨੇ ਹੀ ਨਾਨਾਵਤੀ ਕਮਿਸ਼ਨ ਦੀ ਰੀਪੋਰਟ ਨੂੰ ਵਿਚਾਰ ਉਪਰੰਤ ਰੱਦ ਕਰਨ ਦਾ ਮਤਾ ਕੀਤਾ ਗਿਆ। ਹਿਮਾਚਲ 'ਚ ਸਿੱਖ ਮਿਸ਼ਨ ਸਥਾਪਤ ਕਰਨ ਅਤੇ ਵਣਜਾਰਾ ਸਮਾਜ ਦੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਵਿਸ਼ੇਸ਼ ਸਾਰਥਿਕ ਯਤਨ ਕੀਤੇ ਗਏ। 7 ਨਵੰਬਰ, 2005 ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੀ ਨਵੀਂ ਉਸਾਰੀ ਗਈ ਇਮਾਰਤ ਦਾ ਉਦਘਾਟਨ ਕਰਨ ਦਾ ਸੁਭਾਗ ਵੀ ਬੀਬੀ ਜੀ ਨੂੰ ਪ੍ਰਾਪਤ ਹੋਇਆ। ਈ.ਟੀ.ਸੀ. ਚੈਨਲ ਨਾਲ ਸਮਝੌਤਾ ਕਰ ਕੇ ਸਚਖੰਡਿ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਧਾ ਪ੍ਰਸਾਰਨ ਕਰਨ ਦਾ ਇਤਿਹਾਸਿਕ ਕਾਰਜ ਕੀਤਾ ਗਿਆ ਜਿਸ ਨਾਲ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਕੀਰਤਨ, ਹੁਕਮਨਾਮਾ ਤੇ ਅਰਦਾਸ ਸੁਣਨ-ਦੇਖਣ ਦਾ ਸੁਭਾਗ ਪ੍ਰਾਪਤ ਹੋਇਆ। ਇੰਟਰਨੈਟ ਵਿਭਾਗ ਸ਼ੁਰੂ ਕੀਤਾ ਗਿਆ ਜਿਸ ਸਦਕਾ ਵਿਸ਼ਵ ਭਰ ਵਿਚ ਵੱਸੇ ਗੁਰਬਾਣੀ ਪ੍ਰੇਮੀ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਸਰਵਣ ਕਰ ਸਕਦੇ ਹਨ ਤੇ ਰੋਜ਼ਾਨਾ ਹੁਕਮਨਾਮਾ ਪੜ੍ਹ-ਸੁਣ ਸਕਦੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਵਜੋਂ ਮਾਨਤਾ ਦਿਵਾਈ ਗਈ।

ਨਵੇਂ ਚੁਣੇ ਜਨਰਲ ਹਾਊਸ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਗਈ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦਾ ਗਠਨ ਵੀ ਕੀਤਾ ਗਿਆ। ਅਫ਼ਰੀਕਾ 'ਚ ਹੋਈ ਪਾਰਲੀਮੈਂਟ ਆਫ਼ ਵਰਲਡ ਰਿਲੀਜਨ ਦੀ ਇਕੱਤ੍ਰਤਾ ਸਮੇਂ ਸਿੱਖਾਂ ਦੀ ਪ੍ਰਤਿਨਿਧਤਾ ਪਹਿਲੀ ਸਿੱਖ ਧਾਰਮਿਕ ਆਗੂ ਵਜੋਂ ਬੀਬੀ ਜੀ ਨੇ ਕੀਤੀ।

ਤੀਸਰੀ ਵਾਰ ਪ੍ਰਧਾਨ ਬਣਨ 'ਤੇ ਬੀਬੀ ਜੀ ਨੇ 'ਜੀਵਨ-ਬਿਓਰਾ-ਮੈਂਬਰ ਸਾਹਿਬਾਨ' ਸ਼੍ਰੋਮਣੀ ਕਮੇਟੀ ਪਹਿਲੀ ਵਾਰ ਤਿਆਰ ਕਰਵਾ ਕੇ ਤਸਵੀਰਾਂ ਸਮੇਤ ਪ੍ਰਕਾਸ਼ਿਤ ਕਰਵਾਇਆ ਜੋ ਇਕ ਦਸਤਾਵੇਜ਼ੀ ਕਾਰਜ ਹੈ। ਖ਼ਾਲਸਾਈ ਖੇਡਾਂ ਦੀ ਅਰੰਭਤਾ ਵੀ ਇਹਨਾਂ ਦੇ ਸਮੇਂ ਹੀ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ 'ਚ ਪਹਿਲੀ ਸੀਨੀਅਰ ਮੀਤ ਪ੍ਰਧਾਨ ਹੋਣ ਦਾ ਮਾਣ ਵੀ ਬੀਬੀ ਜਗੀਰ ਕੌਰ ਜੀ ਨੂੰ ਪ੍ਰਾਪਤ ਹੋਇਆ। ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪਹਿਲੀ ਇਸਤਰੀ ਕਾਨਫ਼ਰੰਸ ਜਲੰਧਰ 'ਚ ਸਫਲਤਾ ਨਾਲ ਸੰਪੂਰਨ ਕੀਤੀ।

ਇਨ੍ਹਾਂ ਵਲੋਂ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀਆਂ ਸ਼ਕਤੀਆਂ ਦਾ ਵਿਕੇਂਦਰੀ-ਕਰਣ ਕਰਦਿਆਂ ਹਰੇਕ ਮੈਂਬਰ ਸਾਹਿਬਾਨ ਨੂੰ 50-50 ਹਜ਼ਾਰ ਦੀ ਸਾਲਾਨਾ ਗਰਾਂਟ ਆਪਣੇ ਹਲਕੇ 'ਚ ਧਰਮ ਤੇ ਸਮਾਜ ਭਲਾਈ ਕਾਰਜਾਂ ਲਈ ਵਰਤਣ ਦੇ ਅਧਿਕਾਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਦੀ ਕਾਰਜ ਵਿਧੀ ਨੂੰ ਸੁਧਾਰਣ ਲਈ ਮਾਸਟਰ ਗ੍ਰੇਡ ਲਾਗੂ ਕੀਤੇ। ਇਨ੍ਹਾਂ ਦੇ ਪ੍ਰਧਾਨਗੀ ਸਮੇਂ ਮਾਨਵਤਾ ਨੂੰ ਸੁਨਾਮੀ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ। ਸੁਨਾਮੀ ਸਮੇਂ ਬੀਬੀ ਜੀ ਨੇ ਸ. ਰਜਿੰਦਰ ਸਿੰਘ ਮਹਿਤਾ, ਸ. ਜਸਵਿੰਦਰ ਸਿੰਘ ਐਡਵੋਕੇਟ ਤੇ ਰੂਪ ਸਿੰਘ ਆਧਾਰਿਤ ਤਿੰਨ ਮੈਂਬਰੀ ਕਮੇਟੀ ਦੀ ਰੀਪੋਰਟ 'ਤੇ ਅਮਲ ਕਰਦਿਆਂ ਆਪ ਖ਼ੁਦ ਜਾ ਕੇ ਅੰਡੇਮਾਨ ਨਿਕੋਬਾਰ ਟਾਪੂਆਂ 'ਚ ਲਗਭਗ ਸਵਾ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਸੁਨਾਮੀ ਪੀੜਤ ਸਿੱਖ ਪਰਿਵਾਰਾਂ ਨੂੰ ਵੰਡੀ।

25 ਜਨਵਰੀ, 2000 ਨੂੰ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ 'ਚ ਗਿਆਨੀ

ਪੂਰਨ ਸਿੰਘ ਜੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਣਾ (ਮੱਧ ਪ੍ਰਦੇਸ਼) ਤੋਂ "ਹੁਕਮਨਾਮਾ" ਜਾਰੀ ਕਰ ਕੇ ਬੀਬੀ ਜਗੀਰ ਕੌਰ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਨੂੰ ਪੰਥ 'ਚੋਂ ਛੇਕ ਦਿੱਤਾ। 28 ਮਾਰਚ, 2000 ਨੂੰ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਕਮੇਟੀ ਨੇ ਗਿਆਨੀ ਪੂਰਨ ਸਿੰਘ ਜੀ ਨੂੰ ਸੇਵਾ-ਮੁਕਤ ਕਰ ਦਿੱਤਾ। ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਜਥੇਦਾਰੀ ਦਾ ਕਾਰਜ-ਭਾਗ ਸੰਭਾਲਦਿਆਂ ਪਹਿਲੇ ਹੁਕਮਨਾਮੇ ਰਾਹੀਂ ਗਿ: ਪੂਰਨ ਸਿੰਘ ਜੀ ਦੇ ਇਸ ਹੁਕਮ ਨੂੰ ਰੱਦ ਕਰ ਦਿੱਤਾ। ਸਿੱਖਾਂ ਦੇ ਲੀਡਰ ਵਜੋਂ ਵਿਚਰਨਾ ਕਦੇ ਵੀ ਆਸਾਨ ਨਹੀਂ ਰਿਹਾ। ਸ਼੍ਰੋਮਣੀ ਕਮੇਟੀ ਹਰ ਸਮੇਂ ਧਾਰਮਿਕ, ਸਮਾਜਿਕ, ਵਿੱਦਿਅਕ ਤੇ ਲੋਕ ਕਲਿਆਣਕਾਰੀ ਕਾਰਜਾਂ 'ਚ ਅਗਵਾਈ ਕਰਦੀ ਹੈ ਪਰ ਨੁਕਤਾਚੀਨੀ ਦਾ ਵੀ ਸਭ ਤੋਂ ਵੱਧ ਇਸ ਨੂੰ ਹੀ ਸਾਹਮਣਾ ਕਰਨਾ ਪੈਂਦਾ ਹੈ।

ਗੁਰਮਤਿ ਵਿਚਾਰਧਾਰਾ ਦੇ ਧਾਰਣੀ, ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਮਝ ਤੇ ਸੋਝੀ ਰੱਖਣ ਤੇ ਕੀਰਤਨ ਕਰਨ ਦੀ ਲਗਨ ਸਦਕਾ ਇਨ੍ਹਾਂ ਦੇ ਬੋਲ-ਚਾਲ 'ਚ ਗੁਰਮਤਿ ਦੀ ਭਾਵਨਾ ਪ੍ਰਗਟ ਹੁੰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਵਾਲੇ ਵਿਵਾਦਤ ਡੋਜੀਅਰ ਰੱਦ ਵੀ ਇਨ੍ਹਾਂ ਦੇ ਸਮੇਂ ਹੋਇਆ। ਇਨ੍ਹਾਂ ਵਿਚ ਫ਼ੈਸਲੇ ਲੈ ਕੇ ਦ੍ਰਿੜ੍ਹਤਾ ਨਾਲ ਅਮਲ ਕਰਨ ਦੀ ਅਥਾਹ ਸ਼ਕਤੀ ਤੇ ਸਮਰੱਥਾ ਹੈ। ਇਨ੍ਹਾਂ ਨੂੰ ਪ੍ਰਧਾਨਗੀ ਕਾਰਜ-ਕਾਲ ਸਮੇਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਵੀ ਜੂਝਣਾ ਅਤੇ ਵਿਵਾਦਾਂ ਨਾਲ ਸੰਘਰਸ਼ ਕਰਨਾ ਪਿਆ ਪਰ ਉਨ੍ਹਾਂ ਦੀ ਦਲੇਰੀ ਤੇ ਦ੍ਰਿੜ੍ਹਤਾ ਦੀ ਦਾਦ ਦੇਣੀ ਬਣਦੀ ਹੈ। ਅੱਜ-ਕੱਲ੍ਹ ਬੀਬੀ ਜਗੀਰ ਕੌਰ ਜੀ ਜ਼ਿਲ੍ਹਾ ਯੋਜਨਾ ਬੋਰਡ ਕਪੂਰਥਲਾ ਦੇ ਮੁਖੀ ਵਜੋਂ ਕਾਰਜਸ਼ੀਲ ਹਨ।

•

24

ਜਥੇਦਾਰ ਜਗਦੇਵ ਸਿੰਘ ਤਲਵੰਡੀ

ਗੁਰਸਿੱਖੀ ਸ਼ਰਧਾ ਭਾਵਨਾ ਨਾਲ ਓਤ-ਪੋਤ, ਗੁਰਬਾਣੀ ਦੇ ਨੇਮੀ-ਪ੍ਰੇਮੀ, ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸਦ-ਜਾਗਤ, ਜਜ਼ਬਾਤੀ ਟਕਸਾਲੀ ਗੁਰਸਿੱਖ, ਲੋਕ ਸਭਾ, ਰਾਜ ਸਭਾ ਦੇ ਸਾਬਕਾ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ 49 ਸਾਲ ਤੋਂ ਨਿਰੰਤਰ ਮੈਂਬਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਤਿਕਾਰਤ ਅਹੁਦਾ ਹੰਢਾ ਚੁੱਕੇ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਦੀ ਸਿੱਖ ਧਰਮ ਤੇ ਰਾਜਨੀਤੀ 'ਚ ਵਿਲੱਖਣ ਪਹਿਚਾਣ ਹੈ। ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਦਾ ਜਨਮ 1929 ਈ. 'ਚ ਜਥੇਦਾਰ ਛਾਂਗਾ ਸਿੰਘ ਤੇ ਮਾਤਾ ਜਸਮੇਲ ਕੌਰ ਦੇ ਘਰ ਮੁਲਾਂਪੁਰ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) 'ਚ ਹੋਇਆ। ਜਥੇਦਾਰ ਛਾਂਗਾ ਸਿੰਘ ਜੀ ਧਾਰਮਿਕ ਬਿਰਤੀ ਦੇ ਧਾਰਣੀ, ਪੰਥਕ ਸਰਗਰਮੀਆਂ 'ਚ ਭਾਗ ਲੈਣ ਵਾਲੇ ਜਗੀਰਦਾਰ ਕਿਸਾਨ ਸਨ। ਤਲਵੰਡੀ ਸਾਹਿਬ ਦੇ ਪਿਤਾ ਜੀ ਨੇ ਨਨਕਾਣਾ ਸਾਹਿਬ, ਗੁਰੂ ਕੇ ਬਾਗ਼, ਜੈਤੋ ਤੇ ਡਸਕੇ ਦੇ ਮੋਰਚੇ 'ਚ ਭਾਗ ਲਿਆ ਤੇ ਕੈਦ ਕੱਟੀ ਸੀ। 7 ਫ਼ਰਵਰੀ, 1955 ਨੂੰ ਸ਼੍ਰੋਮਣੀ ਕਮੇਟੀ ਦੇ ਹੋਏ ਪਹਿਲੇ ਜਨਰਲ ਇਜਲਾਸ ਸਮੇਂ ਜਥੇਦਾਰ ਛਾਂਗਾ ਸਿੰਘ ਬਤੌਰ ਮੈਂਬਰ ਹਾਜ਼ਰ ਸਨ। ਇਸ ਉਲੇਖ ਤੋਂ ਸਪੱਸ਼ਟ ਹੈ ਕਿ ਤਲਵੰਡੀ ਸਾਹਿਬ ਦਾ ਪਾਲਣ ਪੋਸਣ ਪੰਥਕ ਪਰਿਵਾਰ 'ਚ ਪ੍ਰਵਾਨ ਚੜ੍ਹਿਆ। ਇਨ੍ਹਾਂ ਦਾ ਬਾਲਪਨ ਲਾਇਲਪੁਰ ਦੀ ਜ਼ਰਖ਼ੇਜ਼ ਧਰਤੀ 'ਤੇ ਬੀਤਿਆ। 18 ਸਾਲ ਦੀ ਉਮਰ 'ਚ ਇਨ੍ਹਾਂ ਦਾ ਵਿਆਹ ਬੀਬੀ ਮਹਿੰਦਰ ਕੌਰ ਨਾਲ ਹੋਇਆ। ਦੇਸ਼-ਵੰਡ ਸਮੇਂ ਇਹ ਲਾਇਲਪੁਰ ਛੱਡ ਕੇ ਤਲਵੰਡੀ ਰਾਇ (ਲੁਧਿਆਣਾ) 'ਚ ਪਰਿਵਾਰ ਸਮੇਤ ਵੱਸ ਗਏ। ਇਨ੍ਹਾਂ ਦੇ ਘਰ ਦੋ ਲੜਕਿਆਂ ਤੇ ਦੋ ਬੱਚੀਆਂ ਨੇ ਜਨਮ ਲਿਆ। 1952 ਈ. 'ਚ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ, ਭਿੰਡਰਾਂਵਾਲੇ ਦੇ ਜਥੇ ਵੱਲੋਂ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਪੰਥਕ ਪਰਿਵਾਰ ਦੇ ਮੈਂਬਰ ਬਣ ਗਏ। ਇਸ ਪੰਥਕ ਪਰਿਵਾਰ ਦਾ ਇਲਾਕੇ 'ਚ ਅੱਜ ਵੀ ਪੂਰਾ ਮਾਣ-ਸਨਮਾਨ ਹੈ। 1952 ਈ. ਵਿਚ ਪਿੰਡ ਦੇ ਬਿਨਾਂ ਮੁਕਾਬਲਾ ਸਰਪੰਚ ਚੁਣੇ ਗਏ ਤੇ ਨਿਰੰਤਰ 17 ਸਾਲ ਪਿੰਡ ਦੇ ਸਰਪੰਚ ਵਜੋਂ ਸੇਵਾ ਕਰਦੇ ਰਹੇ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ 'ਚ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਤੇ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦਾ ਪ੍ਰਵੇਸ਼ ਲਗਭਗ ਬਰਾਬਰ



ਜਥੇਦਾਰ ਜਗਦੇਵ ਸਿੰਘ ਤਲਵੰਡੀ

ਹੀ ਹੋਇਆ। 1960 ਈ. ਵਿਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋਈਆਂ, ਜਿਸ ਵਿਚ ਤਲਵੰਡੀ ਸਾਹਿਬ ਰਾਇਕੋਟ ਹਲਕੇ ਤੋਂ ਮੈਂਬਰ ਚੁਣੇ ਗਏ ਤੇ ਨਿਰੰਤਰ ਇਸ ਹਲਕੇ ਤੋਂ ਮੈਂਬਰ ਵਜੋਂ ਸੇਵਾ ਨਿਬਾਹ ਰਹੇ ਹਨ। ਜਥੇਦਾਰ ਤਲਵੰਡੀ ਸਿੱਖ ਰਾਜਨੀਤੀ 'ਚ ਬਹੁਤ ਸਰਗਰਮ ਭੂਮਿਕਾ ਨਿਬਾਹੁੰਦੇ ਰਹੇ ਹਨ। 1967 ਈ. ਵਿਚ ਪੰਜਾਬ ਵਿਧਾਨ ਸਭਾ ਦੇ ਪੰਜਾਬ 'ਚੋਂ ਸਭ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਮੈਂਬਰ ਚੁਣੇ ਗਏ ਅਤੇ ਅਕਾਲੀ ਵਿਧਾਨਕਾਰ ਪਾਰਟੀ ਦੇ ਨੇਤਾ ਵਜੋਂ ਸੇਵਾ ਨਿਬਾਹੀ। ਆਪ 1969 ਈ. ਵਿਚ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਵਜੋਂ ਕਾਰਜ਼ਸੀਲ ਰਹੇ। ਇਨ੍ਹਾਂ ਨੂੰ 1971 ਈ. ਵਿਚ ਵੀ ਪੰਜਾਬ ਵਿਧਾਨ ਸਭਾ ਦੇ ਮੈਂਬਰ ਹੋਣ ਦਾ ਮਾਣ ਹਾਸਲ ਹੋਇਆ।

ਸ. ਗੁਰਨਾਮ ਸਿੰਘ ਦੀ ਸਰਕਾਰ 'ਚ ਪੰਜਾਬ ਸਰਕਾਰ ਦੇ ਵਿਕਾਸ ਤੇ ਪਸ਼ੂ-ਪਾਲਣ ਵਿਭਾਗ ਦੇ ਮੰਤਰੀ ਬਣੇ। ਸ. ਪਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਸਮੇਂ ਜੇਲ੍ਹਾਂ, ਖੇਡ ਵਿਭਾਗ ਤੇ ਟਰਾਂਸਪੋਰਟ ਮੰਤਰੀ ਵਜੋਂ ਕਾਰਜਸ਼ੀਲ ਰਹੇ। 1972 ਈ. 'ਚ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਣ ਗਏ ਅਤੇ 1974 ਈ. 'ਚ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੇ ਸਤਿਕਾਰਤ ਅਹੁਦੇ 'ਤੇ ਬਿਰਾਜਮਾਨ ਹੋਏ। ਜਥੇਦਾਰ ਸਾਹਿਬ 1977 ਈ. ਵਿਚ ਲੋਕ ਸਭਾ ਦੀਆਂ ਚੋਣਾਂ ਸਮੇਂ ਇਕ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਮੈਂਬਰ, ਲੋਕ ਸਭਾ ਚੁਣੇ ਗਏ। ਪੰਥ ਤੇ ਪੰਜਾਬ ਨਾਲ ਸੰਬੰਧਿਤ ਹਰ ਮੋਰਚੇ ਸਮੇਂ ਜੇਲ੍ਹ ਯਾਤਰਾ ਕੀਤੀ। ਐਮਰਜੈਂਸੀ ਦੇ ਮੋਰਚੇ ਸਮੇਂ ਇਨ੍ਹਾਂ ਨੇ 19 ਮਹੀਨੇ ਜੇਲ੍ਹ 'ਚ ਗੁਜ਼ਾਰੇ। ਪੰਜਾਬ ਅਤੇ ਪੰਥਕ ਰਾਜਨੀਤੀ 'ਚ ਸ. ਪਰਕਾਸ਼ ਸਿੰਘ ਜੀ ਬਾਦਲ, ਗੁਰਪੁਰਵਾਸੀ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਅਤੇ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਦਾ ਹਮੇਸ਼ਾ ਪ੍ਰਭਾਵ ਰਿਹਾ ਹੈ। ਇਨ੍ਹਾਂ ਦੀ ਵਿਚਾਰਧਾਰਕ ਏਕਤਾ ਨੇ ਰਾਜਨੀਤਕ ਸਫਲਤਾ ਦੀਆਂ ਸਰ-ਬੁਲੰਦੀਆਂ ਨੂੰ ਛੂਹਿਆ ਤੇ ਮਾਣਿਆ ਪਰ ਆਪਸੀ ਮੱਤ-ਭੇਦਾਂ ਕਰਕੇ ਇਨ੍ਹਾਂ ਨੂੰ ਰਾਜਸੀ ਨੁਕਸਾਨ ਦਾ ਵੀ ਸਾਹਮਣਾ ਕਰਨਾ ਪਿਆ। 27 ਸਤੰਬਰ, 1979 ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ, ਸ਼੍ਰੋਮਣੀ ਕਮੇਟੀ ਤੇ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੇ ਦਿੱਤੇ ਪਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਉਲੰਘਣਾ ਕਰਨ ਕਾਰਨ ਤਲਵੰਡੀ ਸਾਹਿਬ ਨੂੰ 16 ਨਵੰਬਰ, 1979 ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਜੋ ਇਨ੍ਹਾਂ 23 ਨਵੰਬਰ, 1979 ਨੂੰ ਤਨਖ਼ਾਹ ਪ੍ਰਵਾਨ ਕੀਤੀ।

ਜੁਲਾਈ, 1980 ਈ. 'ਚ ਰਾਜ ਸਭਾ ਦੇ ਮੈਂਬਰ ਚੁਣੇ ਗਏ। ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਵਾਸਤੇ 1982 ਈ. ਦਿੱਲੀ 'ਚ ਮੋਰਚਾ ਲਾਇਆ। ਪੰਜਾਬ ਦੇ ਬਿਖੜੇ ਹਾਲਾਤ ਦੌਰਾਨ ਕਪੂਰੀ ਮੋਰਚੇ ਤੇ ਧਰਮ ਯੁੱਧ ਮੋਰਚੇ 'ਚ ਵਿਸ਼ੇਸ਼ ਯੋਗਦਾਨ ਪਾਇਆ। ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਸਵੀਕਾਰਦਿਆਂ ਤਲਵੰਡੀ ਸਾਹਿਬ ਧਰਮ ਯੁੱਧ ਮੋਰਚੇ 'ਚ ਸ਼ਾਮਿਲ ਹੋ ਗਏ ਅਤੇ ਇਕ ਵੱਡੇ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ। 1982 ਈ. 'ਚ ਪੰਥਕ ਹੁਕਮ ਨੂੰ ਮੰਨਦਿਆਂ ਰਾਜ ਸਭਾ ਤੋਂ

ਅਸਤੀਫ਼ਾ ਦੇ ਦਿੱਤਾ। ਜੂਨ, 1984 'ਚ ਭਾਰਤ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਫ਼ੌਜੀ ਹਮਲੇ ਸਮੇਂ ਵੀ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਲੰਮਾ ਸਮਾਂ ਬੰਦੀ ਬਣਾ ਕੇ ਜੇਲ੍ਹ 'ਚ ਰੱਖਿਆ ਗਿਆ। 1985 ਈ. ਵਿਚ ਪੰਥਕ ਏਕਤਾ ਦੇ ਨਾਂ 'ਤੇ ਬਣੇ ਸੰਯੁਕਤ ਅਕਾਲੀ ਦਲ 'ਚ ਸ਼ਾਮਿਲ ਹੋ ਗਏ।

7 ਮਾਰਚ, 1960 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਸਮੇਂ ਪਹਿਲੀ ਵਾਰ, ਮੈਂਬਰ ਵਜੋਂ ਹਾਜ਼ਰ ਹੋਏ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 1960, 1965, 1979, 1996 ਤੇ 2004 ਈ. 'ਚ ਹੋਈਆਂ। ਹਰੇਕ ਵਾਰ ਤਲਵੰਡੀ ਸਾਹਿਬ ਮੈਂਬਰ ਚੁਣੇ ਗਏ। ਸ਼ਾਇਦ ਲੋਕਤੰਤਰੀ ਪ੍ਰਬੰਧ 'ਚ ਇਹ ਇਕ ਕੀਰਤੀਮਾਨ ਹੋਵੇ ਕਿ ਇਕ ਵਿਅਕਤੀ, ਮੈਂਬਰ ਵਜੋਂ ਨਿਰੰਤਰ ਚੋਣ ਜਿੱਤੇ ਹੋਣ। ਇਸ ਸਮੇਂ ਦੌਰਾਨ ਤਲਵੰਡੀ ਸਾਹਿਬ 1965, 1966, 1976, 1977, 1978 ਈ. 'ਚ ਅੰਤ੍ਰਿੰਗ ਕਮੇਟੀ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) 'ਚ ਵੀ ਬਤੌਰ ਮੈਂਬਰ ਤਲਵੰਡੀ ਸਾਹਿਬ ਨੇ ਲੰਮੇਰਾ ਸਮਾਂ ਸੇਵਾ ਨਿਬਾਹੀ ਹੈ।

ਆਪ ਜੀ ਨੇ 30 ਨਵੰਬਰ, 2000 ਨੂੰ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਪ੍ਰਧਾਨਗੀ ਪਦ ਸੰਭਾਲਦਿਆਂ ਹੀ **ਸਿੱਖਾਂ ਨੂੰ ਵਿਸ਼ਵਾਸ ਤੇ ਅਹਿਸਾਸ ਕਰਵਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਦੀ ਸਰਦਾਰੀ ਕਾਇਮ ਰਹੇਗੀ**। ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ 'ਚ ਵੱਖਰੀ ਪ੍ਰਬੰਧਕ ਕਮੇਟੀ ਬਣਨ 'ਤੇ ਪਾਕਿਸਤਾਨ ਗੁਰਦੁਆਰਿਆਂ ਦੇ ਦਰਸ਼ਨਾਂ ਵਾਸਤੇ ਜਾਣ ਵਾਲੇ ਜਥੇ ਭੇਜਣੇ ਬੰਦ ਕਰ ਦਿੱਤੇ ਸਨ। ਇਸ ਨਾਲ ਜਿਥੇ ਯਾਤਰੂਆਂ ਨੂੰ ਦਿੱਕਤ ਆਉਂਦੀ ਸੀ, ਉਸ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਸ਼ਰੀਕਾਂ ਨੂੰ ਚੌਧਰੀ ਬਣਨ ਦਾ ਮੌਕਾ ਮਿਲਿਆ। ਤਲਵੰਡੀ ਸਾਹਿਬ ਨੇ ਜਥੇ ਭੇਜਣ ਦੀ ਪਿਰਤ ਨੂੰ ਸੁਰਜੀਤ ਕਰ ਕੇ, ਸ਼੍ਰੋਮਣੀ ਕਮੇਟੀ ਦੀ ਸਿਰਦਾਰੀ ਨੂੰ ਕਾਇਮ ਕੀਤਾ। ਸਿੱਖ ਵਿੱਦਿਅਕ ਅਦਾਰਿਆਂ ਨੂੰ ਘੱਟ-ਗਿਣਤੀ ਦਰਜਾ ਦਿਵਾਉਣ ਵਾਸਤੇ ਤਲਵੰਡੀ ਸਾਹਿਬ ਦੇ ਯਤਨ ਸਾਰਥਿਕ ਹੋਏ। ਇਸ ਨਾਲ ਸਿੱਖ ਵਿੱਦਿਅਕ ਸੰਸਥਾਵਾਂ 'ਚ ਸਾਬਤ ਸੂਰਤ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ 'ਤੇ ਦਾਖ਼ਲੇ ਦੇਣੇ ਸ਼ੁਰੂ ਹੋਏ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਨਵੀਂ ਸੇਧ ਤੇ ਦਿਸ਼ਾ ਪ੍ਰਦਾਨ ਕਰਨ ਵਾਸਤੇ ਤਲਵੰਡੀ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਵਾਸਤੇ ਸਿਰੋਪਾਓ ਦੀ ਪੁਰਾਤਨ ਮਰਯਾਦਾ ਬਹਾਲ ਕੀਤੀ। ਸ੍ਰੀ ਦਰਬਾਰ ਸਾਹਿਬ 'ਚ ਸ਼ਰਧਾਲੂਆਂ ਵੱਲੋਂ ਕਰਵਾਏ ਜਾਂਦੇ ਅਖੰਡ ਪਾਠਾਂ ਵਾਸਤੇ ਵੱਖਰੇ ਕਮਰਿਆਂ ਦਾ ਨਿਰਮਾਣ ਕਰਵਾਇਆ ਤੇ ਸੰਬੰਧਿਤਾਂ ਨੂੰ ਅਖੰਡ ਪਾਠ ਸਮੇਂ ਹਾਜ਼ਰ ਰਹਿਣ ਲਈ ਜ਼ਰੂਰੀ ਕਰਾਰ ਦਿੱਤਾ। ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ, ਝਬਾਲ ਦੀ ਕਾਰ-ਸੇਵਾ ਬਾਬਾ ਦਰਸ਼ਨ ਸਿੰਘ ਕਰਵਾ ਰਹੇ ਸਨ, ਜਿਸ ਦੇ ਉਹ ਖ਼ੁਦ ਪ੍ਰਬੰਧਕ ਬਣ ਬੈਠੇ। ਤਲਵੰਡੀ ਸਾਹਿਬ ਨੇ ਗੁਰਦੁਆਰਾ ਸਾਹਿਬ ਦਾ ਮੁਕੰਮਲ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਲੈ ਕੇ ਦਿੱਤਾ। ਇਸ ਸਮੇਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀਆਂ ਮਨਾਉਣ ਲਈ ਵਿਸ਼ੇਸ਼ ਯੋਜਨਾਵਾਂ ਉਲੀਕੀਆਂ ਗਈਆਂ।

ਇਨ੍ਹਾਂ ਦੀ ਪ੍ਰਧਾਨਗੀ ਦੇ ਕਾਰਜ-ਕਾਲ ਸਮੇਂ ਹੀ ਧਰਮ ਦੇ ਪ੍ਰਚਾਰ-ਪ੍ਰਸਾਰ ਵਾਸਤੇ ਵਿਸ਼ੇਸ਼ ਗੁਰਮਤਿ ਟ੍ਰੇਨਿੰਗ ਕੈਂਪ ਲੱਗੇ ਤੇ ਸੈਮੀਨਾਰ ਹੋਏ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਵੱਖ-ਵੱਖ ਇਲਾਕਿਆਂ 'ਚ ਪ੍ਰਚਾਰ ਵਹੀਰਾਂ ਅਰੰਭ ਕੀਤੀਆਂ। ਪਾਠ-ਬੋਧ ਸਮਾਗਮਾਂ ਦੀ ਪੰਥਕ ਪਿਰਤ ਨੂੰ ਮੁੜ ਸੁਰਜੀਤ ਕਰਦਿਆਂ ਤਖ਼ਤ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਤੋਂ ਅਰੰਭਤਾ ਕੀਤੀ। ਗੁਜਰਾਤ 'ਚ 26 ਜਨਵਰੀ, 2001 ਨੂੰ ਆਏ ਭਿਆਨਕ ਭੁਚਾਲ ਸਮੇਂ ਦੁਖੀ ਮਾਨਵਤਾ ਦੀ ਸਹਾਇਤਾ ਵਾਸਤੇ ਵਿਸ਼ੇਸ਼ ਰਾਹਤ ਸਮਗਰੀ ਤੇ ਆਰਥਿਕ ਸਹਾਇਤਾ ਭੇਜ ਕੇ ਨਾਮਣਾ ਖੱਟਿਆ। ਪੰਥਕ ਮਸਲਿਆਂ ਸੰਬੰਧੀ ਕੇਂਦਰੀ ਨੇਤਾਵਾਂ ਨਾਲ ਵੀ ਵਿਚਾਰ-ਚਰਚਾ ਕੀਤੀ। 6 ਫ਼ਰਵਰੀ, 2001 ਨੂੰ ਸ੍ਰੀ ਅਟੱਲ ਬਿਹਾਰੀ ਵਾਜਪਾਈ, ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਗੁਜਰਾਤ 'ਚ ਆਏ ਭਿਆਨਕ ਭੂਚਾਲ ਰਾਹਤ ਫੰਡ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਚੈੱਕ ਭੇਂਟ ਕੀਤਾ। ਜੰਮੂ-ਕਸ਼ਮੀਰ ਦੇ ਚਿਟੀ ਸਿੰਘਪੁਰਾ 'ਚ ਨਿਰਦੋਸ਼ ਸਿੱਖਾਂ ਦਾ ਸਮੂਹਿਕ ਕਤਲੇਆਮ ਕੀਤਾ ਗਿਆ ਤਾਂ ਵੀ ਪੀੜਤਾਂ ਨਾਲ ਹਮਦਰਦੀ ਦਾ ਅਜ਼ਹਾਰ ਕਰਦਿਆਂ ਆਰਥਿਕ ਸਹਾਇਤਾ ਦਿੱਤੀ ਗਈ। ਗ੍ਰਹਿ ਮੰਤਰੀ ਅਡਵਾਨੀ ਨਾਲ ਵੀ ਉਨ੍ਹਾਂ ਵਿਸ਼ੇਸ਼ ਮੁਲਾਕਾਤ ਕਰ ਕੇ ਚਿੱਟੀ ਸਿੰਘਪੁਰਾ, ਜੰਮੂ ਕਸ਼ਮੀਰ 'ਚ ਹੋਏ ਸਿੱਖ ਸਮੂਹਿਕ ਕਤਲੇਆਮ ਦਾ ਮੁੱਦਾ ਉਠਾਇਆ। ਅਖੌਤੀ ਸਾਧ ਭਨਿਆਰੇ ਵਾਲੇ ਵਿਰੁੱਧ ਆਪਣੇ ਪ੍ਰਧਾਨਗੀ ਕਾਰਜ-ਕਾਲ ਸਮੇਂ ਜ਼ਬਰਦਸਤ ਮੁਹਿੰਮ ਚਲਾ ਕੇ ਅਖ਼ੌਤੀ ਸਾਧ ਦਾ ਨੱਕ 'ਚ ਦਮ ਕਰ ਦਿੱਤਾ। ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਦੀਵਾਨ ਹਾਲ ਦੀ ਅਰੰਭਤਾ ਤੇ ਚਮਕੌਰ ਸਾਹਿਬ ਵਿਖੇ ਪੁਰਾਤਨ ਬਾਉਲੀ ਦੇ ਸੰਭਾਲ ਕਾਰਜ ਦਾ ਅਰੰਭ ਤਲਵੰਡੀ ਸਾਹਿਬ ਦੇ ਸਮੇਂ ਹੀ ਹੋਇਆ। ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ਤੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਵਾਸਤੇ ਆਉਂਦੀਆਂ ਸੰਗਤਾਂ ਦੀ ਸਹੂਲਤ ਲਈ ਫ਼ਰੀ ਬੱਸ-ਸੇਵਾ ਸ਼ੁਰੂ ਕੀਤੀ ਗਈ।

27 ਨਵੰਬਰ, 2001 ਨੂੰ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਜਨਰਲ ਇਜਲਾਸ ਸਮੇਂ ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। ਇਸ ਤਰ੍ਹਾਂ ਇਨ੍ਹਾਂ ਦਾ ਪ੍ਰਧਾਨਗੀ ਕਾਰਜ-ਕਾਲ ਸੰਪੂਰਨ ਹੋ ਗਿਆ। ਅਕਾਲੀ ਆਗੂਆਂ 'ਚੋਂ ਬਜ਼ੁਰਗਵਾਰ ਅਕਾਲੀ ਆਗੂ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਬੇਬਾਕ, ਸਿੱਖ ਸ਼ਖ਼ਸੀਅਤ ਵਜੋਂ ਵਿਚਰਦੇ ਹਨ। ਸਿੱਖ ਰਾਜਨੀਤੀ ਦੇ ਸ਼ਾਹ ਸਵਾਰ ਜਥੇਦਾਰ ਤਲਵੰਡੀ ਨੂੰ ਸਿੱਖੀ ਸ਼ਰਧਾ ਭਾਵਨਾ ਤੇ ਸਾਬਤ ਕਦਮੀ ਦੇ ਗੁਣ ਵਿਰਸੇ ਵਿਚ ਮਿਲੇ। ਭਾਵੇਂ ਕਿ ਤਲਵੰਡੀ ਸਾਹਿਬ ਜਜ਼ਬਾਤੀ ਸੁਭਾਅ ਕਰਕੇ ਕਾਹਲੇ ਪੈ ਜਾਂਦੇ ਹਨ ਪਰ ਜਲਦੀ ਹੀ ਸ਼ਾਂਤ ਵੀ ਹੋ ਜਾਂਦੇ ਹਨ।

ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਨੇ ਭਾਵੇਂ ਸੰਸਾਰਕ ਅੱਖਰ-ਗਿਆਨ ਪ੍ਰਾਪਤ ਨਹੀਂ ਕੀਤਾ ਪਰ ਤਜਰਬੇ ਦੀ ਟਕਸਾਲ 'ਚ ਜੋ ਘਾੜਤ ਉਨ੍ਹਾਂ ਦੀ ਘੜੀ ਗਈ, ਉਹ ਇਕ ਮਿਸਾਲ ਹੈ। ਉਹ ਮੰਨਦੇ ਹਨ ਕਿ ਜੀਵਨ ਸੰਗਰਾਮ 'ਚ ਧਰਮ ਦੀ ਰੋਸ਼ਨੀ ਹੀ ਅਸਲ ਮਾਰਗ-ਦਰਸ਼ਨ ਕਰਦੀ ਹੈ। ਬੇਬਾਕ ਸੁਭਾਅ ਦੇ ਮਾਲਕ ਤਲਵੰਡੀ ਸਾਹਿਬ ਕਹਿੰਦੇ ਹਨ ਕਿ ਨਾ ਮੈਂ ਗੁਰੂ ਘਰ ਦਾ ਪੈਸਾ ਖਾਧਾ ਹੈ ਤੇ ਨਾ

ਹੀ ਕਿਸੇ ਨੂੰ ਖਾਣ ਦਿੱਤਾ ਹੈ। ਕਾਲੀ ਦਸਤਾਰ ਦੇ ਧਾਰਣੀ ਤਲਵੰਡੀ ਸਾਹਿਬ ਦਾ ਕਹਿਣਾ ਹੈ ਕਿ ਮੈਂ ਜਮਾਂਦਰੂ ਅਕਾਲੀ ਹਾਂ ਤੇ ਅਕਾਲ ਦੇ ਪੁਜਾਰੀ ਅਕਾਲੀ ਵਜੋਂ ਹੀ ਇਸ ਸੰਸਾਰ ਨੂੰ ਫ਼ਤਹਿ ਬੁਲਾਵਾਂਗਾ। ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਪਾਸ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹੈ ਜਾਂ ਨਹੀਂ, ਪਰ ਉਨ੍ਹਾਂ ਦੀ ਅਕਾਲੀ ਜਥੇਦਾਰ ਵਜੋਂ ਠਾਠ-ਬਾਠ ਹਮੇਸ਼ਾ ਕਾਇਮ ਰਹੀ ਹੈ ਅਤੇ ਅੱਜ-ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵਜੋਂ ਸੇਵਾ ਨਿਬਾਹ ਰਹੇ ਹਨ ਅਤੇ ਪਰਿਵਾਰ ਸਮੇਤ ਸਰਾਭਾ ਨਗਰ, ਲੁਧਿਆਣਾ ਵਿਖੇ ਨਿਵਾਸ ਰੱਖ ਰਹੇ ਹਨ।

•

25

ਪ੍ਰੋ. ਕਿਰਪਾਲ ਸਿੰਘ ਬਡੂੰਗਰ

ਗੁਰਸਿੱਖੀ ਗੁਣਾਂ ਨਾਲ ਓਤ-ਪੋਤ, ਵਿੱਦਿਆ ਪ੍ਰੇਮੀ, ਉੱਘੇ ਲੇਖਕ, ਵਿਦਵਾਨ ਬੁਲਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਪਦਵੀ 'ਤੇ ਸੁਸ਼ੋਭਿਤ ਹੋ ਚੁੱਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਜਨਮ 14 ਜਨਵਰੀ, 1942 ਈ. ਨੂੰ ਪਿਤਾ ਡਾ. ਗੁਰਚਰਨ ਸਿੰਘ ਜੀ ਤੇ ਮਾਤਾ ਇੰਦਰ ਕੌਰ ਜੀ ਦੇ ਘਰ ਪਿੰਡ ਬਡੂੰਗਰ, ਜ਼ਿਲ੍ਹਾ ਪਟਿਆਲਾ 'ਚ ਹੋਇਆ। ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਨੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਖ਼ਾਲਸਾ ਕਾਲਜ, ਪਟਿਆਲਾ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕਰ ਕੇ ਮਹਿੰਦਰਾ ਕਾਲਜ, ਪਟਿਆਲਾ ਤੋਂ ਐਮ.ਏ. ਅੰਗਰੇਜ਼ੀ ਕੀਤੀ। ਇਨ੍ਹਾਂ ਨੇ ਪੜ੍ਹਾਈ ਦੌਰਾਨ ਵਿਦਿਆਰਥੀ ਸਰਗਰਮੀਆਂ ਵਿਚ ਹਿੱਸਾ ਲੈਂਦਿਆਂ ਵਿਦਿਆਰਥੀ ਲੀਡਰ ਵਜੋਂ ਨਾਮਣਾ ਖੱਟਿਆ।

ਆਪ ਦਿਨ-ਰਾਤ ਸਾਹਿਤ ਪੜ੍ਹਦੇ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਕ੍ਰਾਂਤੀਕਾਰੀ ਤਰੀਕੇ ਨਾਲ ਆਵਾਜ਼ ਉਠਾਉਂਦੇ ਤੇ ਬੇਬਾਕੀ ਨਾਲ ਲਿਖਦੇ ਹਨ। ਆਪ ਪਬਲਿਕ ਹੈੱਲਥ, ਮਿਊਂਸਿਪਲ ਕਮੇਟੀ ਤੇ ਭਾਸ਼ਾ ਵਿਭਾਗ ਪੰਜਾਬ 'ਚ ਵੱਖ-ਵੱਖ ਅਹੁਦਿਆਂ 'ਤੇ ਕਾਰਜਸ਼ੀਲ ਰਹੇ। ਇਨ੍ਹਾਂ ਨੇ ਕੁਝ ਸਮਾਂ ਹਾਇਰ ਸੈਕੰਡਰੀ ਸਕੂਲ, ਲੋਪੋਕੇ ਵਿਖੇ ਲੈਕਚਰਾਰ ਵਜੋਂ ਸੇਵਾ ਕੀਤੀ ਅਤੇ ਫਿਰ ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਵਿਖੇ ਪ੍ਰਾਧਿਆਪਕ ਵਜੋਂ ਸੇਵਾ ਕਰਦੇ ਰਹੇ। ਇਨ੍ਹਾਂ ਦਾ ਅਨੰਦ ਕਾਰਜ ਬੀਬੀ ਨਿਰਮਲ ਕੌਰ ਜੀ ਨਾਲ ਹੋਇਆ। ਇਨ੍ਹਾਂ ਨੇ ਪਰਿਵਾਰ ਨੂੰ ਸਿੱਖੀ ਸੰਸਕਾਰ ਦੇਣ ਦੇ ਸਾਰਥਿਕ ਯਤਨ ਕੀਤੇ, ਜਿਸ ਦੇ ਮਿੱਠੇ ਸੁਖਾਵੇਂ ਫਲ ਵਜੋਂ ਇਨ੍ਹਾਂ ਦੇ ਬੱਚੇ-ਬੱਚੀਆਂ, ਪੋਤੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਸਿੱਖੀ ਸਰੂਪ ਵਿਚ ਰਹਿ ਕੇ ਸਮਾਜ ਵਿਚ ਇਨ੍ਹਾਂ ਦਾ ਸਿਰ ਉੱਚਾ ਕਰ ਰਹੇ ਹਨ।

ਪ੍ਰੋ. ਬਡੂੰਗਰ ਨੇ ਆਪਣੇ ਬੌਧਿਕ ਚਰਿੱਤਰ ਤੇ ਬਹੁਪੱਖੀ ਗੁਣਾਂ ਦੇ ਬਲਬੂਤੇ ਰਾਜਨੀਤੀ ਵਿਚ ਪ੍ਰਵੇਸ਼ ਕੀਤਾ। ਡੂੰਘੇ ਧਾਰਮਿਕ ਸੰਸਕਾਰਾਂ ਵਾਲੇ ਪ੍ਰੋ. ਬਡੂੰਗਰ ਹੋਰੀਂ ਪੰਥਕ ਜਜ਼ਬੇ ਨਾਲ ਸਰਸ਼ਾਰ ਹਨ। ਰਾਜਨੀਤਕ ਗਤੀਵਿਧੀਆਂ 'ਚ ਸ਼ਾਮਿਲ ਹੋਣ ਕਰਕੇ ਅਕਾਲੀ ਦਲ (ਦਿਹਾਤੀ) ਪਟਿਆਲਾ ਦੇ ਜਨਰਲ ਸਕੱਤਰ ਬਣੇ। ਐਮਰਜੈਂਸੀ ਮੋਰਚੇ ਸਮੇਂ ਵੱਡੇ ਜਥੇ ਦੀ ਅਗਵਾਈ ਕਰ ਕੇ ਜੇਲ੍ਹ ਯਾਤਰਾ ਵੀ ਕੀਤੀ। ਮੇਰਠ ਗੁਰਦੁਆਰੇ ਦੇ ਮੋਰਚੇ, ਕਪੂਰੀ ਮੋਰਚੇ, ਧਰਮ ਯੁੱਧ ਮੋਰਚੇ ਸਮੇਂ ਲੰਮਾ ਸਮਾਂ ਜੇਲ੍ਹ ਯਾਤਰਾ



ਪ੍ਰੋ: ਕਿਰਪਾਲ ਸਿੰਘ ਬਡੂੰਗਰ

ਕੀਤੀ। ਇਨ੍ਹਾਂ ਨੇ 1990 ਈ. ਵਿਚ ਸਮਾਣਾ ਹਲਕੇ ਤੋਂ ਐਮ.ਐਲ.ਏ. ਦੀ ਚੋਣ ਲੜੀ। ਬਰਨਾਲਾ ਸਰਕਾਰ ਦੌਰਾਨ ਇਨ੍ਹਾਂ ਨੂੰ ਅਕਾਲੀ ਦਲ ਦੇ ਆਰਗੇਨਾਈਜ਼ਿੰਗ ਸਕੱਤਰ ਹੋਣ ਦਾ ਮਾਣ ਹਾਸਲ ਹੋਇਆ ਅਤੇ 1996 ਈ. ਵਿਚ ਬਤੌਰ ਸਕੱਤਰ, ਸ਼੍ਰੋਮਣੀ ਅਕਾਲੀ ਦਲ ਵਜੋਂ ਅਹਿਮ ਭੂਮਿਕਾ ਨਿਬਾਹੀ। ਇਨ੍ਹਾਂ ਦੀ ਬੌਧਿਕ ਪ੍ਰਤਿਭਾ ਨੇ ਅਕਾਲੀ ਰਾਜਨੀਤੀ ਨੂੰ ਆਦਰਸ਼ਕ ਸੇਧ ਦੇਣ ਵਿਚ ਭਰਵਾਂ ਹਿੱਸਾ ਪਾਇਆ।

ਆਪ ਆਪਣੀ ਸੂਖਮਤਾ ਅਤੇ ਸਹਿਜ ਸਦਕਾ ਸਿਰਮੌਰ ਕੱਦਾਵਰ ਆਗੂਆਂ ਵਿਚ ਸ਼ਾਮਿਲ ਹੋਏ। ਉਸਾਰੂ ਕਾਰਜ-ਸ਼ੈਲੀ ਸਦਕਾ ਪਹਿਲੀ ਬਾਦਲ ਸਰਕਾਰ ਸਮੇਂ ਓ.ਐੱਸ.ਡੀ. ਦੇ ਵਿਸ਼ੇਸ਼ ਅਹੁਦੇ 'ਤੇ ਬਿਰਾਜਮਾਨ ਹੋ ਕੇ ਇਨ੍ਹਾਂ ਨੇ ਸਰਕਾਰੀ ਕਾਰਜ ਪ੍ਰਣਾਲੀ 'ਚ ਸੁਚਾਰੂ ਭੂਮਿਕਾ ਨਿਬਾਹੀ। ਆਪ ਆਪਣੇ ਸਿਰੜ, ਸਿਦਕ, ਈਮਾਨਦਾਰੀ, ਮਿਹਨਤ ਅਤੇ ਦੂਰ-ਦਰਸ਼ੀ ਸੋਚ ਅਤੇ ਨਿਰਸਵਾਰਥੀ ਭਾਵਨਾ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਨਿਰੰਤਰ ਨਿਸ਼ਕਾਮ ਸੇਵਾ ਕਰ ਰਹੇ ਹਨ। 1997 ਈ. ਤੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਲੜੀਆਂ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਬਤੌਰ ਚੋਣ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਵਿਚ ਸੇਵਾ ਨਿਬਾਹ ਕੇ ਨਾਮਣਾ ਖੱਟਿਆ।

ਪ੍ਰੋ. ਬਡੂੰਗਰ ਹੋਰਾਂ ਨੇ ਆਪਣੇ ਰਾਜਨੀਤਕ ਰੁਝੇਵਿਆਂ ਦੇ ਹੁੰਦਿਆਂ ਆਪਣੀ ਅੰਦਰੂਨੀ ਬੌਧਿਕ ਤੇ ਮੌਲਿਕ ਪ੍ਰਤਿਭਾ ਨੂੰ ਸਦ-ਜੀਵਤ ਰੱਖਿਆ ਹੈ। ਸਿੱਖ ਇਤਿਹਾਸ, ਗੁਰਮਤਿ ਵਿਚਾਰਧਾਰਾ, ਸਿੱਖ ਰਹਿਤ ਮਰਯਾਦਾ ਅਤੇ ਤਤਕਾਲੀ ਕੌਮੀ ਤੇ ਪੰਥਕ ਮਾਮਲਿਆਂ ਬਾਰੇ ਆਪ ਨੇ ਨਿੱਠ ਕੇ ਚਿੰਤਨ ਕੀਤਾ ਹੈ ਤੇ ਸੈਂਕੜੇ ਮਿਆਰੀ ਲੇਖ ਪ੍ਰਕਾਸ਼ਿਤ ਕਰਵਾਏ ਹਨ। ਸਮਕਾਲੀ ਸਮਾਜ ਨੂੰ ਚੰਗੀ ਸੇਧ ਦੇਣ ਦਾ ਇਨ੍ਹਾਂ ਦਾ ਸੁਹਿਰਦ ਉੱਦਮ ਸਲਾਹੁਣਯੋਗ ਹੈ। ਪ੍ਰੋ. ਬਡੂੰਗਰ ਨੇ *ਗੁਰਮਤਿ ਸਭਿਆਚਾਰ*, *ਗੁਰਮਤਿ ਵਿਚਾਰ* ਅਤੇ *ਜਿਨ੍ਹਾਂ ਧਰਮ ਨਹੀਂ ਹਾਰਿਆ* ਤੇ ਸਿੱਖੀ ਜੀਵਨ ਬਾਰੇ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਤੇ ਗੁਰਮਤਿ ਸਾਹਿਤ ਪਰੰਪਰਾ ਨੂੰ ਹੋਰ ਅਮੀਰ ਤੇ ਖ਼ੁਸ਼ਹਾਲ ਬਣਾਉਣ 'ਚ ਭਰਪੂਰ ਹਿੱਸਾ ਪਾਇਆ ਹੈ।

1996 ਈ. 'ਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਮੇਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਮੈਂਬਰ, ਸ਼੍ਰੋਮਣੀ ਕਮੇਟੀ ਨਾਮਜ਼ਦ ਕੀਤੇ ਗਏ। 27 ਨਵੰਬਰ, 2001 ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਸਮੇਂ ਸ. ਇੰਦਰਪਾਲ ਸਿੰਘ ਦਿੱਲੀ ਮੈਂਬਰ, ਸ਼੍ਰੋਮਣੀ ਕਮੇਟੀ ਨੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਨਾਂ ਪ੍ਰਧਾਨਗੀ ਪਦ ਵਾਸਤੇ ਪੇਸ਼ ਕੀਤਾ। ਸ. ਸਰੂਪ ਸਿੰਘ ਢੇਸੀ ਮੈਂਬਰ, ਸ਼੍ਰੋਮਣੀ ਕਮੇਟੀ ਨੇ ਸ. ਸੁਖਦੇਵ ਸਿੰਘ ਭੌਰ ਦਾ ਨਾਂ ਪ੍ਰਧਾਨਗੀ ਪਦ ਵਾਸਤੇ ਪੇਸ਼ ਕਰ ਦਿੱਤਾ। ਦੋ ਨਾਂ ਪੇਸ਼ ਹੋਣ 'ਤੇ ਵੋਟਾਂ ਰਾਹੀਂ ਚੋਣ ਕੀਤੀ ਗਈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ 112 ਅਤੇ ਸ. ਸੁਖਦੇਵ ਸਿੰਘ ਭੌਰ ਨੂੰ 56 ਵੋਟ ਪ੍ਰਾਪਤ ਹੋਏ। ਇਸ ਤਰ੍ਹਾਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਸਤਿਕਾਰਤ ਅਹੁਦੇ 'ਤੇ ਬਿਰਾਜਮਾਨ ਹੋਏ।

12 ਨਵੰਬਰ, 2002 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਸਮੇਂ ਸ. ਜੋਰਾ ਸਿੰਘ ਮਾਨ, ਮੈਂਬਰ, ਸ਼੍ਰੋਮਣੀ ਕਮੇਟੀ ਨੇ ਪ੍ਰੋ. ਕਿਰਪਾਲ

ਸਿੰਘ ਬਡੂੰਗਰ ਦਾ ਨਾਂ ਪ੍ਰਧਾਨਗੀ ਪਦ ਵਾਸਤੇ ਪੇਸ਼ ਕੀਤਾ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਮੈਂਬਰ ਸ਼੍ਰੋਮਣੀ ਕਮੇਟੀ ਨੇ ਸੰਤ ਵੀਰ ਸਿੰਘ ਮੱਦੋਕੇ ਦਾ ਨਾਂ ਪ੍ਰਧਾਨਗੀ ਅਹੁਦੇ ਵਾਸਤੇ ਪੇਸ਼ ਕਰ ਦਿੱਤਾ। ਵੋਟਾਂ ਪੈਣ 'ਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ 91 ਅਤੇ ਸੰਤ ਵੀਰ ਸਿੰਘ ਮੱਦੋਕੇ ਨੂੰ 68 ਵੋਟ ਪ੍ਰਾਪਤ ਹੋਏ। ਇਸ ਤਰ੍ਹਾਂ ਇਨ੍ਹਾਂ ਨੂੰ ਦੂਸਰੀ ਵਾਰ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਸਤਿਕਾਰਤ ਅਹੁਦੇ 'ਤੇ ਬਿਰਾਜਮਾਨ ਹੋਣ ਦਾ ਮਾਣ-ਸਤਿਕਾਰ ਪ੍ਰਾਪਤ ਹੋਇਆ।

ਪੜ੍ਹੇ-ਲਿਖੇ ਪ੍ਰਧਾਨ ਹੋਣ ਕਰਕੇ ਵਿਸ਼ਵ-ਵਿਆਪੀ ਸਿੱਖ ਭਾਈਚਾਰੇ ਨੇ ਬਡੂੰਗਰ ਸਾਹਿਬ ਦੀ ਪ੍ਰਧਾਨਗੀ ਕਾਰਜਸ਼ੈਲੀ ਨੂੰ ਕਾਫ਼ੀ ਸਲਾਹਿਆ। ਬਡੂੰਗਰ ਸਾਹਿਬ ਨੇ ਵਿੱਦਿਅਕ ਅਦਾਰਿਆਂ ਵਿਚ ਵਧੀਆ ਵਿੱਦਿਅਕ ਮਾਹੌਲ ਸਿਰਜਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨ ਦਾ ਫ਼ੈਸਲਾ ਕੀਤਾ, ਜਿਸ ਦੇ ਬਹੁਤ ਸਾਰਥਿਕ ਨਤੀਜੇ ਸਾਹਮਣੇ ਆਏ। ਬਡੂੰਗਰ ਸਾਹਿਬ ਨੇ ਕੌਮਾਂਤਰੀ ਸਿੱਖ ਸਮੱਸਿਆਵਾਂ ਦੇ ਹੱਲ ਲਈ ਕੌਮਾਂਤਰੀ ਪੱਧਰ ਦਾ ਰਾਜਨੀਤੀ ਤੋਂ ਮੁਕਤ ਸਲਾਹਕਾਰ ਬੋਰਡ ਬਣਾਉਣ ਦੀ ਯੋਜਨਾ ਬਣਾਈ। ਸ਼੍ਰੋਮਣੀ ਕਮੇਟੀ ਦੀ ਚੋਣ ਸਮੇਂ 'ਸਹਿਜਧਾਰੀ ਸਿੱਖ' ਦੇ ਬੁਰਕੇ ਹੇਠ ਗ਼ੈਰ-ਸਿੱਖਾਂ ਦੀਆਂ ਵੋਟਾਂ ਬਣਾਉਣ ਦਾ ਬਡੂੰਗਰ ਸਾਹਿਬ ਨੇ ਆਪਣੇ ਪ੍ਰਧਾਨਗੀ ਕਾਰਜ-ਕਾਲ 'ਚ ਡੱਟਵਾਂ ਵਿਰੋਧ ਕੀਤਾ ਅਤੇ ਸਮੂਹ ਧਾਰਮਿਕ, ਸਮਾਜਿਕ, ਰਾਜਨੀਤਕ, ਨਿਹੰਗ ਜਥੇਬੰਦੀਆਂ ਤੇ ਪੰਥ-ਦਰਦੀਆਂ ਨੂੰ ਸਮੇਂ ਦੀ ਸਰਕਾਰ ਦੀਆਂ ਇਨ੍ਹਾਂ ਕੋਝੀਆਂ ਨੀਤੀਆਂ ਦਾ ਮੂੰਹ ਤੋੜਵਾਂ ਜੁਆਬ ਦੇਣ ਲਈ ਸ਼੍ਰੋਮਣੀ ਕਮੇਟੀ ਨੂੰ ਸਮਰਥਨ ਤੇ ਸਹਿਯੋਗ ਦੇਣ ਦੀ ਅਪੀਲ ਕੀਤੀ।

ਪੰਜਾਬ ਸਰਕਾਰ ਵੱਲੋਂ ਸ਼ਰਾਬ ਦੀ ਖੁੱਲ੍ਹੀ ਵਿਕਰੀ ਤੇ ਪੱਛਮ ਦੀ ਤਰ੍ਹਾਂ ਜੂਏ-ਘਰ ਖੋਲ੍ਹਣ ਦੀ ਨੀਤੀ ਦਾ ਪ੍ਰੋ. ਬਡੂੰਗਰ ਨੇ ਡੱਟਵਾਂ ਵਿਰੋਧ ਕੀਤਾ। ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਸੈਸ਼ਨ ਦੀ ਕਾਰਵਾਈ ਮਾਂ-ਬੋਲੀ ਪੰਜਾਬੀ ਦੀ ਥਾਂ ਅੰਗਰੇਜ਼ੀ 'ਚ ਚਲਾਉਣ ਦੀ ਇਨ੍ਹਾਂ ਨੇ ਸਖ਼ਤ ਨਿਖੇਧੀ ਕੀਤੀ ਤੇ ਪੰਜਾਬ ਸਰਕਾਰ ਦੀ ਪੰਜਾਬੀ ਭਾਸ਼ਾ ਪ੍ਰਤੀ ਕੀਤੀ ਕਾਰਵਾਈ 'ਤੇ ਨਿੰਦਾ ਦਾ ਪ੍ਰਸਤਾਵ ਪਾਸ ਕੀਤਾ। ਇਕ ਵਿਸ਼ੇਸ਼ ਮਤੇ ਰਾਹੀਂ ਆਰ.ਐਸ.ਐਸ. ਦੇ ਬਿਆਨ "ਘੱਟ-ਗਿਣਤੀਆਂ ਨੂੰ ਬਹੁਗਿਣਤੀ ਦੇ ਰਹਿਮੋ-ਕਰਮ 'ਤੇ ਰਹਿਣਾ ਪਵੇਗਾ", ਦੀ ਸਖ਼ਤ ਨਿਖੇਧੀ ਕੀਤੀ ਤੇ ਕਿਹਾ ਕਿ ਅਜੇਹਾ ਬਿਆਨ ਭਾਰਤੀ ਸੰਵਿਧਾਨ ਦਾ ਘੋਰ ਨਿਰਾਦਰ ਹੈ। 13 ਮਈ, 2003 ਨੂੰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਮਕਾਲੀ ਮੁੱਖ-ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ 'ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ' ਦੇ ਕਾਰਕੁੰਨਾਂ ਵਲੋਂ ਗੁਰੂ ਸਾਹਿਬਾਨ ਪ੍ਰਤੀ ਵਰਤੀ ਗਈ ਅਪਮਾਨਜਨਕ ਸ਼ਬਦਾਵਲੀ ਦਾ ਸਖ਼ਤ ਨੋਟਿਸ ਲਿਆ ਜਾਵੇ ਅਤੇ ਮੰਗ ਕੀਤੀ ਕਿ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖ਼ਰਾਬ ਕਰਨ ਦੀ ਕਿਸੇ ਨੂੰ ਆਗਿਆ ਨਾ ਦਿੱਤੀ ਜਾਵੇ। ਬਡੂੰਗਰ ਸਾਹਿਬ ਨੇ ਅਖੌਤੀ ਸਾਧ ਨੂਰਮਹਿਲੀਏ, ਭਨਿਆਰੇ ਵਾਲੇ ਦੇ ਪਾਖੰਡ ਜਾਲ ਤੋਂ ਨਿਜਾਤ ਪ੍ਰਾਪਤ ਕਰਨ ਲਈ ਵਿਸ਼ੇਸ਼ ਜਾਗਰਤੀ ਲਹਿਰ ਚਲਾਈ। ਗੁਰਮਤਿ ਗਿਆਨ ਦੇ ਪ੍ਰਚਾਰ-ਪ੍ਰਸਾਰ ਵਾਸਤੇ ਹਿੰਦੀ ਭਾਸ਼ਾ ਵਿਚ "ਗੁਰਮਤਿ ਗਿਆਨ" ਨਾਮੀ ਤ੍ਰੈ-ਮਾਸਿਕ ਪਰਚਾ ਜਾਰੀ ਕੀਤਾ ਜੋ ਹੁਣ ਵਿਕਾਸ ਕਰਦਾ ਹੋਇਆ ਮਾਸਿਕ ਹੋ

ਨਿਬੜਿਆ। ਪ੍ਰੋ. ਬਡੂੰਗਰ ਸਾਹਿਬ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਇਕ ਸਿੱਖ ਪ੍ਰਤਿਨਿਧ ਵਫ਼ਦ ਅਫ਼ਗਾਨਿਸਾਤਾਨ ਭੇਜਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ ਉਥੋਂ ਦੇ ਇਤਿਹਾਸਕ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਤੇ ਨਵ-ਉਸਾਰੀ ਕਰਨ ਲਈ ਸ਼੍ਰੋਮਣੀ ਕਮੇਟੀ ਕਾਰਜਸ਼ੀਲ ਹੋ ਸਕੇ।

5 ਜਨਵਰੀ, 2002 ਨੂੰ ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਵਧਾਈ ਸੰਦੇਸ਼ 'ਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨਿਵੇਕਲੀ ਸ਼ੁਰੂਆਤ ਕੀਤੀ ਕਿ **ਸਿੱਖ ਸਮਾਜ ਅੰਦਰ ਫੈਲ ਰਹੀਆਂ ਬੁਰਾਈਆਂ, ਭਰੂਣ-ਹੱਤਿਆ, ਨਸ਼ਿਆਂ ਦੀ ਭਰਮਾਰ ਅਤੇ ਪਤਿਤਪੁਣੇ ਦੀ ਮਾਰੂ ਬੀਮਾਰੀ ਨੂੰ ਜੜ੍ਹੋਂ ਪੁੱਟਣ ਲਈ ਗੁਰੂ ਆਸ਼ੇ ਅਨੁਸਾਰ ਸਿੰਘ ਸਭਾ ਲਹਿਰ ਵਾਂਗ ਦੂਜੀ ਸਿੱਖ ਜਾਗਰਤੀ ਲਹਿਰ ਚਲਾਈਏ ਅਤੇ ਪ੍ਰਚੰਡ ਕਰੀਏ।** ਇਨ੍ਹਾਂ ਦੇ ਯਤਨਾਂ ਸਦਕਾ ਬੱਬਰ ਅਕਾਲੀ ਲਹਿਰ ਦਾ ਭਾਰਤ ਦੀ ਅਜ਼ਾਦੀ 'ਚ ਯੋਗਦਾਨ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਤੇ ਸਮਾਗਮ ਕੀਤਾ ਗਿਆ ਅਤੇ ਬੱਬਰ ਅਕਾਲੀ ਲਹਿਰ ਦੇ ਵਾਰਸਾਂ ਨੂੰ ਪਹਿਲੀ ਵਾਰ ਸਨਮਾਨ ਤੇ ਸਤਿਕਾਰ ਦਿੱਤਾ ਗਿਆ। **ਸੁਤੰਤਰ ਸਿੱਖ ਹੋਂਦ, ਹਸਤੀ ਤੇ ਸੋਚ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਨੂੰ ਵਿਸਾਖੀ ਦੇ ਦਿਹਾੜੇ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਰੀ ਕਰਨ ਦਾ ਸੁਭਾਗ ਵੀ ਪ੍ਰੋ. ਬਡੂੰਗਰ ਜੀ ਨੂੰ ਹੀ ਪ੍ਰਾਪਤ ਹੋਇਆ।** ਇਨ੍ਹਾਂ ਦੀ ਪ੍ਰਧਾਨਗੀ ਸਮੇਂ ਹੀ 6 ਜੂਨ, 2003 ਨੂੰ 20ਵੀਂ ਸਦੀ ਦੇ ਮਹਾਨ ਪ੍ਰਚਾਰਕ ਤੇ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦ ਕਰਾਰ ਦਿੱਤਾ ਗਿਆ ਅਤੇ ਸ਼ਹੀਦੀ ਯਾਦਗਾਰ ਉਸਾਰਨ ਦਾ ਫ਼ੈਸਲਾ ਕੀਤਾ ਗਿਆ। ਸ਼ਹੀਦਾਂ ਦੇ ਵਾਰਸਾਂ ਤੇ ਪਰਿਵਾਰਾਂ ਨੂੰ ਸਨਮਾਨ ਸਤਿਕਾਰ ਵੀ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਨਵੇਂ ਮੀਰੀ-ਪੀਰੀ ਦੇ ਪ੍ਰਤੀਕ ਨਿਸ਼ਾਨ ਸਾਹਿਬ ਝੁਲਾਉਣ ਦਾ ਸੁਭਾਗ ਵੀ ਇਨ੍ਹਾਂ ਨੂੰ ਪ੍ਰਾਪਤ ਹੋਇਆ। ਇਨ੍ਹਾਂ ਇਤਿਹਾਸਕ ਕਾਰਜਾਂ ਦੀ ਲੋਕਾਈ ਨੇ ਭਰਪੂਰ ਪ੍ਰਸ਼ੰਸਾ ਕੀਤੀ।

ਪ੍ਰੋ. ਬਡੂੰਗਰ ਸਾਹਿਬ ਨੇ ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕੱਤ੍ਰਤਾ ਹਾਲ ਦਾ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਨਿਰਮਾਣ ਕਾਰਜ ਕਰਵਾਇਆ। ਇਨ੍ਹਾਂ ਨੇ ਆਪਣੇ ਪ੍ਰਧਾਨਗੀ ਕਾਰਜ-ਕਾਲ ਸਮੇਂ ਹੀ ਗਿਆਨੀ ਦਿੱਤ ਸਿੰਘ ਯਾਦਗਾਰੀ ਪੁਰਸਕਾਰ ਤੇ ਸਨਮਾਨ ਹਰ ਸਾਲ ਇਕ ਸਿੱਖ ਵਿਦਵਾਨ ਨੂੰ ਦੇਣ ਦੀ ਪਿਰਤ ਤੋਰੀ ਅਤੇ ਪਹਿਲਾ ਸਨਮਾਨ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੂੰ ਪ੍ਰਦਾਨ ਕੀਤਾ ਗਿਆ। ਸਿੱਖੀ ਸਿਧਾਂਤਾਂ ਦੇ ਪ੍ਰਚਾਰ-ਪ੍ਰਸਾਰ ਵਾਸਤੇ ਸਿੰਘ ਸਾਹਿਬਾਨ ਦੀ ਅਗਵਾਈ ਵਿਚ ਪੰਜ ਪ੍ਰਚਾਰ ਕੇਂਦਰ ਸਥਾਪਤ ਕੀਤੇ। ਸਮਾਜਿਕ ਬੁਰਿਆਈਆਂ ਤੋਂ ਜਾਗਰਿਤ ਕਰਨ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਨੇਕਾਂ ਵਿਚਾਰ-ਗੋਸ਼ਟੀਆਂ ਕੀਤੀਆਂ ਗਈਆਂ। ਇਨ੍ਹਾਂ ਵਲੋਂ ਧਾਰਮਿਕ ਸਲਾਹਕਾਰ ਕਮੇਟੀ ਦਾ ਨਵ ਗਠਨ ਕੀਤਾ ਗਿਆ। ਇਨ੍ਹਾਂ ਵਲੋਂ ਫ਼ਰਾਂਸ 'ਚ ਸਿੱਖ ਦਸਤਾਰ ਦੇ ਸਿੱਖ ਮਸਲੇ ਸੰਬੰਧੀ ਦੇਸ਼ ਦੇ ਪ੍ਰਧਾਨ ਮੰਤਰੀ, ਸ੍ਰੀ ਅਟੱਲ ਬਿਹਾਰੀ ਵਾਜਪਾਈ ਨੂੰ ਪੱਤਰ ਲਿਖ ਕੇ ਭਾਰਤ ਸਰਕਾਰ ਨੂੰ ਦਬਾਅ ਬਣਾਉਣ ਲਈ ਬੇਨਤੀ ਕੀਤੀ ਗਈ।

ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਨੂੰ ਮੈਡੀਕਲ ਕੌਂਸਲ ਆਫ਼ ਇੰਡੀਆ ਵਲੋਂ ਮਾਨਤਾ ਵੀ ਪ੍ਰੋ. ਬਡੂੰਗਰ ਸਾਹਿਬ ਦੀ ਪ੍ਰਧਾਨਗੀ ਸਮੇਂ ਹੀ ਪ੍ਰਾਪਤ ਹੋਈ। ਇਨ੍ਹਾਂ ਦੇ ਕਾਰਜ-ਕਾਲ ਸਮੇਂ ਹੀ ਪੰਥ ਦੇ ਪ੍ਰਸਿੱਧ ਢਾਡੀ ਗਿ: ਸੋਹਣ ਸਿੰਘ ਸੀਤਲ ਦੀ ਯਾਦ 'ਚ ਢਾਡੀ ਕਾਲਜ ਦਾ ਨੀਂਹ ਪੱਥਰ ਗੁਰੂ ਕੀ ਵਡਾਲੀ ਵਿਖੇ ਰੱਖਿਆ ਗਿਆ। ਪ੍ਰੋ. ਬਡੂੰਗਰ ਨੇ ਹੀ ਤ੍ਰੈ-ਸ਼ਤਾਬਦੀ ਖ਼ਾਲਸਾ ਕਾਲਜ ਦਾ ਨੀਂਹ ਪੱਥਰ ਵੀ ਭਰਾੜੀਵਾਲ ਵਿਖੇ ਰੱਖਿਆ। ਖ਼ਾਲਸਾਈ ਖੇਡਾਂ ਕਰਾਉਣ ਦੀ ਇਤਿਹਾਸਕ ਪਿਰਤ ਵੀ ਪ੍ਰੋ. ਬਡੂੰਗਰ ਦੇ ਪ੍ਰਧਾਨਗੀ ਕਾਰਜ-ਕਾਲ ਸਮੇਂ ਹੀ ਆਰੰਭ ਹੋਈ। ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਸੰਬੰਧੀ ਸ਼੍ਰੋਮਣੀ ਕਮੇਟੀ ਨੇ ਰੀਪੋਰਟ ਕੇਂਦਰ ਸਰਕਾਰ ਨੂੰ ਪ੍ਰੋ. ਬਡੂੰਗਰ ਦੇ ਸਮੇਂ ਹੀ ਭੇਜੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਸ. ਦਵਿੰਦਰ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਾਉਣ ਲਈ ਭਾਰਤ ਦੀ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਗਈ। ਸ਼੍ਰੋਮਣੀ ਕਮੇਟੀ ਵਲੋਂ ਨਵੇਂ ਸਿਰਿਓਂ ਸਿੱਖ ਇਤਿਹਾਸ ਨੂੰ ਕਲਮਬੰਦ ਕਰਾਉਣ ਦੀ ਯੋਜਨਾ ਬਣਾਈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਸਮੂਹ ਮਿਸ਼ਨਰੀ ਕਾਲਜਾਂ ਦੇ ਸਿਲੇਬਸ ਨੂੰ ਇਕਸਾਰ ਕਰਨ ਦਾ ਬੀੜਾ ਚੁੱਕਿਆ। ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸੰਬੰਧਿਤ ਅਦਾਰਿਆਂ ਦੇ ਮੁਲਾਜ਼ਮਾਂ ਦੇ ਰੈਫ਼ਰੈਂਸ ਕੋਰਸ ਲਾਉਣੇ ਸ਼ੁਰੂ ਕੀਤੇ ਅਤੇ ਸਟਾਫ਼ ਟ੍ਰੇਨਿੰਗ ਕਾਲਜ ਆਰੰਭ ਕਰਨ ਦਾ ਐਲਾਨ ਕੀਤਾ। ਝੰਡਾ ਲੁਬਾਣਾ ਵਿਖੇ ਮਾਤਾ ਸਾਹਿਬ ਕੌਰ ਦੀ ਯਾਦ ਵਿਚ ਲੜਕੀਆਂ ਦਾ ਕਾਲਜ ਅਰੰਭ ਕਰਨ ਦਾ ਫ਼ੈਸਲਾ ਵੀ ਇਨ੍ਹਾਂ ਦੀ ਪ੍ਰਧਾਨਗੀ ਸਮੇਂ ਹੀ ਲਿਆ ਗਿਆ। 29 ਮਾਰਚ, 2003 ਨੂੰ ਸਾਲਾਨਾ ਬਜਟ ਸਮਾਗਮ ਦੀ ਪ੍ਰਧਾਨਗੀ ਕਰਨ ਅਤੇ ਲਿਬਨਾਨ ਦੀ ਸੰਗਤ ਵੱਲੋਂ ਸ੍ਰੀ ਗੁਰੂ ਰਾਮਦਾਸ ਲੰਗਰ ਵਾਸਤੇ ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ ਭੇਂਟ ਕੀਤੀ ਗਈ ਜਿਸ ਦੀ ਆਰੰਭਤਾ ਪ੍ਰੋ. ਸਾਹਿਬ ਨੇ ਕੀਤੀ। ਭਗਤ ਸੈਨ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕਰਨ ਦਾ ਸੁਭਾਗ ਵੀ ਪ੍ਰੋ. ਸਾਹਿਬ ਨੂੰ ਹੀ ਪ੍ਰਾਪਤ ਹੋਇਆ। 14 ਅਪ੍ਰੈਲ, 2002 ਨੂੰ 'ਇਤਿਹਾਸਕ ਯਾਦਗਾਰਾਂ ਸਥਾਪਤੀ ਕਮੇਟੀ' ਦਾ ਗਠਨ ਕੀਤਾ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਪ੍ਰਸਿੱਧ ਇਤਿਹਾਸਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਜਿਸ ਦਾ ਮਨੋਰਥ ਇਤਿਹਾਸਕ ਘੱਲੂਘਾਰਿਆਂ ਤੇ ਘਟਨਾਵਾਂ ਨਾਲ ਸੰਬੰਧਿਤ ਯਾਦਗਾਰਾਂ ਨੂੰ ਸਥਾਪਤ ਕਰਨਾ ਸੀ ਪਰ ਇਹ ਕੇਵਲ ਯੋਜਨਾਵਾਂ ਹੀ ਰਹਿ ਗਈਆਂ। 30 ਮਾਰਚ, 2007 ਨੂੰ ਪ੍ਰੋ. ਬਡੂੰਗਰ ਸਾਹਿਬ ਨੇ ਸਾਲਾਨਾ ਬਜਟ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸਾਲਾਨਾ ਬਜਟ ਪਾਸ ਕਰਵਾਇਆ।

ਗਿਆਨੀ ਕੇਵਲ ਸਿੰਘ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਵਲੋਂ ਅਸਤੀਫ਼ਾ ਦੇਣ ਕਾਰਨ ਉਨ੍ਹਾਂ ਦੀ ਥਾਂ ਪ੍ਰੋ. ਮਨਜੀਤ ਸਿੰਘ ਜੀ ਨੂੰ ਕਾਰਜਕਾਰੀ ਜਥੇਦਾਰ, ਪ੍ਰੋ. ਬਡੂੰਗਰ ਸਮੇਂ ਹੀ ਲਾਇਆ ਗਿਆ। ਗਿਆਨੀ ਜਸਵੰਤ ਸਿੰਘ ਜੀ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਿਯੁਕਤੀ ਵੀ ਇਨ੍ਹਾਂ ਦੇ ਸਮੇਂ ਹੀ ਹੋਈ। ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ ਨੇ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬ੍ਹੋ ਵਜੋਂ ਸੇਵਾ ਪ੍ਰੋ. ਬਡੂੰਗਰ ਸਮੇਂ ਹੀ ਸੰਭਾਲੀ। ਪ੍ਰੋ. ਮਨਜੀਤ ਸਿੰਘ ਜੀ

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਸੇਵਾਵਾਂ ਨੂੰ ਸਮਾਪਤ ਵੀ ਇਨ੍ਹਾਂ ਦੇ ਕਾਰਜ-ਕਾਲ ਦੌਰਾਨ ਹੀ ਕੀਤਾ ਗਿਆ। ਗਿਆਨੀ ਤਰਲੋਚਨ ਸਿੰਘ ਜੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾ-ਸੰਭਾਲ ਵੀ ਪ੍ਰੋ. ਬਡੂੰਗਰ ਦੇ ਸਮੇਂ ਹੀ ਸੌਂਪੀ ਗਈ।

16 ਜੁਲਾਈ, 2003 ਨੂੰ ਸ. ਪਰਕਾਸ਼ ਸਿੰਘ ਬਾਦਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਅਨੁਸਾਰ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਅਖੰਡ ਪਾਠ ਸਾਹਿਬ ਕਰਵਾਇਆ, ਜਿਸ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਬਾਦਲ ਸਾਹਿਬ ਇਕ ਵਾਰ ਫਿਰ ਬਗਲਗੀਰ ਹੋ ਗਏ ਅਤੇ ਦੋਹਾਂ ਦਲਾਂ ਦਾ ਰਲੇਵਾਂ ਹੋ ਗਿਆ। 20 ਜੁਲਾਈ, 2003 ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸਮੇਂ ਆਪ ਜੀ ਨੇ ਪੰਥਕ ਏਕਤਾ ਲਈ ਤਿਆਗ ਭਾਵਨਾ ਪ੍ਰਗਟ ਕਰਦਿਆਂ, ਪ੍ਰਧਾਨਗੀ ਪਦਵੀ ਤੋਂ ਅਸਤੀਫ਼ਾ ਦੇ ਦਿੱਤਾ, ਜਿਸ ਨਾਲ ਸ. ਅਲਵਿੰਦਰਪਾਲ ਸਿੰਘ ਪੱਖੋਕੇ ਕਾਰਜਕਾਰੀ ਪ੍ਰਧਾਨ ਚੁਣੇ ਗਏ। 27 ਜੁਲਾਈ, 2003 ਨੂੰ ਹੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸਮੇਂ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ, ਸ਼੍ਰੋਮਣੀ ਕਮੇਟੀ ਚੁਣੇ ਗਏ। ਇਸ ਤਰ੍ਹਾਂ ਇਨ੍ਹਾਂ ਦਾ ਪ੍ਰਧਾਨਗੀ ਕਾਰਜ-ਕਾਲ ਸੰਪੂਰਨ ਹੋ ਗਿਆ। 2004 ਈ. 'ਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਉਪਰੰਤ ਹੋਏ ਜਨਰਲ ਇਜਲਾਸ ਸਮੇਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੂਸਰੀ ਵਾਰ ਮੈਂਬਰ, ਸ਼੍ਰੋਮਣੀ ਕਮੇਟੀ ਨਾਮਜ਼ਦ ਕੀਤੇ ਗਏ। ਅੱਜ-ਕੱਲ੍ਹ ਪ੍ਰੋ. ਸਾਹਿਬ ਪੰਜਾਬ ਪੱਛੜੀਆਂ ਸ਼੍ਰੇਣੀਆਂ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸੇਵਾ ਨਿਭਾਹ ਰਹੇ ਹਨ।

•



ਜਥੇਦਾਰ ਅਵਤਾਰ ਸਿੰਘ (ਮੱਕੜ)

26

ਜਥੇਦਾਰ ਅਵਤਾਰ ਸਿੰਘ (ਮੱਕੜ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਦੇ ਪਹਿਲੇ ਚਾਂਸਲਰ, ਮੈਂਬਰ ਕੋਰ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਦੇ ਗਿਆਤਾ, ਕੀਰਤਨ ਪ੍ਰੇਮੀ, ਗੁਰਮੁਖ-ਦਰਸ਼ਨੀ ਸ਼ਖ਼ਸੀਅਤ, ਖ਼ੁਸ਼ਕਿਸਮਤ, ਹਸਮੁਖ-ਮਿਲਣਸਾਰ ਸੁਭਾਉ ਦੇ ਮਾਲਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਪਦਵੀ 'ਤੇ ਨਿਰੰਤਰ ਪੰਜਵੀਂ ਵਾਰ ਸੁਸ਼ੋਭਿਤ ਹੋਣ ਵਾਲੀ ਸ਼ਖ਼ਸੀਅਤ ਜਥੇਦਾਰ ਅਵਤਾਰ ਸਿੰਘ ਜੀ ਦਾ ਜਨਮ 3 ਜਨਵਰੀ, 1943 ਨੂੰ ਸ. ਹਰਬੰਸ ਸਿੰਘ ਤੇ ਮਾਤਾ ਕਿਸ਼ਨ ਕੌਰ ਦੇ ਘਰ ਸਰਗੋਧਾ (ਪਾਕਿਸਤਾਨ) 'ਚ ਹੋਇਆ। ਦੇਸ਼-ਵੰਡ ਉਪਰੰਤ ਇਨ੍ਹਾਂ ਦਾ ਪਰਿਵਾਰ ਪਹਿਲਾਂ ਮੁਸਤਬਾਬਾਦ ਫਿਰ ਰੁੜਕੀ ਤੇ ਅਖ਼ੀਰ ਜਗਰਾਓਂ ਅਬਾਦ ਹੋਇਆ। ਗੁਰਸਿੱਖੀ ਜੀਵਨ-ਜਾਚ ਦੀ ਘਾੜਤ ਘੜਨ ਵਿਚ ਇਨ੍ਹਾਂ ਦੇ ਪਰਿਵਾਰਕ ਵਾਤਾਵਰਣ ਨੇ ਚੋਖਾ ਯੋਗਦਾਨ ਪਾਇਆ। ਇਹ ਪ੍ਰਾਇਮਰੀ ਵਿੱਦਿਆ ਦੀ ਪ੍ਰਾਪਤੀ ਉਪਰੰਤ ਉਚੇਰੀ ਵਿੱਦਿਆ ਲਈ ਖ਼ਾਲਸਾ ਨੈਸ਼ਨਲ ਹਾਈ ਸਕੂਲ, ਲੁਧਿਆਣਾ ਦਾਖ਼ਲ ਹੋਏ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ 'ਚ ਸਕੂਲ ਦੀ ਪੜ੍ਹਾਈ ਸਮੇਂ ਆਪ ਜੀ ਨੇ ਵਜ਼ੀਫ਼ਾ ਪ੍ਰਾਪਤ ਕੀਤਾ। ਐਫ਼.ਐਸ.ਸੀ. (ਨਾਨ ਮੈਡੀਕਲ) ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਤੋਂ ਕਰਨ ਉਪਰੰਤ ਇਨ੍ਹਾਂ ਨੂੰ ਭਾਰਤੀ ਜੀਵਨ ਬੀਮਾ ਨਿਗਮ 'ਚ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ 1970 ਈ. 'ਚ ਉਚੇਰੀ ਪਦਵੀ ਤੋਂ ਸੇਵਾ-ਮੁਕਤ ਹੋਏ। ਇਨ੍ਹਾਂ ਦਾ ਅਨੰਦ ਕਾਰਜ ਬੀਬੀ ਮਹਿੰਦਰ ਕੌਰ ਨਾਲ 1961 ਈ. 'ਚ ਲੁਧਿਆਣਾ ਵਿਖੇ ਹੋਇਆ। ਇਨ੍ਹਾਂ ਦੇ ਘਰ ਤਿੰਨ ਸਪੁੱਤਰਾਂ ਤੇ ਇਕ ਸਪੁੱਤਰੀ ਨੇ ਜਨਮ ਲਿਆ ਜੋ ਆਪੋ-ਆਪਣੇ ਕਾਰੋਬਾਰਾਂ 'ਚ ਮਸਰੂਫ਼ ਹਨ। ਬਚਪਨ ਤੋਂ ਹੀ ਧਾਰਮਿਕ ਰੁਚੀ ਤੇ ਸਿੱਖ ਵਿਚਾਰਧਾਰਾ ਦੀ ਸੂਝ ਤੇ ਸਮਝ ਹੋਣ ਕਰਕੇ ਧਾਰਮਿਕ ਕਾਰਜਾਂ ਨੂੰ ਸਮਰਪਿਤ ਭਾਵਨਾ ਨਾਲ ਕਰਦੇ ਹਨ। ਇਨ੍ਹਾਂ ਨੇ 1979 ਤੋਂ 1988 ਈ. ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਮਿਲਰਗੰਜ, ਲੁਧਿਆਣਾ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਹੀ। ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਦਾ ਨਿਰਮਾਣ ਕਾਰਜ ਇਨ੍ਹਾਂ ਨੇ 1985 ਈ. 'ਚ ਕਰਵਾਇਆ, ਹੁਣ ਜਿਸ ਦਾ ਆਦਰਸ਼ਕ ਪ੍ਰਬੰਧ ਇਕ ਮਿਸਾਲ ਹੈ। ਜਥੇਦਾਰ ਅਵਤਾਰ ਸਿੰਘ ਜੀ ਲਗਭਗ

30 ਸਾਲ ਤੋਂ ਗੁਰਦੁਆਰਾ ਪ੍ਰਬੰਧ ਤੇ ਸੇਵਾ ਨਾਲ ਨਿਰੰਤਰ ਜੁੜੇ ਹੋਏ ਹਨ। ਗੁਰੂ-ਘਰ ਦੀ ਸੇਵਾ ਤੋਂ ਇਲਾਵਾ ਇਨ੍ਹਾਂ ਨੇ ਗੁਰੂ ਨਾਨਕ ਮਾਰਕੀਟ, ਲੁਧਿਆਣਾ ਦਾ ਨਿਰਮਾਣ ਕਾਰਜ ਕਰਵਾਇਆ ਅਤੇ ਗੁਰਮਤਿ ਗਿਆਨ ਤੇ ਵਿੱਦਿਆ ਦੇ ਪਸਾਰ ਲਈ 1999 ਈ. 'ਚ ਖ਼ਾਲਸਾ ਪੰਥ ਦੇ 300 ਸਾਲਾ ਸਿਰਜਣਾ ਦਿਵਸ ਸਮੇਂ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਦੀ ਅਰੰਭਤਾ ਕੀਤੀ ਜੋ ਵਿਕਾਸ ਕਰ, ਸੀਨੀਅਰ ਸੈਕੰਡਰੀ ਸਕੂਲ ਵਜੋਂ ਨਾਮਣਾ ਖੱਟ ਰਿਹਾ ਹੈ।

ਜਥੇਦਾਰ ਅਵਤਾਰ ਸਿੰਘ ਜੀ ਧਾਰਮਿਕ, ਸਮਾਜਿਕ, ਰਾਜਨੀਤਕ ਗਤੀਵਿਧੀਆਂ ਦੀ ਲਗਨ ਸਦਕਾ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀ ਵਾਂਗ ਵਿਚਰਦੇ ਹਨ। ਇਨ੍ਹਾਂ ਵਲੋਂ ਪੰਥਕ ਸੇਵਾਵਾਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਕਰਕੇ ਕਈ ਵਾਰ ਜੇਲ੍ਹ ਯਾਤਰਾ ਵੀ ਕਰਨੀ ਪਈ ਪਰ ਇਨ੍ਹਾਂ ਪੰਥਕ ਸੇਵਾ ਤੋਂ ਕਦੇ ਮੁੱਖ ਨਹੀਂ ਮੋੜਿਆ। ਇਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਇਕ ਸਾਧਾਰਨ ਮੈਂਬਰ ਤੋਂ ਸੇਵਾ ਅਰੰਭ ਕਰ ਕੇ ਮੀਤ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੀ ਪਦਵੀ ਦਾ ਸਫ਼ਰ, ਸਫਲਤਾ ਸਹਿਤ ਸਫਲਾ ਕੀਤਾ।

ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 2004 ਈ. ਵਿਚ ਹੋਈਆਂ ਤਾਂ ਜਥੇਦਾਰ ਅਵਤਾਰ ਸਿੰਘ ਲੁਧਿਆਣਾ ਪੱਛਮੀ ਹਲਕੇ ਤੋਂ ਪੰਥਕ ਟਿਕਟ 'ਤੇ ਮੈਂਬਰ, ਸ਼੍ਰੋਮਣੀ ਕਮੇਟੀ ਚੁਣੇ ਗਏ। ਇਕ ਸਾਲ ਬਾਅਦ 23 ਅਕਤੂਬਰ, 2005 ਦਾ ਦਿਨ ਇਨ੍ਹਾਂ ਦੀ ਜ਼ਿੰਦਗੀ ਦਾ ਇਤਿਹਾਸਕ ਦਿਨ ਹੋ ਨਿਬੜਿਆ, ਜਦ ਇਨ੍ਹਾਂ ਨੂੰ ਪਹਿਲੀ ਵਾਰ ਸਰਬ-ਸੰਮਤੀ ਨਾਲ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਚੁਣੇ ਜਾਣ ਦਾ ਮਾਣ ਹਾਸਲ ਹੋਇਆ। ਕੇਵਲ ਇਕ ਸਾਲ ਮੈਂਬਰ ਸ਼੍ਰੋਮਣੀ ਕਮੇਟੀ ਰਹਿਣ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਪਦਵੀ 'ਤੇ ਬਿਰਾਜਮਾਨ ਹੋਣਾ ਜਥੇਦਾਰ ਅਵਤਾਰ ਸਿੰਘ 'ਤੇ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ ਹੀ ਕਹੀ ਜਾ ਸਕਦੀ ਹੈ। ਗੁਰੂ ਦਰ-ਘਰ ਤੋਂ ਵਰੋਸਾਏ ਮੱਕੜ ਸਾਹਿਬ ਨੂੰ ਪ੍ਰਧਾਨਗੀ ਪਦਵੀ 'ਤੇ ਬਿਰਾਜਮਾਨ ਹੋਣ ਦਾ ਪੰਜਵੀਂ ਵਾਰ ਨਿਰੰਤਰ ਮਾਣ-ਸਤਿਕਾਰ ਹਾਸਲ ਹੋਇਆ। ਜਥੇਦਾਰ ਅਵਤਾਰ ਸਿੰਘ ਸਵੀਕਾਰਦੇ ਹਨ ਕਿ **ਮੈਨੂੰ ਇਹ ਪਦਵੀ ਗੁਰੂ ਬਖ਼ਸ਼ਿਸ਼ ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫ਼ਾਦਾਰੀ ਤੇ ਸਮਰਪਿਤ ਭਾਵਨਾ ਕਰਕੇ ਪ੍ਰਾਪਤ ਹੋਈ ਤੇ ਕਰਤਾ ਪੁਰਖ ਵਾਹਿਗੁਰੂ ਹੀ ਮੇਰੇ ਪਾਸੋਂ ਪੰਥਕ ਸੇਵਾ ਸਫਲੀ ਕਰਵਾ ਰਿਹਾ ਹੈ।**

ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਨੂੰ ਕੀਰਤਨ-ਪਰੰਪਰਾ ਤੇ ਮਰਯਾਦਾ ਦੀ ਪੂਰਨ ਸੂਝ-ਬੂਝ ਹੈ। ਉਨ੍ਹਾਂ ਨੇ ਪ੍ਰਧਾਨਗੀ ਪਦਵੀ ਸੰਭਾਲਦਿਆਂ ਹੀ ਸ੍ਰੀ ਹਰਿਮੰਦਰ ਸਾਹਿਬ 'ਚ ਪੁਰਾਤਨ ਕੀਰਤਨ ਪਰੰਪਰਾ ਨੂੰ ਬਹਾਲ ਕਰਨ ਲਈ ਤੰਤੀ ਸਾਜ਼ਾਂ ਨਾਲ ਕੀਰਤਨ ਆਰੰਭ ਕਰਵਾਇਆ। ਨਸ਼ਿਆਂ, ਪਤਿਤਪੁਣੇ ਤੇ ਭਰੂਣ-ਹੱਤਿਆ ਆਦਿ ਸਮਾਜਿਕ ਬੁਰਾਈਆਂ ਦੇ ਵਿਰੁੱਧ ਤੇ ਕੁਦਰਤੀ ਵਾਤਾਵਰਣ ਨੂੰ ਬਚਾਉਣ ਲਈ ਲਹਿਰ ਅਰੰਭ ਕੀਤੀ। 'ਅੰਮ੍ਰਿਤ ਛਕੋ' ਲਹਿਰ ਚਲਾ ਕੇ ਹਰ ਪ੍ਰਾਂਤ 'ਚ ਅੰਮ੍ਰਿਤ-ਸੰਚਾਰ ਸਮਾਗਮ ਕਰਵਾਏ। ਇਕੱਲੇ ਜੰਮੂ ਕਸ਼ਮੀਰ 'ਚ ਹੀ 30 ਹਜ਼ਾਰ ਤੋਂ ਵਧੇਰੇ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਾਸਤੇ ਜਥੇਦਾਰ ਅਵਤਾਰ ਸਿੰਘ ਜੀ ਨੇ ਜਿੰਨਾ ਦੇਸ-ਵਿਦੇਸ਼ 'ਚ ਸਫ਼ਰ ਕੀਤਾ ਹੈ, ਉਹ ਵੀ ਇਕ ਕੀਰਤੀਮਾਨ ਹੈ। ਸਰੀਰਕ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਹ ਹਰ ਧਾਰਮਿਕ ਸਮਾਗਮ ਸਮੇਂ ਪਹੁੰਚਣ ਲਈ ਯਤਨਸ਼ੀਲ ਹੁੰਦੇ ਹਨ। ਇਨ੍ਹਾਂ ਦੇ ਉੱਦਮ ਉਤਸ਼ਾਹ ਸਦਕਾ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਿੱਖ-ਮਿਸ਼ਨ ਸਥਾਪਤ ਹੋਏ ਹਨ। ਇਨ੍ਹਾਂ ਦੇ ਪ੍ਰਧਾਨਗੀ ਕਾਰਜ-ਕਾਲ ਸਮੇਂ ਸਿੱਖ ਮਿਸ਼ਨ ਜੰਮੂ; ਸਿੱਖ ਮਿਸ਼ਨ ਦਿੱਲੀ; ਸਿੱਖ ਮਿਸ਼ਨ ਹੈਦਰਾਬਾਦ; ਸਿੱਖ ਮਿਸ਼ਨ ਕਾਸ਼ੀਪੁਰ, ਉਤਰਾਖੰਡ; ਸਿੱਖ ਮਿਸ਼ਨ ਰਾਏਪੁਰ, ਛੱਤੀਸਗੜ੍ਹ; ਸਿੱਖ ਮਿਸ਼ਨ ਗੰਗਾ ਨਗਰ, ਰਾਜਸਥਾਨ; ਸਿੱਖ ਮਿਸ਼ਨ, ਗੁਰਦੁਆਰਾ ਪਲਾਹ ਸਾਹਿਬ ਹਿਮਾਚਲ; ਸਿੱਖ ਮਿਸ਼ਨ ਇੰਦੌਰ ਆਦਿ ਸਥਾਪਤ ਹੋਏ। ਧਰਮ ਪ੍ਰਚਾਰ ਲਹਿਰ ਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਆਰੰਭ ਕੀਤੀਆਂ ਗਈਆਂ ਜੋ ਸਫਲਤਾ ਪੂਰਵਿਕ ਚੱਲ ਰਹੀਆਂ ਹਨ। ਅੰਮ੍ਰਿਤ ਸੰਚਾਰ, ਨਗਰ ਕੀਰਤਨ, ਢਾਡੀ ਦਰਬਾਰ, ਪਾਠ ਬੋਧ ਸਮਾਗਮਾਂ, ਰਾਗਾਂ ਆਧਾਰਿਤ ਕੀਰਤਨ ਦਰਬਾਰ, ਮੈਡੀਕਲ ਕੈਂਪਾਂ, ਵਿਦਿਆਰਥੀ ਕੈਂਪਾਂ, ਗ੍ਰੰਥੀ ਤੇ ਪਾਠੀ ਸਿੰਘਾਂ ਦੇ ਕੈਂਪ ਲਗਾ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ।

ਜਥੇਦਾਰ ਅਵਤਾਰ ਸਿੰਘ ਜੀ ਖ਼ੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਗੁਰੂ-ਪੰਥ ਨਾਲ ਸੰਬੰਧਿਤ ਸ਼ਤਾਬਦੀਆਂ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ 16 ਜੂਨ, 2006, ਸ੍ਰੀ ਅਕਾਲ ਤਖ਼ਤ ਸਾਹਿਬ ਦਾ 400 ਸਾਲਾ ਸਿਰਜਣਾ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਸੰਪੂਰਨਤਾ ਦਿਵਸ, ਬਾਬਾ ਬੁੱਢਾ ਜੀ ਦੀ ਜਨਮ ਸ਼ਤਾਬਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਸ਼ਤਾਬਦੀ ਆਦਿ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਹੁਣ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਫ਼ਤਹਿ ਦਿਵਸ ਦੀ ਸ਼ਤਾਬਦੀ ਮਨਾਉਣ ਦੀ ਯੋਜਨਾ ਬਣਾ ਰਹੇ ਹਨ। ਸ਼ਹੀਦ ਬਾਬਾ ਦੀਪ ਸਿੰਘ ਨਿਵਾਸ, ਪ੍ਰਬੰਧਕੀ ਬਲਾਕ ਤੇ ਐਨ.ਆਰ.ਆਈ. ਨਿਵਾਸ ਨਿਰਮਾਣ ਕਾਰਜ ਤੋਂ ਇਲਾਵਾ ਅਨੇਕਾਂ ਸਕੂਲਾਂ, ਕਾਲਜਾਂ ਦਾ ਉਦਘਾਟਨ ਕਰਨ ਦਾ ਸੁਭਾਗ ਵੀ ਜਥੇਦਾਰ ਜੀ ਨੂੰ ਪ੍ਰਾਪਤ ਹੋਇਆ। ਇਨ੍ਹਾਂ ਨੇ ਭਾਰਤ ਸਰਕਾਰ, ਵੱਖ-ਵੱਖ ਦੇਸ਼ਾਂ ਦੇ ਦੂਤ-ਘਰਾਂ ਤੇ ਯੂ.ਐਨ.ਓ. ਤੀਕ ਪੱਤਰ ਲਿਖ ਕੇ ਸਿੱਖ ਸਮੱਸਿਆਵਾਂ ਤੋਂ ਜਾਣੂੰ ਕਰਵਾਇਆ।

ਆਪ ਜੀ ਨੇ ਸ਼੍ਰੋਮਣੀ ਕਮੇਟੀ ਵਲੋਂ ਪਹਿਲੇ ਅਰੰਭੇ ਕਾਰਜਾਂ ਨੂੰ ਸੰਪੂਰਨ ਕਰਵਾਇਆ ਅਤੇ ਗੁਰਮਤਿ ਗਿਆਨ ਦੇ ਪ੍ਰਚਾਰ-ਪ੍ਰਸਾਰ ਵਾਸਤੇ ਨਵੇਂ ਸਿੱਖ ਮਿਸ਼ਨ ਵੱਖ-ਵੱਖ ਪ੍ਰਾਂਤਾਂ 'ਚ ਸਥਾਪਤ ਕੀਤੇ। ਦੋ-ਸਾਲਾ ਪੱਤਰ ਵਿਹਾਰ ਕੋਰਸ, ਧਰਮ ਪ੍ਰਚਾਰ ਲਹਿਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੀ ਆਰੰਭਤਾ, ਸਿੱਖ ਇਤਿਹਾਸ ਰੀਸਰਚ ਬੋਰਡ ਦਾ ਨਵੀਨੀਕਰਣ, ਗੁਰਮਤਿ ਸਾਹਿਤ ਦੀ ਛਪਾਈ ਲਈ ਗੋਲਡਨ ਆਫ਼ਸੈੱਟ ਪ੍ਰੈਸ ਦਾ ਵਿਸਥਾਰ, ਨਵੀਂ ਕਰੋੜਾਂ ਰੁਪਇਆਂ ਵਾਲੀ ਆਧੁਨਿਕ ਮਸ਼ੀਨ, ਵਿਰਸੇ ਤੇ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ, ਦਰਸ਼ਨ ਇਸ਼ਨਾਨ ਲਈ ਆਈਆਂ ਸੰਗਤਾਂ ਵਾਸਤੇ ਨਿਵਾਸ ਤੇ ਸਹੂਲਤਾਂ, ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਬਲਾਕ ਦੀ ਉਸਾਰੀ, ਹਿਸਾਬ ਕਿਤਾਬ ਨੂੰ ਪਾਰਦਰਸ਼ੀ ਕਰਨਾ, ਸ਼੍ਰੋਮਣੀ ਕਮੇਟੀ ਆਡਿਟ ਨੂੰ

ਮੁਕੰਮਲ ਕਰਾਉਣਾ, ਸ੍ਰੀ ਹਰਿਮੰਦਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਟੱਚ ਸਕਰੀਨ, ਕੰਪਿਊਟਰ ਲਗਾਉਣੇ ਆਦਿ ਇਤਿਹਾਸਕ ਮਹੱਤਤਾ ਵਾਲੇ ਸਾਰੇ ਕਾਰਜ ਜਥੇਦਾਰ ਅਵਤਾਰ ਸਿੰਘ ਜੀ ਨੇ ਕਰਵਾਏ।

10 ਮਾਰਚ, 1945 ਨੂੰ ਹੋਈ ਜਨਰਲ ਇਕੱਤ੍ਰਤਾ ਸਮੇਂ ਪਹਿਲੀ ਵਾਰ ਸਿੱਖ ਯੂਨੀਵਰਸਿਟੀ ਦੀ ਲੋੜ 'ਤੇ ਕਾਇਮੀ ਵਾਸਤੇ ਮਤਾ ਕੀਤਾ ਗਿਆ ਸੀ। ਜਥੇਦਾਰ ਅਵਤਾਰ ਸਿੰਘ ਜੀ ਨੂੰ ਸ਼ਰਫ਼ ਹਾਸਲ ਹੈ ਕਿ ਉਹ ਪਹਿਲਾਂ ਹੋਏ ਮਤਿਆਂ ਨੂੰ ਅਮਲ 'ਚ ਲਿਆਉਣ 'ਚ ਕਾਮਯਾਬ ਹੋਏ। ਪਹਿਲੀ ਸਤੰਬਰ, 2008 ਨੂੰ ਸ. ਪਰਕਾਸ਼ ਸਿੰਘ ਜੀ ਬਾਦਲ ਮੁੱਖ-ਮੰਤਰੀ, ਪੰਜਾਬ ਤੇ ਜਥੇਦਾਰ ਅਵਤਾਰ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਦਾ ਮਾਣ ਸਤਿਕਾਰ ਹਾਸਲ ਹੋਇਆ। ਆਪ ਜੀ ਨੂੰ 800 ਸਾਲ ਪੁਰਾਣੀ ਵਿਸ਼ਵ ਪ੍ਰਸਿੱਧ ਕੈਂਬਰਿਜ ਯੂਨੀਵਰਸਿਟੀ, ਲੰਡਨ ਨਾਲ 21 ਜੁਲਾਈ, 2009 ਨੂੰ ਸਮਝੌਤਾ ਕਰਨ ਦਾ ਮਾਣ ਪ੍ਰਾਪਤ ਹੋਇਆ, ਜਿਸ ਵਿਚ ਹਰ ਸਾਲ 5 ਸਿੱਖ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਜ਼ੀਫ਼ੇ ਦਿੱਤੇ ਜਾਣਗੇ। ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਸ੍ਰੀ ਅੰਮ੍ਰਿਤਸਰ ਨੂੰ ਪੈਰੀਂ ਖੜੇ ਕਰਨ 'ਚ ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਰੁਚੀ ਲਈ। ਇਨ੍ਹਾਂ ਦੇ ਯਤਨਾਂ ਸਦਕਾ ਐਮ.ਬੀ.ਬੀ.ਐਸ. ਦੇ ਵਿਦਿਆਰਥੀਆਂ ਦੀਆਂ ਸੀਟਾਂ ਵਧ ਕੇ 50 ਤੋਂ 100 ਅਤੇ ਪੀ.ਜੀ. ਦੇ ਵਿਦਿਆਰਥੀਆਂ ਦੀਆਂ ਸੀਟਾਂ ਦੀ ਗਿਣਤੀ 9 ਤੋਂ 43 ਹੋ ਗਈ ਹੈ। ਘੱਟ-ਗਿਣਤੀ ਕੋਟੇ ਦੀ ਬਹਾਲੀ ਵੀ ਇਨ੍ਹਾਂ ਦੇ ਸਮੇਂ ਹੀ ਹੋਈ। ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੀ ਇਕਸਾਰਤਾ ਤੇ ਇਕਸੁਰਤਾ ਨੂੰ ਬਣਾਈ ਰੱਖਣ ਤੇ **ਸਤਿਕਾਰਤ ਪਵਿੱਤਰ ਬੀੜਾਂ ਦੇ ਵਪਾਰੀਕਰਣ ਨੂੰ ਰੋਕਣ ਲਈ ਜਥੇਦਾਰ ਅਵਤਾਰ ਸਿੰਘ ਜੀ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਨੇ ਕਾਨੂੰਨ ਪਾਸ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਪ੍ਰਕਾਸ਼ਿਤ ਨਹੀਂ ਕਰ ਸਕੇਗਾ।**

ਕੇਂਦਰੀ ਸਿੱਖ ਅਜਾਇਬ-ਘਰ 'ਚ 20ਵੀਂ ਸਦੀ ਦੇ ਮਹਾਨ ਸਿੱਖ ਪ੍ਰਚਾਰਕ ਤੇ ਜਰਨੈਲ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਤਸਵੀਰ ਸੁਸ਼ੋਭਿਤ ਕਰਨ ਦਾ ਸੁਭਾਗ ਵੀ ਜਥੇਦਾਰ ਜੀ ਨੂੰ ਹੀ ਪ੍ਰਾਪਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਵ-ਪ੍ਰਵਾਣਿਤ ਟੀਕਾ ਤਿਆਰ ਕਰਨ ਲਈ ਨਵੇਂ ਖੋਜ-ਕੇਂਦਰ ਦੀ ਸਥਾਪਨਾ ਕੀਤੀ ਗਈ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ 'ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ' ਦਾ ਡਾਇਰੈਕਟੋਰੇਟ ਸਥਾਪਤ ਕੀਤਾ ਜੋ ਸਫਲਤਾ ਦੀਆਂ ਸਰ-ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਨ੍ਹਾਂ ਵਲੋਂ ਸਿੱਖ ਵਿੱਦਿਅਕ ਸੰਸਥਾਵਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਬਣਾਇਆ ਗਿਆ।

ਪ੍ਰਧਾਨ ਸਾਹਿਬ ਦੇ ਸੁਹਿਰਦ ਯਤਨਾਂ ਸਦਕਾ ਹੀ ਇਤਿਹਾਸਕ ਸਿੱਖ ਇਮਾਰਤਾਂ

ਤੇ ਵਿਰਸੇ ਨੂੰ ਸੰਭਾਲਣ ਲਈ ਵਿਸ਼ੇ-ਮਾਹਰਾਂ ਨਾਲ ਸੰਪਰਕ ਕਰ ਕੇ ਵਿਰਾਸਤੀ ਇਮਾਰਤਾਂ ਨੂੰ ਹੂਬਹੂ ਸੰਭਾਲਣ ਦਾ ਕਾਰਜ ਅਰੰਭਿਆ ਗਿਆ, ਜਿਸ ਤਹਿਤ ਦਰਸ਼ਨੀ ਡਿਉੜੀ ਸ੍ਰੀ ਹਰਿਮੰਦਰ ਸਾਹਿਬ, ਬੁੰਗਾ ਰਾਮਗੜ੍ਹੀਆਂ, ਗੁਰਦੁਆਰਾ ਬਾਬਾ ਅਟੱਲ ਰਾਇ ਜੀ, ਬਾਰਾਂਦਰੀ ਆਦਿ ਦੀ ਸੰਭਾਲ ਕੀਤੀ ਜਾ ਰਹੀ ਹੈ। ਦੀਵਾਨ ਟੋਡਰ ਮੱਲ ਦੀ ਇਤਿਹਾਸਕ ਜਹਾਜ਼ ਹਵੇਲੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਲਈ ਗਈ ਹੈ, ਜਿਸ ਨੂੰ ਸੰਭਾਲਿਆ ਜਾਵੇਗਾ। ਵਾਤਾਵਰਣ 'ਚ ਆ ਰਹੀ ਤਬਦੀਲੀ ਸਮੁੱਚੀ ਮਾਨਵਤਾ ਵਾਸਤੇ ਘਾਤਕ ਸਾਬਤ ਹੋ ਰਹੀ ਹੈ। ਵਾਤਾਵਰਣ ਦੇ ਸਮਤੋਲ ਨੂੰ ਬਣਾਈ ਰੱਖਣ 'ਚ ਦਰੱਖ਼ਤ ਸਭ ਤੋਂ ਵੱਧ ਸਹਾਇਕ ਹਨ। ਇਨ੍ਹਾਂ ਦੀ ਸੁਚੱਜੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਨੇ ਇਸ ਕਾਰਜ 'ਚ ਵਡਮੁੱਲਾ ਯੋਗਦਾਨ ਪਾਇਆ ਤੇ ਪਾ ਰਹੀ ਹੈ।

ਪ੍ਰਧਾਨ ਸਾਹਿਬ ਦੇ ਨਿਰਦੇਸ਼ਾਂ 'ਤੇ ਸਿੱਖ ਇਤਿਹਾਸ ਰੀਸਰਚ ਬੋਰਡ ਦਾ ਨਵੀਨੀਕਰਣ ਕੀਤਾ ਗਿਆ। ਪੁਰਾਤਨ ਵਡਮੁੱਲੇ ਸਾਹਿਤ ਨੂੰ ਸੰਭਾਲਣ ਲਈ ਫਿਊਮੀਗੇਸ਼ਨ ਚੈਂਬਰ ਸਥਾਪਤ ਕੀਤਾ ਗਿਆ ਅਤੇ ਹੱਥ-ਲਿਖਤ ਪਾਵਨ ਬੀੜਾਂ ਤੇ ਦੁਰਲੱਭ ਪੁਸਤਕਾਂ ਦੀ ਸੰਭਾਲ ਲਈ ਡਿਜ਼ੀਟਲਾਈਜੇਸ਼ਨ ਕਰਵਾਈ ਜਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਇਸ਼ਨਾਨ ਵਾਸਤੇ ਆਈਆਂ ਸੰਗਤਾਂ ਦੀ ਸਹੂਲਤ ਲਈ ਰੇਲਵੇ ਸਟੇਸ਼ਨ, ਏਅਰ ਪੋਰਟ ਤੇ ਬੱਸ ਸਟੈਂਡ ਤੋਂ ਫ਼੍ਰੀ ਬੱਸ ਸੇਵਾਵਾਂ 'ਚ ਵਾਧਾ ਕੀਤਾ ਗਿਆ ਅਤੇ ਨੇੜਲੇ ਇਤਿਹਾਸਕ ਅਸਥਾਨਾਂ ਦੇ ਦਰਸ਼ਨਾਂ ਵਾਸਤੇ ਦੋ ਬੱਸਾਂ ਦੀ ਸੇਵਾ ਆਰੰਭ ਕੀਤੀ ਗਈ। ਨਾਮਵਰ ਸਿੱਖ ਸ਼ਖ਼ਸੀਅਤਾਂ ਤੇ ਵਿਦਵਾਨਾਂ, ਜਿਵੇਂ ਭਾਈ ਜਸਵੀਰ ਸਿੰਘ ਖੰਨੇ ਵਾਲਿਆਂ ਨੂੰ ਪੰਥ-ਰਤਨ ਦੀ ਉਪਾਧੀ, ਡਾ. ਰਘਬੀਰ ਸਿੰਘ ਬੈਂਸ, ਉੱਘੇ ਕਾਨੂੰਨਦਾਨ ਸ. ਹਰਦੇਵ ਸਿੰਘ ਮਤੇਵਾਲ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ, ਪਦਮ ਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ, ਬੀਬੀ ਜਸਬੀਰ ਕੌਰ ਖ਼ਾਲਸਾ, ਪ੍ਰਿੰ. ਕਰਤਾਰ ਸਿੰਘ, ਸ. ਪਵਿਤ ਸਿੰਘ, ਆਦਿ ਦਾ ਵਿਸ਼ੇਸ਼ ਸਨਮਾਨ ਤੇ ਸਤਿਕਾਰ ਕਰਨ ਦਾ ਸੁਭਾਗ ਵੀ ਜਥੇਦਾਰ ਅਵਤਾਰ ਸਿੰਘ ਜੀ ਨੂੰ ਪ੍ਰਾਪਤ ਹੋਇਆ। ਜਥੇਦਾਰ ਜੀ ਨੇ ਜੂਨ, 1984 'ਚ ਸ੍ਰੀ ਦਰਬਾਰ ਸਾਹਿਬ ਤੇ ਹੋਰ ਧਾਰਮਿਕ ਅਸਥਾਨਾਂ 'ਤੇ ਵਾਪਰੇ ਘੱਲੂਘਾਰੇ ਸਮੇਂ ਧਰਮੀ ਫ਼ੌਜੀਆਂ ਜਿਨ੍ਹਾਂ ਨੇ ਬੈਰਕਾਂ ਛੱਡੀਆਂ ਸਨ, ਨੂੰ ਸੇਵਾ ਤੇ ਸਹਾਇਤਾ ਦੇਣ 'ਚ ਖੁੱਲ੍ਹ-ਦਿਲੀ ਦਿਖਾਈ। ਇਨ੍ਹਾਂ ਨੇ ਜੋਧਪੁਰ ਦੇ ਨਜ਼ਰਬੰਦੀਆਂ ਦੀ ਵੀ ਹਰ ਸੰਭਵ ਸਹਾਇਤਾ ਕੀਤੀ।

ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ, ਅਖੌਤੀ ਡੇਰਾ ਸੱਚਾ ਸੌਦਾ, ਮਾਲਵੇ ਦੇ ਹਰਿਮੰਦਰ (ਮਸਤੂਆਣੇ), ਪ੍ਰੋ. ਦਰਸ਼ਨ ਸਿੰਘ, ਨਾਨਕਸ਼ਾਹੀ ਕੈਲੰਡਰ, ਭਗਤ ਰਵਿਦਾਸ ਦੇ ਪੈਰੋਕਾਰਾਂ, ਆਸ਼ੂਤੋਸ਼ ਦੇ ਚੇਲਿਆਂ ਆਦਿ ਮਸਲਿਆਂ ਨੂੰ ਸੁਲਝਾਉਣ 'ਚ ਵੀ ਆਪ ਕਾਫ਼ੀ ਯਤਨਸ਼ੀਲ ਰਹੇ। ਵਿਸ਼ਵ ਵਿਆਪੀ ਸਿੱਖ ਭਾਈਚਾਰੇ ਨਾਲ ਸੰਬੰਧਿਤ ਸਮੱਸਿਆਵਾਂ, ਜਿਵੇਂ ਸਿੱਖਾਂ ਦੀ ਦਸਤਾਰ, ਕੇਸਾਂ, ਕ੍ਰਿਪਾਨ ਤੇ ਪਤਿਤਪੁਣਾ, ਭਰੂਣ ਹੱਤਿਆ, ਹਰਿਆਣਾ ਦੀ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਸਲੇ ਵਿਰੁੱਧ ਉਚੇਚੇ ਤੌਰ 'ਤੇ ਲਹਿਰ ਚਲਾਈ ਤੇ ਵਿਦੇਸ਼ੀ ਦੂਤਘਰਾਂ ਦਾ ਘਿਰਾਉ ਤਕ ਖ਼ੁਦ ਕੀਤਾ।

ਜਥੇਦਾਰ ਅਵਤਾਰ ਸਿੰਘ ਜੀ ਨੂੰ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਪ੍ਰਚਾਰ ਦੌਰੇ ਕਰਨ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਪਾਕਿਸਤਾਨ ਆਦਿ ਦੇਸ਼ਾਂ 'ਚ ਜਾਣ ਦਾ ਅਵਸਰ ਵੀ ਪ੍ਰਾਪਤ ਹੋਇਆ। ਹਉਮੈ-ਹੰਕਾਰ ਤੋਂ ਰਹਿਤ ਸਾਫ਼-ਦਿਲ, ਮਿਲਣਸਾਰ, ਸ਼ਰਧਾ-ਭਾਵਨਾ ਨਾਲ ਭਰਪੂਰ ਆਪ ਜੀ ਨੂੰ ਧਾਰਮਿਕ ਮਾਮਲਿਆਂ ਦੀ ਸੂਖਮ ਸੂਝ ਤੇ ਸਮਝ ਹੈ। ਉਹ ਪੰਥ ਲਈ ਬਹੁਤ ਕੁਝ ਕਰਨਾ ਲੋਚਦੇ ਹਨ ਪਰ ਕਈ ਵਾਰ ਸਮੇਂ ਤੇ ਸਮਕਾਲੀ ਸਮੱਸਿਆਵਾਂ ਦੇ ਸਨਮੁਖ ਬੇਵੱਸ ਵੀ ਨਜ਼ਰ ਆਉਂਦੇ ਹਨ। ਅੱਜ-ਕੱਲ੍ਹ ਜਥੇਦਾਰ ਅਵਤਾਰ ਸਿੰਘ ਜੀ 407-ਏ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਆਪਣੇ ਬੱਚਿਆਂ ਸਮੇਤ ਨਿਵਾਸ ਰੱਖ ਰਹੇ ਹਨ। ਗੁਰੂ ਕਰੇ ਇਹ ਸਿਹਤਜ਼ਾਬ ਰਹਿਣ ਤੇ ਕੌਮ ਦੀ ਨਿਰੰਤਰ ਸੇਵਾ ਕਰਦੇ ਰਹਿਣ !!!

•

ਅੰਤਿਕਾ - 1

ਅਹੁਦੇਦਾਰ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

(16 ਨਵੰਬਰ, 1920 ਤੋਂ 05 ਮਾਰਚ, 2010 ਤੀਕ)

ਮਿਤੀ / ਸਾਲ	*ਪ੍ਰਧਾਨ*	*ਸੀਨੀਅਰ ਮੀਤ ਪ੍ਰਧਾਨ*	*ਮੀਤ ਪ੍ਰਧਾਨ*	*ਜਨਰਲ ਸਕੱਤਰ*
16 ਨਵੰਬਰ, 1920	ਸ. ਸੁੰਦਰ ਸਿੰਘ ਜੀ ਮਜੀਠੀਆ	ਸ. ਹਰਬੰਸ ਸਿੰਘ ਜੀ ਅਟਾਰੀ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ
14 ਅਗਸਤ, 1921	ਬਾਬਾ ਖੜਗ ਸਿੰਘ ਜੀ	ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ	,, ,,	ਸ. ਮਹਿਤਾਬ ਸਿੰਘ ਜੀ
19 ਫ਼ਰਵਰੀ, 1922	ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ		,, ,,	
16 ਜੁਲਾਈ, 1922	ਸ. ਬਹਾਦਰ ਮਹਿਤਾਬ ਸਿੰਘ ਜੀ		,, ,,	
27 ਅਪ੍ਰੈਲ, 1925	ਸ. ਮੰਗਲ ਸਿੰਘ ਜੀ		ਮਾਸਟਰ ਤਾਰਾ ਸਿੰਘ ਜੀ	

ਅਹੁਦੇਦਾਰ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ (ਸਿੱਖ ਗੁਰਦੁਆਰਾ ਐਕਟ 1925 ਬਣਨ ਤੋਂ ਬਾਅਦ)

02 ਅਕਤੂਬਰ, 1926	ਬਾਬਾ ਖੜਗ ਸਿੰਘ ਜੀ	19 ਫ਼ਰਵਰੀ, 1922 ਤੋਂ 26 ਅਕਤੂਬਰ, 1945 ਤੀਕ ਕੋਈ ਵੇਰਵਾ ਨਹੀਂ ਮਿਲਦਾ	ਮਾਸਟਰ ਤਾਰਾ ਸਿੰਘ ਜੀ	19 ਫ਼ਰਵਰੀ, 1922 ਤੋਂ 09 ਮਾਰਚ, 1946 ਤੀਕ ਕੋਈ ਵੇਰਵਾ ਨਹੀਂ ਮਿਲਦਾ
08 ਅਕਤੂਬਰ, 1927	ਬਾਬਾ ਖੜਗ ਸਿੰਘ ਜੀ		ਮਾਸਟਰ ਤਾਰਾ ਸਿੰਘ ਜੀ	
28 ਅਕਤੂਬਰ, 1928	ਬਾਬਾ ਖੜਗ ਸਿੰਘ ਜੀ		ਮਾਸਟਰ ਤਾਰਾ ਸਿੰਘ ਜੀ	
01 ਨਵੰਬਰ, 1929	ਬਾਬ· ਖੜਗ ਸਿੰਘ ਜੀ		ਮਾਸਟਰ ਤਾਰਾ ਸਿੰਘ ਜੀ	
09 ਜੂਨ, 1930	ਬਾਬਾ ਖੜਗ ਸਿੰਘ ਜੀ		ਮਾਸਟਰ ਤਾਰਾ ਸਿੰਘ ਜੀ	
12 ਅਕਤੂਬਰ, 1930	ਮਾਸਟਰ ਤਾਰਾ ਸਿੰਘ ਜੀ		ਸ. ਭਾਗ ਸਿੰਘ ਜੀ	
04 ਅਕਤੂਬਰ, 1931	ਮਾਸਟਰ ਤਾਰਾ ਸਿੰਘ ਜੀ		ਜਥੇ: ਤੇਜਾ ਸਿੰਘ ਜੀ ਅਕਰਪੁਰੀ	
27 ਨਵੰਬਰ, 1932	ਮਾਸਟਰ ਤਾਰਾ ਸਿੰਘ ਜੀ		ਜਥੇ: ਤੇਜਾ ਸਿੰਘ ਜੀ ਅਕਰਪੁਰੀ	
17 ਜੂਨ, 1933	ਸ. ਗੋਪਾਲ ਸਿੰਘ ਜੀ ਕੌਮੀ		ਜਥੇ: ਤੇਜਾ ਸਿੰਘ ਜੀ ਅਕਰਪੁਰੀ	
18 ਜੂਨ, 1933	ਸ. ਪ੍ਰਤਾਪ ਸਿੰਘ ਜੀ ਸ਼ੰਕਰ		ਜਥੇ: ਤੇਜਾ ਸਿੰਘ ਜੀ ਅਕਰਪੁਰੀ	
29 ਅਕਤੂਬਰ, 1933	ਸ. ਪ੍ਰਤਾਪ ਸਿੰਘ ਜੀ ਸ਼ੰਕਰ		ਜਥੇ: ਤੇਜਾ ਸਿੰਘ ਜੀ ਅਕਰਪੁਰੀ	

ਮਿਤੀ / ਸਾਲ	ਪ੍ਰਧਾਨ	ਸੀਨੀਅਰ ਮੀਤ ਪ੍ਰਧਾਨ	ਮੀਤ ਪ੍ਰਧਾਨ	ਜਨਰਲ ਸਕੱਤਰ
22 ਅਕਤੂਬਰ, 1934	ਸ. ਪ੍ਰਤਾਪ ਸਿੰਘ ਜੀ ਸ਼ੰਕਰ	19 ਫ਼ਰਵਰੀ, 1922 ਤੋਂ 26 ਅਕਤੂਬਰ, 1945 ਤੀਕ ਕੋਈ ਵੇਰਵਾ ਨਹੀਂ ਮਿਲਦਾ	ਜਥੇ: ਤੇਜਾ ਸਿੰਘ ਜੀ ਅਕਰਪੁਰੀ	19 ਫ਼ਰਵਰੀ, 1922 ਤੋਂ 09 ਮਾਰਚ, 1946 ਤੀਕ ਕੋਈ ਵੇਰਵਾ ਨਹੀਂ ਮਿਲਦਾ
20 ਅਕਤੂਬਰ, 1935	ਸ. ਪ੍ਰਤਾਪ ਸਿੰਘ ਜੀ ਸ਼ੰਕਰ		ਸ. ਹਰਨਾਮ ਸਿੰਘ ਜੀ ਐਡਵੋਕੇਟ	
13 ਜੂਨ, 1936	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
28 ਨਵੰਬਰ, 1937	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
09 ਅਕਤੂਬਰ, 1938	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
11 ਜੂਨ, 1939	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
30 ਨਵੰਬਰ, 1940	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
26 ਅਕਤੂਬਰ, 1941	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
06 ਨਵੰਬਰ, 1942	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
28 ਨਵੰਬਰ, 1943	ਮਾਸਟਰ ਤਾਰਾ ਸਿੰਘ ਜੀ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
19 ਨਵੰਬਰ, 1944	ਜਥੇ: ਮੋਹਨ ਸਿੰਘ ਜੀ ਨਾਗੋਕੇ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
26 ਅਕਤੂਬਰ, 1945	ਜਥੇ: ਮੋਹਨ ਸਿੰਘ ਜੀ ਨਾਗੋਕੇ		ਸ. ਪ੍ਰਤਾਪ ਸਿੰਘ ਜੀ ਸ਼ੰਕਰ	
09 ਮਾਰਚ, 1946	ਜਥੇ: ਮੋਹਨ ਸਿੰਘ ਜੀ ਨਾਗੋਕੇ		ਸ. ਬਸੰਤ ਸਿੰਘ ਜੀ ਜਲੰਧਰ	ਸ. ਅਮਰ ਸਿੰਘ ਜੀ ਦੁਸਾਂਝ
28 ਮਈ, 1948	ਜਥੇ: ਊਧਮ ਸਿੰਘ ਜੀ ਨਾਗੋਕੇ	ਸ. ਬਸੰਤ ਸਿੰਘ ਜੀ ਮੋਗਾ	ਸ. ਗੁਰਦਿਆਲ ਸਿੰਘ ਜੀ ਕਟਾਣੀ	ਸ. ਉਮਰਾਓ ਸਿੰਘ ਕਸੂਰ (ਪੱਟੀ)
13 ਨਵੰਬਰ, 1949	ਜਥੇ: ਊਧਮ ਸਿੰਘ ਜੀ ਨਾਗੋਕੇ	ਸ. ਬਸੰਤ ਸਿੰਘ ਜੀ ਮੋਗਾ	ਸ. ਗੁਰਦਿਆਲ ਸਿੰਘ ਜੀ ਕਟਾਣੀ	ਸ. ਉਮਰਾਓ ਸਿੰਘ ਕਸੂਰ (ਪੱਟੀ)
18 ਮਾਰਚ, 1950	ਸ. ਚੰਨਣ ਸਿੰਘ ਜੀ ਉਰਾੜਾ	ਸ. ਬਸੰਤ ਸਿੰਘ ਜੀ ਮੋਗਾ	ਸ. ਗੁਰਦਿਆਲ ਸਿੰਘ ਜੀ ਕਟਾਣੀ	ਸ. ਉਮਰਾਓ ਸਿੰਘ ਕਸੂਰ (ਪੱਟੀ)
26 ਨਵੰਬਰ, 1950	ਜਥੇ: ਊਧਮ ਸਿੰਘ ਜੀ ਨਾਗੋਕੇ	ਸ. ਬਸੰਤ ਸਿੰਘ ਜੀ ਮੋਗਾ	ਸ. ਬਸੰਤ ਸਿੰਘ ਜੀ ਜਲੰਧਰ	ਸ. ਅਜੀਤ ਸਿੰਘ ਜੀ (ਅੰਬਾਲਵੀ)
04 ਨਵੰਬਰ, 1951	ਮਾਸਟਰ ਤਾਰਾ ਸਿੰਘ ਜੀ	ਸ. ਨਾਹਰ ਸਿੰਘ ਜੀ ਲੁਧਿਆਣਾ	ਸ. ਕਰਤਾਰ ਸਿੰਘ ਜੀ ਵਲਟੋਹਾ	ਸ. ਨਰਿੰਦਰ ਸਿੰਘ ਜੀ ਜਲੰਧਰ
05 ਅਕਤੂਬਰ, 1952	ਸ. ਪ੍ਰੀਤਮ ਸਿੰਘ ਜੀ ਖੁੜੰਜ	ਸ. ਸਰਮੁਖ ਸਿੰਘ ਜੀ ਚਮਕ	ਸ. ਕਰਤਾਰ ਸਿੰਘ ਜੀ ਵਲਟੋਹਾ	ਗਿ: ਧਨਵੰਤ ਸਿੰਘ ਜੀ
18 ਜਨਵਰੀ, 1953	ਸ. ਪ੍ਰੀਤਮ ਸਿੰਘ ਜੀ ਖੁੜੰਜ	ਸ. ਸਰਮੁਖ ਸਿੰਘ ਜੀ ਚਮਕ	ਸ. ਕਰਤਾਰ ਸਿੰਘ ਜੀ ਵਲਟੋਹਾ	ਗਿ: ਧਨਵੰਤ ਸਿੰਘ ਜੀ
18 ਜਨਵਰੀ, 1954	ਸ. ਈਸ਼ਰ ਸਿੰਘ ਜੀ ਮਝੈਲ	ਸ. ਬਸੰਤ ਸਿੰਘ ਜੀ ਮੋਗਾ	ਸ. ਕਰਤਾਰ ਸਿੰਘ ਜੀ ਵਲਟੋਹਾ	ਗਿ: ਧਨਵੰਤ ਸਿੰਘ ਜੀ
17 ਅਕਤੂਬਰ, 1954	ਸ. ਈਸ਼ਰ ਸਿੰਘ ਜੀ ਮਝੈਲ	ਸ. ਬਸੰਤ ਸਿੰਘ ਜੀ ਮੋਗਾ	ਸ. ਕਰਤਾਰ ਸਿੰਘ ਜੀ ਵਲਟੋਹਾ	ਗਿ: ਧਨਵੰਤ ਸਿੰਘ ਜੀ

ਮਿਤੀ / ਸਾਲ	ਪ੍ਰਧਾਨ	ਸੀਨੀਅਰ ਮੀਤ ਪ੍ਰਧਾਨ	ਮੀਤ ਪ੍ਰਧਾਨ	ਜਨਰਲ ਸਕੱਤਰ
07 ਫ਼ਰਵਰੀ, 1955	ਮਾਸਟਰ ਤਾਰਾ ਸਿੰਘ ਜੀ	ਗਿ: ਕਰਤਾਰ ਸਿੰਘ ਜੀ ਲਾਇਲਪੁਰੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਗੁਰਮੀਤ ਸਿੰਘ ਜੀ
24 ਅਪ੍ਰੈਲ, 1955	ਬਾਵਾ ਹਰਿਕਿਸ਼ਨ ਸਿੰਘ ਜੀ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ
16 ਅਕਤੂਬਰ, 1955	ਮਾਸਟਰ ਤਾਰਾ ਸਿੰਘ ਜੀ	ਸ. ਗੁਰਬਖ਼ਸ਼ ਸਿੰਘ ਜੀ ਕਟਾਣੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਗੁਰਮੀਤ ਸਿੰਘ ਜੀ
07 ਜੁਲਾਈ, 1956	ਸ. ਗਿਆਨ ਸਿੰਘ ਜੀ ਰਾੜੇਵਾਲਾ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ
11 ਨਵੰਬਰ, 1956	ਮਾਸਟਰ ਤਾਰਾ ਸਿੰਘ ਜੀ	ਸ. ਗੁਰਬਖ਼ਸ਼ ਸਿੰਘ ਜੀ ਕਟਾਣੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਅਜੀਤ ਸਿੰਘ ਜੀ ਮਾਨ
03 ਦਸੰਬਰ, 1957	ਮਾਸਟਰ ਤਾਰਾ ਸਿੰਘ ਜੀ	ਬਾਵਾ ਹਰਿਕਿਸ਼ਨ ਸਿੰਘ ਜੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਪ੍ਰੇਮ ਸਿੰਘ ਜੀ ਲਾਲਪੁਰਾ
16 ਨਵੰਬਰ, 1958	ਸ. ਪ੍ਰੇਮ ਸਿੰਘ ਜੀ ਲਾਲਪੁਰਾ	ਸ. ਅਜੀਤ ਸਿੰਘ ਜੀ ਮਾਨ	ਸ. ਮੋਹਨ ਸਿੰਘ ਜੀ ਮੁਹਾਵਾ	ਸ. ਅਮਰ ਸਿੰਘ ਜੀ ਦੁਸਾਂਝ
27 ਨਵੰਬਰ, 1959	ਸ. ਪ੍ਰੇਮ ਸਿੰਘ ਜੀ ਲਾਲਪੁਰਾ	ਸ. ਅਜੀਤ ਸਿੰਘ ਜੀ ਮਾਨ	ਸ. ਮੋਹਨ ਸਿੰਘ ਜੀ ਮੁਹਾਵਾ	ਸ. ਅਮਰ ਸਿੰਘ ਜੀ ਦੁਸਾਂਝ
07 ਮਾਰਚ, 1960	ਮਾਸਟਰ ਤਾਰਾ ਸਿੰਘ ਜੀ	ਸ. ਅਜੀਤ ਸਿੰਘ ਜੀ ਬਾਲਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਬਖ਼ਸ਼ ਸਿੰਘ ਜੀ ਐਡਵੋਕੇਟ
30 ਅਪ੍ਰੈਲ, 1960	ਸ. ਅਜੀਤ ਸਿੰਘ ਜੀ ਬਾਲਾ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ
10 ਮਾਰਚ, 1961	ਮਾਸਟਰ ਤਾਰਾ ਸਿੰਘ ਜੀ	ਸ. ਅਜੀਤ ਸਿੰਘ ਜੀ ਬਾਲਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਲਛਮਨ ਸਿੰਘ ਜੀ ਗਿੱਲ
30 ਨਵੰਬਰ, 1961	ਮਾਸਟਰ ਤਾਰਾ ਸਿੰਘ ਜੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਕੋਈ ਵੇਰਵਾ ਨਹੀਂ	ਸ. ਲਛਮਨ ਸਿੰਘ ਜੀ ਗਿੱਲ
11 ਮਾਰਚ, 1962	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ	ਕੋਈ ਵੇਰਵਾ ਨਹੀਂ
02 ਅਕਤੂਬਰ, 1962	ਸੰਤ ਚੰਨਣ ਸਿੰਘ ਜੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਤਾਰਾ ਸਿੰਘ ਜੀ ਲਾਇਲਪੁਰੀ	ਸ. ਰਘਬੀਰ ਸਿੰਘ ਐਡਵੋਕੇਟ
29 ਨਵੰਬਰ, 1963	ਸੰਤ ਚੰਨਣ ਸਿੰਘ ਜੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਤਾਰਾ ਸਿੰਘ ਜੀ ਲਾਇਲਪੁਰੀ	ਸ. ਰਘਬੀਰ ਸਿੰਘ ਐਡਵੋਕੇਟ
18 ਅਕਤੂਬਰ, 1964	ਸੰਤ ਚੰਨਣ ਸਿੰਘ ਜੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਤਾਰਾ ਸਿੰਘ ਜੀ ਲਾਇਲਪੁਰੀ	ਸ. ਰਘਬੀਰ ਸਿੰਘ ਐਡਵੋਕੇਟ
13 ਮਾਰਚ, 1965	ਸੰਤ ਚੰਨਣ ਸਿੰਘ ਜੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਕਰਨੈਲ ਸਿੰਘ ਜੀ ਮਰ੍ਹੜੀ	ਸ. ਲਛਮਨ ਸਿੰਘ ਜੀ ਗਿੱਲ
18 ਨਵੰਬਰ, 1966	ਸੰਤ ਚੰਨਣ ਸਿੰਘ ਜੀ	ਸ. ਹਰਚਰਨ ਸਿੰਘ ਜੀ ਹੁਡਿਆਰਾ	ਸ. ਤਾਰਾ ਸਿੰਘ ਜੀ ਲਾਇਲਪੁਰੀ	ਸ. ਲਛਮਨ ਸਿੰਘ ਜੀ ਗਿੱਲ
12 ਨਵੰਬਰ, 1967	ਸੰਤ ਚੰਨਣ ਸਿੰਘ ਜੀ	ਸ. ਮੋਹਨ ਸਿੰਘ ਜੀ ਤੁੜ	ਸ. ਬਦਾਮ ਸਿੰਘ ਜੀ	ਸ. ਲਛਮਨ ਸਿੰਘ ਜੀ ਗਿੱਲ
27 ਅਕਤੂਬਰ, 1968	ਸੰਤ ਚੰਨਣ ਸਿੰਘ ਜੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ 'ਸ਼ਾਂਤ'	ਜਥੇ: ਮੋਹਨ ਸਿੰਘ ਜੀ
29 ਨਵੰਬਰ, 1969	ਸੰਤ ਚੰਨਣ ਸਿੰਘ ਜੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ 'ਸ਼ਾਂਤ'	ਸ. ਨਿਰੰਜਨ ਸਿੰਘ ਜੀ ਪੱਟੀ
26 ਨਵੰਬਰ, 1970	ਸੰਤ ਚੰਨਣ ਸਿੰਘ ਜੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਬਦਾਮ ਸਿੰਘ ਜੀ	ਸ. ਨਿਰੰਜਨ ਸਿੰਘ ਜੀ ਪੱਟੀ

ਮਿਤੀ / ਸਾਲ	ਪ੍ਰਧਾਨ	ਸੀਨੀਅਰ ਮੀਤ ਪ੍ਰਧਾਨ	ਮੀਤ ਪ੍ਰਧਾਨ	ਜਨਰਲ ਸਕੱਤਰ
10 ਅਕਤੂਬਰ, 1971	ਸੰਤ ਚੰਨਣ ਸਿੰਘ ਜੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਬਚਨ ਸਿੰਘ ਜੀ ਚੁਹਾਨਕੇ	ਸ. ਨਿਰੰਜਨ ਸਿੰਘ ਜੀ ਪੱਟੀ
23 ਅਕਤੂਬਰ, 1972	ਸੰਤ ਚੰਨਣ ਸਿੰਘ ਜੀ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਬਚਨ ਸਿੰਘ ਜੀ ਚੁਹਾਨਕੇ	ਜਥੇ: ਤ੍ਰਿਲੋਚਨ ਸਿੰਘ ਜੀ ਪੱਟੀ
30 ਨਵੰਬਰ, 1972	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਬਚਨ ਸਿੰਘ ਜੀ ਚੁਹਾਨਕੇ	ਜਥੇ: ਤ੍ਰਿਲੋਚਨ ਸਿੰਘ ਜੀ ਪੱਟੀ
06 ਜਨਵਰੀ, 1973	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਬਦਾਮ ਸਿੰਘ ਜੀ ਭਵਾਨੀਗੜ੍ਹ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
28 ਨਵੰਬਰ, 1973	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਬਦਾਮ ਸਿੰਘ ਜੀ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
25 ਨਵੰਬਰ, 1974	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ ਸ਼ਾਂਤ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
31 ਅਕਤੂਬਰ, 1975	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ ਸ਼ਾਂਤ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
21 ਨਵੰਬਰ, 1976	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ ਸ਼ਾਂਤ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
21 ਨਵੰਬਰ, 1977	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ ਸ਼ਾਂਤ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
06 ਅਕਤੂਬਰ, 1978	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰੇਵਾਲਾ	ਸ. ਗੁਰਦੇਵ ਸਿੰਘ ਜੀ ਸ਼ਾਂਤ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ
02 ਜੂਨ, 1979	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਹਰਚੰਦ ਸਿੰਘ ਜੀ ਲੌਂਗੋਵਾਲ	ਸ. ਪਿਆਰ ਸਿੰਘ ਆਦਮਪੁਰ	ਸ. ਪ੍ਰੇਮ ਸਿੰਘ ਜੀ ਲਾਲਪੁਰਾ
19 ਨਵੰਬਰ, 1980	ਸ. ਗੁਰਚਰਨ ਸਿੰਘ ਜੀ ਟੌਹੜਾ	ਜਥੇ: ਜੀਵਨ ਸਿੰਘ ਜੀ ਉਮਰਾਨੰਗਲ	ਸ. ਬਚਨ ਸਿੰਘ ਜੀ ਚੁਹਾਨਕੇ	ਸ. ਬਲਦੇਵ ਸਿੰਘ ਜੀ ਸਿਬੀਆ
21 ਨਵੰਬਰ, 1981	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਬਲਦੇਵ ਸਿੰਘ ਜੀ ਸਿਬੀਆ	ਸ. ਕਿਰਪਾਲ ਸਿੰਘ ਜੀ ਸ਼ਾਂਤ	ਸ. ਉਂਕਾਰ ਸਿੰਘ ਜੀ ਮੱਤੇਨੰਗਲ
30 ਨਵੰਬਰ, 1982	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਬਲਦੇਵ ਸਿੰਘ ਜੀ ਸਿਬੀਆ	ਸ. ਕਿਰਪਾਲ ਸਿੰਘ ਜੀ ਸ਼ਾਂਤ	ਸ. ਉਂਕਾਰ ਸਿੰਘ ਜੀ ਮੱਤੇਨੰਗਲ
30 ਨਵੰਬਰ, 1983	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਆਤਮਾ ਸਿੰਘ ਜੀ ਕਪੂਰਥਲਾ	ਸ. ਰਾਜਿੰਦਰ ਸਿੰਘ ਧਾਰੀਵਾਲ	ਸ. ਮੇਜਰ ਸਿੰਘ ਜੀ ਉਬੋਕੇ
30 ਨਵੰਬਰ, 1984	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਪ੍ਰੇਮ ਸਿੰਘ ਜੀ ਲਾਲਪੁਰਾ	ਸ. ਰਾਜਿੰਦਰ ਸਿੰਘ ਧਾਰੀਵਾਲ	ਸ. ਕੁਲਦੀਪ ਸਿੰਘ ਜੀ ਵਡਾਲਾ
29 ਨਵੰਬਰ, 1985	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਕਾਬਲ ਸਿੰਘ ਜੀ	ਜਥੇ: ਪਿਆਰਾ ਸਿੰਘ ਜੀ ਪਧਿਆਣਾ	ਸ. ਉਂਕਾਰ ਸਿੰਘ ਜੀ ਮੱਤੇਨੰਗਲ
23 ਮਾਰਚ, 1986	ਸ. ਕਾਬਲ ਸਿੰਘ ਜੀ ਗੜ੍ਹਸ਼ੰਕਰ	ਸ. ਰਤਨ ਸਿੰਘ ਜੀ ਅਲਹੌਰਾਂ	ਜਥੇ: ਪਿਆਰਾ ਸਿੰਘ ਜੀ ਪਧਿਆਣਾ	ਸ. ਮੱਲ ਸਿੰਘ ਜੀ ਘੁਮਾਣ
30 ਨਵੰਬਰ, 1986	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਹਰਿੰਦਰ ਸਿੰਘ ਜੀ ਤਰਨ ਤਾਰਨ	ਜਥੇ: ਉਜਾਗਰ ਸਿੰਘ ਜੀ ਰੰਘਰੇਟਾ	ਸ. ਮੱਲ ਸਿੰਘ ਜੀ ਘੁਮਾਣ
16 ਅਕਤੂਬਰ, 1987	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਹਰਿੰਦਰ ਸਿੰਘ ਜੀ ਤਰਨ ਤਾਰਨ	ਜਥੇ: ਉਜਾਗਰ ਸਿੰਘ ਜੀ ਰੰਘਰੇਟਾ	ਸ. ਮੱਲ ਸਿੰਘ ਜੀ ਘੁਮਾਣ
30 ਨਵੰਬਰ, 1988	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਹਰਿੰਦਰ ਸਿੰਘ ਜੀ ਤਰਨ ਤਾਰਨ	ਜਥੇ: ਉਜਾਗਰ ਸਿੰਘ ਜੀ ਰੰਘਰੇਟਾ	ਸ. ਮੱਲ ਸਿੰਘ ਜੀ ਘੁਮਾਣ
30 ਮਾਰਚ, 1989	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਹਰਿੰਦਰ ਸਿੰਘ ਜੀ ਤਰਨ ਤਾਰਨ	ਜਥੇ: ਉਜਾਗਰ ਸਿੰਘ ਜੀ ਰੰਘਰੇਟਾ	ਸ. ਮੱਲ ਸਿੰਘ ਜੀ ਘੁਮਾਣ

ਮਿਤੀ / ਸਾਲ	ਪ੍ਰਧਾਨ	ਸੀਨੀਅਰ ਮੀਤ ਪ੍ਰਧਾਨ	ਮੀਤ ਪ੍ਰਧਾਨ	ਜਨਰਲ ਸਕੱਤਰ
21 ਨਵੰਬਰ, 1990	ਸ. ਬਲਦੇਵ ਸਿੰਘ ਜੀ ਸਿਬੀਆ	ਸ. ਦਲੀਪ ਸਿੰਘ ਜੀ ਮੱਲ੍ਹੂਨੰਗਲ	ਸ. ਸੁਖਦੇਵ ਸਿੰਘ ਜੀ ਲਿਬੜਾ	ਸ. ਬੀਰ ਸਿੰਘ ਜੀ ਜਲੰਧਰ
13 ਨਵੰਬਰ, 1991	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਮੇਜਰ ਸਿੰਘ ਜੀ ਉਬੋਕੇ	ਸ. ਅਰਜਨ ਸਿੰਘ ਜੀ ਜੋਸ਼	ਸ. ਗੁਰਦਿਆਲ ਸਿੰਘ ਜੀ ਰੋੜਾਂਵਾਲੀ
30 ਨਵੰਬਰ, 1992	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਉਂਕਾਰ ਸਿੰਘ ਜੀ ਮੱਤੇਨੰਗਲ	ਜਥੇ: ਪਿਆਰਾ ਸਿੰਘ ਜੀ ਪਧਿਆਣਾ	ਸ. ਗੁਰਦਿਆਲ ਸਿੰਘ ਜੀ ਰੋੜਾਂਵਾਲੀ
31 ਅਕਤੂਬਰ, 1993	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਉਂਕਾਰ ਸਿੰਘ ਜੀ ਮੱਤੇਨੰਗਲ	ਸ. ਰਣਜੀਤ ਸਿੰਘ ਜੀ ਭਵਾਨੀਗੜ੍ਹ	ਸ. ਅਜੀਤ ਸਿੰਘ ਜੀ ਅਰਾਈਆਂ
25 ਨਵੰਬਰ, 1994	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਦਲੀਪ ਸਿੰਘ ਜੀ ਮੱਲ੍ਹੂਨੰਗਲ	ਸ. ਭਜਨ ਸਿੰਘ ਜੀ ਅਬੁਲ ਖੁਰਾਣਾ	ਸ. ਦਰਸ਼ਨ ਸਿੰਘ ਜੀ ਈਸਾਪੁਰ
29 ਨਵੰਬਰ, 1995	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਤੋਤਾ ਸਿੰਘ ਜੀ	ਜਥੇ: ਉਜਾਗਰ ਸਿੰਘ ਜੀ ਰੰਘਰੇਟਾ	ਸ. ਦਰਸ਼ਨ ਸਿੰਘ ਜੀ ਈਸਾਪੁਰ
20 ਦਸੰਬਰ, 1996	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਸੁਖਦੇਵ ਸਿੰਘ ਜੀ ਭੌਰ	ਸ. ਕੇਵਲ ਸਿੰਘ ਜੀ ਬਾਦਲ	ਸ. ਬਲਬੀਰ ਸਿੰਘ ਜੀ ਨੁਸ਼ਹਿਰਾ ਪੰਨੂਆਂ
28 ਨਵੰਬਰ, 1997	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਸੁਖਦੇਵ ਸਿੰਘ ਜੀ ਭੌਰ	ਸ. ਕੇਵਲ ਸਿੰਘ ਜੀ ਬਾਦਲ	ਸ. ਬਲਬੀਰ ਸਿੰਘ ਜੀ ਨੁਸ਼ਹਿਰਾ ਪੰਨੂਆਂ
23 ਅਕਤੂਬਰ, 1998	ਸ. ਗੁਰਚਰਨ ਸਿੰਘ ਜੀ ਟੌਹੜਾ	ਸ. ਸੁਖਦੇਵ ਸਿੰਘ ਜੀ ਭੌਰ	ਸ. ਕੇਵਲ ਸਿੰਘ ਜੀ ਬਾਦਲ	ਸ. ਬਲਬੀਰ ਸਿੰਘ ਜੀ ਨੁਸ਼ਹਿਰਾ ਪੰਨੂਆਂ
16 ਮਾਰਚ, 1999	ਬੀਬੀ ਜਗੀਰ ਕੌਰ ਜੀ ਬੇਗੋਵਾਲ	ਸ. ਬਲਬੀਰ ਸਿੰਘ ਜੀ ਨੁਸ਼ਹਿਰਾ ਪੰਨੂਆਂ	ਸ. ਕੇਵਲ ਸਿੰਘ ਜੀ ਬਾਦਲ	ਸ. ਹਰਦਲਬੀਰ ਸਿੰਘ ਜੀ ਸ਼ਾਹ
10 ਨਵੰਬਰ, 1999	ਬੀਬੀ ਜਗੀਰ ਕੌਰ ਜੀ ਬੇਗੋਵਾਲ	ਸ. ਬਲਬੀਰ ਸਿੰਘ ਜੀ ਨੁਸ਼ਹਿਰਾ ਪੰਨੂਆਂ	ਸ. ਕੇਵਲ ਸਿੰਘ ਜੀ ਬਾਦਲ	ਸ. ਹਰਦਲਬੀਰ ਸਿੰਘ ਜੀ ਸ਼ਾਹ
30 ਨਵੰਬਰ, 2000	ਜਥੇ: ਜਗਦੇਵ ਸਿੰਘ ਜੀ ਤਲਵੰਡੀ	ਸ. ਬਲਬੀਰ ਸਿੰਘ ਜੀ ਨੁਸ਼ਹਿਰਾ ਪੰਨੂਆਂ	ਸ. ਕੇਵਲ ਸਿੰਘ ਜੀ ਬਾਦਲ	ਬੀਬੀ ਕਿਰਨਜੋਤ ਕੌਰ ਜੀ
27 ਨਵੰਬਰ, 2001	ਸ. ਕਿਰਪਾਲ ਸਿੰਘ ਜੀ ਬਡੂੰਗਰ	ਸ. ਅਲਵਿੰਦਰਪਾਲ ਸਿੰਘ ਜੀ ਪੱਖੋਕੇ	ਸ. ਕੇਵਲ ਸਿੰਘ ਜੀ ਬਾਦਲ	ਬੀਬੀ ਕਿਰਨਜੋਤ ਕੌਰ ਜੀ
12 ਨਵੰਬਰ, 2002	ਸ. ਕਿਰਪਾਲ ਸਿੰਘ ਜੀ ਬਡੂੰਗਰ	ਸ. ਅਲਵਿੰਦਰਪਾਲ ਸਿੰਘ ਜੀ ਪੱਖੋਕੇ	ਸ. ਕੇਵਲ ਸਿੰਘ ਜੀ ਬਾਦਲ	ਸ. ਹਰਦਲਬੀਰ ਸਿੰਘ ਜੀ ਸ਼ਾਹ
27 ਜੁਲਾਈ, 2003	ਜਥੇ: ਗੁਰਚਰਨ ਸਿੰਘ ਜੀ ਟੌਹੜਾ	ਸ. ਅਲਵਿੰਦਰਪਾਲ ਸਿੰਘ ਜੀ ਪੱਖੋਕੇ	ਸ. ਕੇਵਲ ਸਿੰਘ ਜੀ ਬਾਦਲ	ਸ. ਹਰਦਲਬੀਰ ਸਿੰਘ ਜੀ ਸ਼ਾਹ
20 ਨਵੰਬਰ, 2003	ਜਥੇ: ਗੁਰਚਰਨ ਸਿੰਘ ਜੀ ਟੌਹੜਾ	ਸ. ਅਲਵਿੰਦਰਪਾਲ ਸਿੰਘ ਜੀ ਪੱਖੋਕੇ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ
23 ਸਤੰਬਰ, 2004	ਬੀਬੀ ਜਗੀਰ ਕੌਰ ਜੀ ਬੇਗੋਵਾਲ	ਸ. ਗੁਰਪਾਲ ਸਿੰਘ ਜੀ ਗੋਰਾ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ
23 ਨਵੰਬਰ, 2005	ਸ. ਅਵਤਾਰ ਸਿੰਘ ਜੀ ਮੱਕੜ	ਸ. ਰਘੂਜੀਤ ਸਿੰਘ ਜੀ ਵਿਰਕ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ
25 ਨਵੰਬਰ, 2006	ਸ. ਅਵਤਾਰ ਸਿੰਘ ਜੀ ਮੱਕੜ	ਸ. ਰਘੂਜੀਤ ਸਿੰਘ ਜੀ ਵਿਰਕ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ
23 ਨਵੰਬਰ, 2007	ਸ. ਅਵਤਾਰ ਸਿੰਘ ਜੀ ਮੱਕੜ	ਸ. ਰਘੂਜੀਤ ਸਿੰਘ ਜੀ ਵਿਰਕ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ
22 ਨਵੰਬਰ, 2008	ਸ. ਅਵਤਾਰ ਸਿੰਘ ਜੀ ਮੱਕੜ	ਸ. ਰਘੂਜੀਤ ਸਿੰਘ ਜੀ ਵਿਰਕ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ
25 ਨਵੰਬਰ, 2009	ਸ. ਅਵਤਾਰ ਸਿੰਘ ਜੀ ਮੱਕੜ	ਸ. ਰਘੂਜੀਤ ਸਿੰਘ ਜੀ ਵਿਰਕ	ਸ. ਕੇਵਲ ਸਿੰਘ ਜੀ ਬਾਦਲ	ਸ. ਸੁਖਦੇਵ ਸਿੰਘ ਜੀ ਭੌਰ

ਮੈਂਬਰ ਸਾਹਿਬਾਨ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

(02 ਅਕਤੂਬਰ 1926 ਤੋਂ 05 ਮਾਰਚ, 2010 ਤੀਕ)

02 ਅਕਤੂਬਰ, 1926

ਸ. ਭਾਗ ਸਿੰਘ ਜੀ
ਸ. ਮੰਗਲ ਸਿੰਘ ਜੀ ਅਕਾਲੀ
ਸ. ਜਸਵੰਤ ਸਿੰਘ ਜੀ, ਝਬਾਲ
ਸ. ਕੁੰਦਨ ਸਿੰਘ ਜੀ
ਸ. ਮਾਨ ਸਿੰਘ ਜੀ
ਸ. ਸ਼ੇਰ ਸਿੰਘ ਜੀ ਗਿਆਨੀ
ਸ. ਮਹਿੰਦਰ ਸਿੰਘ ਜੀ
ਸ. ਬਚਿੱਤਰ ਸਿੰਘ ਜੀ

08 ਅਕਤੂਬਰ, 1927

ਸ. ਭਾਗ ਸਿੰਘ ਜੀ ਵਕੀਲ, ਗੁਰਦਾਸਪੁਰ
ਸ. ਭਾਗ ਸਿੰਘ ਜੀ ਕੈਨੇਡੀਅਨ
ਸ. ਜਸਵੰਤ ਸਿੰਘ ਜੀ ਦਾਨੇਵਾਲ
ਗਿ: ਕਰਤਾਰ ਸਿੰਘ ਜੀ ਲਾਇਲਪੁਰੀ
ਗਿ: ਸ਼ੇਰ ਸਿੰਘ ਜੀ
ਸ. ਬਹਾਦਰ ਸ. ਮਹਿਤਾਬ ਸਿੰਘ ਜੀ
ਸ. ਮੰਗਲ ਸਿੰਘ ਜੀ ਐਡੀਟਰ 'ਅਕਾਲੀ'

18 ਅਕਤੂਬਰ, 1928

ਸ. ਮੰਗਲ ਸਿੰਘ ਜੀ
ਸ. ਬਖ਼ਸ਼ੀਸ਼ ਸਿੰਘ ਜੀ
ਸ. ਭਾਗ ਸਿੰਘ ਜੀ ਵਕੀਲ
ਗਿ: ਸ਼ੇਰ ਸਿੰਘ ਜੀ
ਸ. ਹਰੀ ਸਿੰਘ ਜੀ ਜਲੰਧਰੀ
ਗਿ: ਕਰਤਾਰ ਸਿੰਘ ਜੀ ਲਾਇਲਪੁਰੀ
ਸ. ਜਸਵੰਤ ਸਿੰਘ ਜੀ ਦਾਨੇਵਾਲ
ਭਗਤ ਜਸਵੰਤ ਸਿੰਘ ਜੀ

01 ਨਵੰਬਰ, 1929

ਸ. ਭਾਗ ਸਿੰਘ ਜੀ ਗੁਰਦਾਸਪੁਰੀ
ਸ. ਹਰੀ ਸਿੰਘ ਜੀ ਜਲੰਧਰੀ
ਗਿ: ਕਰਤਾਰ ਸਿੰਘ ਜੀ ਲਾਇਲਪੁਰੀ
ਸ. ਬਖ਼ਸ਼ੀਸ਼ ਸਿੰਘ ਜੀ, ਭਮੱਦੀ
ਜਥੇ: ਊਧਮ ਸਿੰਘ ਜੀ, ਨਾਗੋਕੇ
ਸ. ਭਗਤ ਸਿੰਘ ਜੀ, ਕੋਟ ਸੰਧਾਂ
ਸ. ਮਾਨ ਸਿੰਘ ਜੀ, ਸਰਗੋਧਾ

09 ਜੂਨ, 1930

ਸ. ਭਾਗ ਸਿੰਘ ਜੀ ਵਕੀਲ
ਸ. ਸੇਵਾ ਸਿੰਘ ਜੀ, ਠੀਕਰੀਵਾਲਾ
ਸ. ਮਹਿੰਦਰ ਸਿੰਘ ਜੀ, ਸਿੱਧਵਾਂ
ਸ. ਪ੍ਰਤਾਪ ਸਿੰਘ ਜੀ ਸ਼ੰਕਰ
ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ
ਸ.ਬ. ਮਹਿਤਾਬ ਸਿੰਘ ਜੀ, ਲਾਹੌਰ
ਸ. ਮੰਗਲ ਸਿੰਘ ਜੀ, ਲਾਹੌਰ
ਭਗਤ ਜਸਵੰਤ ਸਿੰਘ ਜੀ, ਲਾਹੌਰ
ਗਿ: ਸ਼ੇਰ ਸਿੰਘ ਜੀ, ਅੰਮ੍ਰਿਤਸਰ
ਸ. ਮਾਨ ਸਿੰਘ ਜੀ, ਸਰਗੋਧਾ
ਸ. ਹਰਬਖ਼ਸ਼ ਸਿੰਘ ਜੀ, ਹੁਸ਼ਿਆਰਪੁਰ

12 ਅਕਤੂਬਰ, 1930

ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ
ਸ. ਮਾਨ ਸਿੰਘ ਜੀ, ਸਰਗੋਧਾ
ਗਿ: ਸ਼ੇਰ ਸਿੰਘ ਜੀ, ਅੰਮ੍ਰਿਤਸਰ
ਸ. ਮਹਿੰਦਰ ਸਿੰਘ ਜੀ, ਸਿੱਧਵਾਂ
ਸ. ਸੇਵਾ ਸਿੰਘ ਜੀ, ਠੀਕਰੀਵਾਲਾ
ਭਗਤ ਜਸਵੰਤ ਸਿੰਘ ਜੀ
ਸ. ਬਖ਼ਸ਼ੀਸ਼ ਸਿੰਘ ਜੀ, ਚੱਕ ਬਿਲਗਾ (ਜਲੰਧਰ)

04 ਅਕਤੂਬਰ, 1931

ਗਿ: ਸ਼ੇਰ ਸਿੰਘ ਜੀ, ਅੰਮ੍ਰਿਤਸਰ
ਸ. ਮਹਿੰਦਰ ਸਿੰਘ ਜੀ, ਸਿੱਧਵਾਂ
ਭਗਤ ਜਸਵੰਤ ਸਿੰਘ ਜੀ
ਸ. ਵਰਿਆਮ ਸਿੰਘ ਜੀ ਧੁੱਤ
ਸ. ਵਸਾਵਾ ਸਿੰਘ ਜੀ ਗੁਰਦਾਸਪੁਰੀ
ਸ. ਈਸ਼ਰ ਸਿੰਘ ਜੀ ਫ਼ਿਰੋਜ਼ਪੁਰੀ
ਸ. ਹਰੀ ਸਿੰਘ ਜੀ, ਜਲੰਧਰ

27 ਨਵੰਬਰ, 1932

ਗਿ: ਸ਼ੇਰ ਸਿੰਘ ਜੀ, ਅੰਮ੍ਰਿਤਸਰ
ਸ. ਮਹਿੰਦਰ ਸਿੰਘ ਜੀ, ਸਿੱਧਵਾਂ
ਭਗਤ ਜਸਵੰਤ ਸਿੰਘ ਜੀ
ਸ. ਵਰਿਆਮ ਸਿੰਘ ਜੀ ਧੁੱਤ
ਸ. ਵਸਾਵਾ ਸਿੰਘ ਜੀ ਗੁਰਦਾਸਪੁਰੀ
ਸ. ਈਸ਼ਰ ਸਿੰਘ ਜੀ ਫ਼ਿਰੋਜ਼ਪੁਰੀ
ਸ. ਹਰੀ ਸਿੰਘ ਜੀ, ਜਲੰਧਰ

17 ਜੂਨ, 1933

ਮਾਸਟਰ ਤਾਰਾ ਸਿੰਘ ਜੀ
ਸ. ਮੰਗਲ ਸਿੰਘ ਜੀ
ਸ. ਜਸਵੰਤ ਸਿੰਘ ਜੀ ਦਾਨੇਵਾਲ
ਗਿ: ਕਰਤਾਰ ਸਿੰਘ ਜੀ ਲਾਇਲਪੁਰੀ
ਪ੍ਰੋ. ਗੰਗਾ ਸਿੰਘ ਜੀ
ਸ. ਚੰਨਣ ਸਿੰਘ ਜੀ, ਉਰਾੜਾ
ਸ. ਪਿਆਰਾ ਸਿੰਘ ਜੀ ਲੰਗੇਰੀ
ਗਿ: ਸ਼ੇਰ ਸਿੰਘ ਜੀ, ਅੰਮ੍ਰਿਤਸਰ
ਸ. ਸੁਖਦੇਵ ਸਿੰਘ ਜੀ, ਕਟਾਣੀ ਕਲਾਂ
ਸ. ਕਰਤਾਰ ਸਿੰਘ ਜੀ ਵਕੀਲ, ਫ਼ਿਰੋਜ਼ਪੁਰ

18 ਜੂਨ, 1933

ਮਾਸਟਰ ਤਾਰਾ ਸਿੰਘ ਜੀ
ਸ. ਮੰਗਲ ਸਿੰਘ ਜੀ
